ਜੁਲਾਈ 2024

# ਗੁਰਮਤਿ ਵਿਰਸਾ

## GURMAT VIRSA ਗੁਰਮਤਿ ਵਿਰਸਾ

ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

Year-5, Issue-12, July 2024, Ludhiana gurmatvirsa@gmail.com Multilingual Price 25/-




# ਗੁਰਸਿੱਖੀ ਨੂੰ ਪ੍ਰਫੁੱਲਿਤ ਕਰਨ ਵਿਚ ਸਹਾਈ ਹੋ ਰਹੇ ਵੱਡੀ ਗਿਣਤੀ ਵਿਚ ਲੱਗ ਰਹੇ ਗੁਰਮਤਿ ਕੈਂਪ

# ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬ ਦੇ ਵੱਖ ਵੱਖ ਸਕੂਲਾਂ/ਗੁਰਦੁਆਰਿਆਂ ਵਿਖੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਡੀ ਗਿਣਤੀ ਵਿਚ ਗੁਰਮਤਿ ਕੈਂਪ ਲਗਾਏ ਗਏ





ਕੇਂਦਰ ਖਨਾਲ ਖੁਰਦ ਵਲੋਂ ਪਿੰਡ ਦੁਗਾਲ (ਪਟਿਆਲਾ) ਵਿਖੇ 3 ਤੋਂ 8 ਜੂਨ ਤਕ ਗੁਰਮਤਿ ਕੈਂਪ ਲਗਾਇਆ ਗਿਆ। ਜਿਸ ਵਿਚ ਕਈ ਪਿੰਡਾਂ ਦੇ ਬੱਚਿਆਂ ਨੇ ਹਿੱਸਾ ਲਿਆ।



ਕੇਂਦਰ ਅੱਪਰਾ ਵਲੋਂ ਪਿੰਡ ਹੁਸੈਣਪੁਰਾ (ਲੁਧਿਆਣਾ) ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਨਵਾਂਸ਼ਹਿਰ ਵਲੋਂ ਪਿੰਡ ਦੌਲਤਪੁਰ ਦੇ ਬੱਬਰ ਕਰਮ ਸਿੰਘ ਮੈਮੋਰੀਅਲ ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਨਵਾਂਸ਼ਹਿਰ ਵਲੋਂ ਪਿੰਡ ਮਜਾਰੀ ਦੇ ਗੁਰੂ ਨਾਨਕ ਬੱਬਰ ਅਕਾਲੀ ਮੈਮੋਰੀਅਲ ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।





ਕੇਂਦਰ ਚੱਕ ਕਲਾਂ ਵਿਖੇ ਗਰਮੀਆਂ ਦੀ ਛੁੱਟੀਆਂ ਦੌਰਾਨ ਗੁਰਦੁਆਰਾ ਸਿੰਘ ਸਭਾ ਵਿਚ ਗੁਰਮਤਿ ਕੈਂਪ ਲਗਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਵਲੋਂ ਸ਼ਮੂਲੀਅਤ ਕੀਤੀ ਗਈ। ਉਪਰੰਤ ਬੱਚਿਆਂ ਨੂੰ ਸ਼ੀਲਡਾਂ ਵੰਡ ਕੇ ਸਨਮਾਨਤ ਕੀਤਾ ਗਿਆ



ਕੇਂਦਰ ਚੱਕ ਕਲਾਂ ਵਲੋਂ ਲਗਾਏ ਗੁਰਮਤਿ ਕੈਂਪ ਦੌਰਾਨ ਬੱਚਿਆਂ ਦਾ ਧਾਰਮਿਕ ਪੇਪਰ ਲਿਆ ਗਿਆ।



ਪਿੰਡ ਚਾਨੀਆ (ਕੇਂਦਰ ਚੱਕ ਕਲਾਂ) ਵਿਖੇ ਲੱਗਾ ਬੱਚਿਆਂ ਦਾ ਗੁਰਮਤਿ ਕੈਂਪ



ਕੇਂਦਰ ਮਾਲੂਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

# ਗੁਰਮਤਿ ਵਿਰਸਾ

ਜੁਲਾਈ 2024 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ

## ਹਾੜ੍ਹ-ਸਾਵਣ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖਤ ਸਾਹਿਬ ਦਾ ਨੀਂਹ ਪੱਥਰ: 18 ਹਾੜ੍ਹ (2 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਛੇਵੀਂ : 21 ਹਾੜ੍ਹ (5 ਜੁਲਾਈ)
- ਸ਼ਹੀਦੀ ਭਾਈ ਮਨੀ ਸਿੰਘ ਜੀ : 25 ਹਾੜ੍ਹ (9 ਜੁਲਾਈ)
- ਸ਼ਹੀਦੀ ਭਾਈ ਤਾਰੂ ਸਿੰਘ ਜੀ : 1 ਸਾਵਣ (16 ਜੁਲਾਈ)
- ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ : 6 ਸਾਵਣ (21 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਅੱਠਵੀਂ : 15 ਸਾਵਣ (30 ਜੁਲਾਈ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ | 11 |
| ਸ਼੍ਰੋਮਣੀ ਕਮੇਟੀ ਦੀਆਂ ਵੋਟਰ ਸੂਚੀਆਂ ਬਨਾਮ ਸਿੱਖਾਂ ਦੀ... | 14 |
| ਅਕਾਲ ਤਖਤ ਸਾਹਿਬ ਦੀ ਸਿਰਜਨਾ, ਸਿੱਖ ਇਤਿਹਾਸ ਵਿਚ... | 16 |
| ਰੱਬੀ ਗੁਣਾਂ ਨੂੰ ਸਮਝਣਾ | 19 |
| ਨਸ਼ਿਆਂ ਰਾਹੀਂ ਸਰੀਰਕ ਅਤੇ ਆਰਥਿਕ ਬਰਬਾਦੀ | 20 |
| ਨੰਨੇ ਵਾਰਸ | 22 |
| ਸਾਡਾ ਇਤਿਹਾਸ ਨੰ. 2 | 24 |
| ਪਰਾਲੀ ਤੇ ਹੋਰ ਫਸਲੀ ਰਹਿੰਦ-ਖੂਹਿੰਦ ਦੇ ਨਿਪਟਾਰੇ ਦਾ ਇਕੋ... | 26 |
| ਜੰਗ ਦਾ ਖਮਿਆਜ਼ਾ ਹਮੇਸ਼ਾਂ ਬੇਕਸੂਰ ਔਰਤਾਂ ਅਤੇ ਮਾਸੂਮ... | 28 |
| ਕਾਵਿ ਕਿਆਰੀ | 30 |
| ...ਗੁਰਮਤਿ ਪ੍ਰਚਾਰ ਕੈਂਪਾਂ ਦੀ ਸੰਖੇਪ ਰਿਪੋਰਟ | 31 |
| **ਭਾਈ ਤਾਰੂ ਸਿੰਘ ਜੀ ਸ਼ਹੀਦ** | **32** |
| Bhagat Sadhna Ji | 34 |
| ਸਿਹਤ ਸੰਭਾਲ | 36 |
| ਸਾਡੀ ਖੇਤੀ | 38 |
| ਗੁਰਮਤਿ ਸੰਜੋਗ | 40 |
| ਮਈ ਮਹੀਨੇ ਦੀਆਂ ਸਰਗਰਮੀਆਂ | 41 |




## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਸ਼੍ਰੋਮਣੀ ਅਕਾਲੀ ਦਲ ਦੀ ਦਾਸਤਾਨ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਪੰਜਾਬ ਵਿੱਚ ਹਲੇਮੀ ਰਾਜ ਦੀ ਸਥਾਪਤੀ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਾਂਦੇੜ ਤੋਂ ਪੰਜਾਬ ਭੇਜਿਆ। ਬਾਬਾ ਬੰਦਾ ਸਿੰਘ ਨੇ ਸਰਹੰਦ ਫਤਿਹ ਕਰਕੇ ਆਪਣੀ ਹਕੂਮਤ ਕਾਇਮ ਕਰ ਲਈ ਪਰ ਲੰਮਾ ਸਮਾਂ ਰਾਜ ਸਥਾਪਤ ਨਾ ਰਹਿ ਸਕਿਆ। ਅਖੀਰ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਿੱਖ ਸਿਧਾਂਤ ਨੂੰ ਸਮਰਪਿਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਰੀਰਕ, ਮਾਨਸਿਕ ਅਤੇ ਪਰਿਵਾਰਕ ਕਰੜੇ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਮੌਤ ਨੂੰ ਪ੍ਰਵਾਨ ਤਾਂ ਕਰ ਲਿਆ ਪਰ ਸਰਕਾਰ ਅੱਗੇ ਝੁਕੇ ਨਹੀਂ ਸਨ। ਸ਼ਹੀਦੀਆਂ ਦਾ ਦੌਰ ਚਲਿਆ ਜਿਸ ਵਿਚ ਕਾਹਨੂੰਵਾਨ ਦਾ ਛੰਭ ਅਤੇ ਕੁੱਪ ਰਹੀੜੇ ਦਾ ਮੈਦਾਨ ਇਤਿਹਾਸ ਦੇ ਪੰਨਿਆਂ 'ਤੇ ਖ਼ੂਨ ਨਾਲ ਲਿਬੜਿਆ ਹੋਇਆ ਦਿਸਦਾ। ਕਿਸੇ ਸਿੱਖ ਨੇ ਵੀ ਔਖਿਆਈਆਂ ਤੇ ਬਿਖੜਿਆਂ ਪੈਂਡਿਆਂ ਦਾ ਪੰਧ ਤਹਿ ਕਰਦਿਆਂ ਹੋਇਆਂ ਸਿੱਖ ਕੌਮ ਦੇ ਸਿਧਾਂਤਾਂ ਨਾਲ ਸਮਝੌਤਾ ਨਹੀਂ ਕੀਤਾ। 84 ਜੱਥਿਆਂ ਤੋਂ ਬਾਰ੍ਹਾਂ ਮਿਸਲਾਂ ਬਣੀਆਂ ਸਨ। ਸਿੱਖਾਂ ਦੇ ਆਪਸ ਵਿਚ ਮਤ ਭੇਦ ਚਲਦੇ ਹੀ ਰਹਿੰਦੇ ਸਨ ਪਰ ਜਦੋਂ ਕੌਮੀ ਕਾਰਜਾਂ ਦੀ ਲੋੜ ਪੈਂਦੀ ਸੀ ਤਾਂ ਆਪਣੇ ਵਖਰੇਵੇਂ ਪਿੱਛੇ ਰੱਖ ਕੇ ਮਿਲ ਬੈਠ ਕੇ ਵਿਚਾਰਾਂ ਦੀ ਸਾਂਝ ਪਾਉਂਦੇ ਸਨ।

ਇਕ ਸਮਾਂ ਅਜਿਹਾ ਵੀ ਆਇਆ ਜਦੋਂ ਮਿਸਲਾਂ ਦੇ ਜੱਥੇਦਾਰ ਬੁੱਢੇ ਹੋ ਚੁੱਕੇ ਸਨ ਤੇ ਅਗਾਂਹ ਇਹ ਜੱਥੇਦਾਰ ਆਪਣਾ ਕੋਈ ਦੂਜਾ ਮਜ਼ਬੂਤ ਬਦਲ ਨਹੀਂ ਪੈਦਾ ਕਰ ਸਕੇ ਸਨ। ਬਾਰਾਂ ਮਿਸਲਾਂ ਵਿਚੋਂ ਸ਼ੁਕਰਚੱਕੀਆ ਮਿਸਲ ਹੀ ਸਿਰ ਕੱਢਵੀਂ ਹੋ ਨਿਬੜੀ ਸੀ ਕਿਉਂਕਿ ਇਸ ਮਿਸਲ ਦਾ ਆਗੂ ਮਹਾਰਾਜਾ ਰਣਜੀਤ ਸਿੰਘ ਬਹੁਤ ਤੇਜ਼ ਤਰਾਰ ਤੇ ਜਬੇ ਵਾਲਾ ਨੌਜਵਾਨ ਸੀ। ਇਸ ਦੂਰ ਅੰਦੇਸ਼ ਆਗੂ ਨੂੰ ਬਹੁਤ ਹੀ ਨੀਤੀਵੇਤਾ ਔਰਤ ਸਰਦਾਰਨੀ ਸਦਾ ਕੌਰ ਦਾ ਸਹਿਯੋਗ ਪ੍ਰਾਪਤ ਹੋਇਆ। ਦਿੱਲੀ ਗੇਟ ਤੋਂ ਸਦਾ ਕੌਰ ਤੇ ਲਾਹੌਰੀ ਗੇਟ ਤੋਂ ਮਹਾਰਾਜਾ ਰਣਜੀਤ ਸਿੰਘ ਲਾਹੌਰ ਸ਼ਹਿਰ ਵਿਚ ਦਾਖਲ ਹੋਏ। ਬੜੀ ਡੂੰਘੀ ਨੀਤੀ ਨਾਲ ਦੋਹਾਂ ਨੇ ਰਲ ਕੇ ਲਾਹੌਰ 'ਤੇ ਕਬਜ਼ਾ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬੀ ਹਾਸਲ ਕੀਤੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਰੱਜ ਕੇ ਰਾਜ ਭਾਗ ਭੋਗਿਆ ਪਰ ਆਪਣੇ ਮਗਰੋਂ ਕੋਈ ਨੀਤੀਵੇਤਾ ਦੂਰ ਅੰਦੇਸ਼ ਸਿੱਖ ਆਗੂ ਨਹੀਂ ਪੈਦਾ ਕਰ ਸਕਿਆ। ਏਦਾਂ ਵੀ ਕਹਿਆ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਤੋਂ ਮਗਰੋਂ ਸਹੀ ਨੇਤਾ ਦੀ ਚੋਣ ਨਹੀਂ ਕਰ ਸਕਿਆ ਜਿਹੜਾ ਸਾਰਿਆਂ ਨੂੰ ਇਕੱਠੇ ਰੱਖ ਸਕਦਾ ਹੋਵੇ। ਯੋਗ ਨੇਤਾ ਦੀ ਵੱਡੀ ਘਾਟ ਕਰਕੇ ਪੰਜਾਬ ਸਿੱਖ ਨੇਤਾਵਾਂ ਤੋਂ ਵਿਰਵਾ ਹੋ ਗਿਆ।

ਸਿੱਖ ਕੌਮ ਅੰਦਰ ਇਕ ਅਜਿਹਾ ਸਮਾਂ ਵੀ ਆਇਆ ਜਦੋਂ ਉਦਾਸੀਏ ਤੇ ਨਿਰਮਲਿਆਂ ਨੇ ਆਪਣਾ ਪ੍ਰਭਾਵ ਸਿੱਖੀ ਵਿਚ ਪੂਰੀ ਤਰ੍ਹਾਂ ਕਾਇਮ ਕਰ ਲਿਆ ਸੀ। ਇਹਨਾਂ ਦੋਹਾਂ ਸੋਚਾਂ ਨੇ ਸਿੱਖ ਕੌਮ ਦਾ ਹਿੰਦੂਤਵ ਕਰਨ ਵਿਚ ਬੜਾ ਵੱਡਾ ਕਾਰਜ ਕੀਤਾ ਹੈ। ਇਹ ਇਕ ਅਜਿਹਾ ਸਮਾਂ ਸੀ ਜਦੋਂ ਗੁਰਦੁਆਰਿਆਂ ਦੀਆਂ ਦੀਵਾਰਾਂ 'ਤੇ ਰਮਾਇਣ ਤੇ ਮਹਾਂਭਾਰਤ ਨੂੰ ਚਿੱਤਰ ਦੇ ਰੂਪ ਵਿਚ ਚਿਤਰਿਆ ਹੋਇਆ ਸੀ। ਨਿੰਰਕਾਰੀ ਲਹਿਰ ਨੇ ਸਿੱਖੀ ਦੇ ਵਿਹੜੇ ਵਿਚ ਥੋੜਾ ਸੁਧਾਰ ਕਰਦਿਆਂ ਅਨੰਦ ਕਾਰਜ ਨੂੰ ਹਿੰਦੂਤਵ ਦੇ ਪ੍ਰਭਾਵ ਤੋਂ ਮੁਕਤ ਕਰਨ ਦਾ ਉਪਰਾਲਾ ਕੀਤਾ। ਨਿਰਸੰਦੇਹ 1873 ਨੂੰ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿਚ ਆਉਂਦੀ ਹੈ ਜਿਹੜੀ ਨਿਰੋਲ ਪੰਥਕ ਮੁਦਿਆਂ ਦੀ ਗੱਲ ਕਰਦੀ ਸੀ ਅਸਲ ਵਿਚ ਸਿੱਖ ਸਿਧਾਂਤ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਸਮਝਣ ਦਾ ਯਤਨ ਕੀਤਾ ਗਿਆ। 1898 ਵਿਚ ਭਾਈ ਕਾਹਨ ਸਿੰਘ ਨਾਭਾ ਨੇ **ਹਮ ਹਿੰਦੂ ਨਹੀਂ** ਦੀ ਪੁਸਤਕ ਲਿਖ ਕੇ ਸਿੱਖ ਸਿਧਾਂਤ ਨੂੰ ਹਿੰਦੂਤਵ ਨਾਲੋਂ ਪੂਰੀ ਤਰ੍ਹਾਂ ਨਿਖੇੜ ਦਿੱਤਾ। ਭਾਵੇਂ ਇਸ ਦਾ ਖਮਿਆਜ਼ਾ ਉਹਨਾਂ ਨੂੰ ਭੁਗਤਣਾ ਪਿਆ ਸੀ। ਗਿਆਨੀ ਦਿੱਤ ਸਿੰਘ ਹੁਰਾਂ ਨੇ ਸੀਮਤ ਸਾਧਨਾ ਰਾਹੀਂ ਸਿੱਖ ਸਿਧਾਂਤ ਦੀ ਵਾਰਤਾਲਾਪ ਨੂੰ ਕਾਇਮ ਕੀਤਾ।

ਨਾਮਧਾਰੀ ਤੇ ਨਿਰੰਕਾਰੀ ਲਹਿਰਾਂ ਮਧਮ ਪੈ ਗਈਆਂ ਸਨ। ਫਿਰ ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਚੀਫ ਖਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਪੈਦਾ ਹੋਈਆਂ ਸਨ ਜਿਸ ਵਿਚੋਂ ਸ਼੍ਰੋਮਣੀ ਅਕਾਲੀ ਦਲ ਦਾ 1920 ਨੂੰ ਜਨਮ ਹੁੰਦਾ ਹੈ। ਹਰ ਸਿੱਖ ਅਕਾਲੀ ਦਲ ਵਿਚ ਸ਼ਾਮਿਲ ਹੋ ਕੇ ਆਪਣੇ ਵੱਡੇ ਭਾਗ ਸਮਝਦਾ ਸੀ। ਇਹ ਅਜਿਹਾ ਦੌਰ ਸੀ ਜਦੋਂ ਅਕਾਲੀ ਦਲ ਵਿਚ ਸ਼ਾਮਿਲ ਹੋਣ ਵਾਲਾ ਅਕਾਲੀ ਇਹ ਲਿਖ ਕੇ ਦਿੰਦਾ ਸੀ ਕਿ ਜੇ ਮੈਂ ਪੰਥ ਵਾਸਤੇ ਸ਼ਹੀਦ ਹੋ ਗਿਆ ਤਾਂ ਮੈਨੂੰ ਜਾਂ ਮੇਰੇ ਪਰਿਵਾਰ ਨੂੰ ਕੋਈ ਲਾਭ ਨਾ ਦਿੱਤਾ ਜਾਵੇ। ਅਕਾਲੀ ਦਲ ਨੇ ਸਮੁੱਚੀ ਸਿੱਖ ਕੌਮ ਦੇ ਹੱਕਾਂ ਦੀ ਤਰਜਮਾਨੀ ਕਰਨੀ ਸ਼ੁਰੂ ਕੀਤੀ। ਇਸ ਨਵੀਂ ਜਾਗਰਤੀ ਨੇ ਸਿੱਖ ਆਗੂਆਂ ਨੂੰ ਦੋ ਪਾਸਿਆਂ ਤੋਂ ਸੋਚਣ ਲਈ ਮਜ਼ਬੂਰ ਕੀਤਾ ਇਕ ਤਾਂ ਆਪਣਾ ਖੁੱਸਿਆ ਹੋਇਆ ਰਾਜ ਭਾਗ ਪ੍ਰਾਪਤ ਕੀਤਾ ਜਾਏ ਦੂਜਾ ਗੁਰਦੁਆਰਿਆਂ ਵਿਚ ਜਿਹੜੀ ਮਨਮਤ ਆ ਗਈ ਹੈ ਉਸ ਤੋਂ ਕੌਮ ਨੂੰ ਜਾਗਰੂਕ ਕੀਤਾ ਜਾਏ। ਗੁਰਦੁਆਰਾ ਸੁਧਾਰ ਲਹਿਰ ਸਮੇਂ ਅਕਾਲੀ ਦਲ ਵਲੋਂ ਸ਼ਹੀਦੀਆਂ ਦਿੱਤੀਆਂ ਗਈਆਂ ਜਿਸ ਕਰਕੇ ਅਕਾਲੀਆਂ ਨੂੰ ਸ਼ਹੀਦਾਂ ਦੀ ਜੱਥੇਬੰਦੀ ਦੇ ਨਾਂ ਨਾਲ ਯਾਦ ਕੀਤਾ ਜਾਣ ਲੱਗ ਪਿਆ। ਇਹ ਇਕ ਅਜਿਹਾ ਸਮਾਂ ਸੀ ਜਦੋਂ ਅਕਾਲੀ ਦਲ ਦੀਆਂ ਨੀਤੀਆਂ ਸਿੱਖ ਕੌਮ ਦਾ ਪੜ੍ਹਿਆ ਲਿਖਿਆ ਵਰਗ ਤਹਿ ਕਰਦਾ ਹੁੰਦਾ ਸੀ।

ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਾਉਣ ਲਈ ਕਾਂਗਰਸ ਪਾਰਟੀ ਨੇ ਅੱਗੇ ਹੋ ਕੇ ਅਗਵਾਈ ਕੀਤੀ ਜਿਸ ਦਾ ਅਕਾਲੀ ਦਲ ਨੇ ਪੂਰਾ ਸਾਥ ਦਿੱਤਾ। ਇਹ ਅਜਿਹਾ ਸਮਾਂ ਸੀ ਜਦੋਂ ਅਕਾਲੀ ਦਲ ਵਾਲੇ ਕਾਂਗਰਸ ਨਾਲ ਰਲ ਮਿਲ ਕੇ ਹੀ ਚਲਦੇ ਸਨ। ਮੁਲਕ ਅਜ਼ਾਦ ਹੋ ਗਿਆ। ਸਿੱਖ ਕੌਮ ਦੇ ਆਗੂਆਂ ਨੇ ਆਪਣੇ ਆਪ ਨੂੰ ਭਾਰਤੀਆਂ ਨਾਲ ਰਹਿਣ ਦਾ ਫੈਸਲਾ ਕਰ ਲਿਆ। ਇੰਝ ਮਹਿਸੂਸ ਹੁੰਦਾ ਹੈ ਕਿ ਸਿੱਖ ਨੇਤਾਵਾਂ ਦਾ ਇਹ ਫੈਸਲਾ ਦੁਬਿਧਾ ਵਾਲੀ ਬਿਰਤੀ ਦਾ ਸੀ ਜਾਂ ਸਿੱਖ ਆਗੂ ਹਨੇਰੇ ਵਿਚ ਹੀ ਡਾਂਗਾ ਮਾਰਦੇ ਰਹੇ-ਕਿ ਅਜ਼ਾਦ ਭਾਰਤ ਵਿਚ ਸਾਡਾ ਵੱਖਰਾ ਇਕ ਖਿੱਤਾ ਹੋਏਗਾ ਜਿੱਥੇ ਅਸੀਂ ਅਜ਼ਾਦੀ ਦਾ ਨਿੱਘ ਮਾਣ ਸਕਾਂਗੇ। ਜਨੀ ਕਿ ਆਪਣੀ ਕੌਮ ਲਈ ਕੋਈ ਸਮਰਥ ਫੈਸਲਾ ਨਾ ਲੈ ਸਕੇ ਜਿਸ ਦਾ ਖਮਿਆਜ਼ਾ ਪੰਜਾਬ ਵਾਸੀਆਂ ਨੂੰ ਆਪਣਾ ਖ਼ੂਨ ਦੇ ਕੇ ਭੁਗਤਣਾ ਪਿਆ। ਉਝੜੇ ਸਿੱਖਾਂ ਨੂੰ ਸਿਰ ਲਕਾਉਣ ਦੀ ਥਾਂ 'ਤੇ ਜ਼ਰਾਇਮ ਪੇਸ਼ਾ ਵਰਗੇ ਸ਼ਬਦਾਂ ਨਾਲ ਹੀ ਭਾਰਤ ਵਿਚ ਵੱਸਣਾ ਪਿਆ ਪਰ ਹੁਣ ਸਮਾਂ ਹੱਥੋਂ ਨਿਕਲ ਚੁੱਕਿਆ ਸੀ।

22 ਦਸੰਬਰ 1953 ਬਣੇ ਕਮਿਸ਼ਨ ਨੇ ਮੁਲਕ ਦੇ ਸੂਬਿਆਂ ਨੂੰ ਬੋਲੀ ਦੇ ਅਧਾਰਤ ਵੰਡ ਦਿੱਤਾ ਗਿਆ ਪਰ ਪੰਜਾਬ ਨੂੰ ਬਣਦਾ ਹੱਕ ਨਹੀਂ ਦਿੱਤਾ ਗਿਆ। ਸਿੱਖ ਕੌਮ ਦੇ ਆਗੂਆਂ ਨੇ ਪੰਜਾਬੀ ਸੂਬੇ ਦਾ ਨਾਅਰਾ ਲਗਾਇਆ ਤਾਂ ਕੇਂਦਰੀ ਸਰਕਾਰ ਵਲੋਂ 6 ਅਪ੍ਰੈਲ 1955 ਨੂੰ ਇਸ ਨਾਅਰੇ ਤੇ ਪਾਬੰਧੀ ਲਗਾਈ ਗਈ। ਅਜ਼ਾਦ ਭਾਰਤ ਵਿਚ ਸਿੱਖ ਕੌਮ ਨੂੰ ਅਜ਼ਾਦੀ ਦਾ ਇਹ ਪਹਿਲਾ ਤੋਹਫਾ ਦਿੱਤਾ ਗਿਆ ਸੀ। ਅਖੀਰ ਨੂੰ ਕੇਂਦਰੀ ਸਰਕਾਰ ਵਲੋਂ 12 ਜੁਲਾਈ 1955 ਨੂੰ ਇਹ ਪਾਬੰਦੀ ਹਟਾਈ ਗਈ। ਬੜੀ ਜਦੋ-ਜਹਿਦ ਨਾਲ 1966 ਨੂੰ ਪੰਜਾਬੀ ਸੂਬਾ ਤਾਂ ਨਾ ਬਣਿਆ ਪਰ ਪੰਜਾਬੀ ਸੂਬੀ ਜ਼ਰੂਰ ਬਣ ਗਈ। ਪੰਜਾਬ ਕੋਲੋਂ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀ ਖੋਹੇ ਗਏ। ਪੰਜਾਬੀ ਸੂਬੀ ਬਣਨ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦਾ ਸਿੱਖ ਸਿਧਾਂਤ ਵਲੋਂ ਖੁਰਨਾ ਸ਼ੁਰੂ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਬਚਾਉਣ ਲਈ ਅੱਕੀਂ ਪਲਾਈਂ ਹੱਥ ਮਾਰਨ ਲੱਗ ਪਿਆ। ਸਿੱਖ ਸਿਧਾਂਤ ਨੂੰ ਬਚਾਉਣ ਤੇ ਪ੍ਰਚਾਰਨ ਲਈ ਕੋਈ ਸੁਚੱਜਾ ਪ੍ਰਬੰਧ ਨਹੀਂ

ਕੀਤਾ ਗਿਆ।

ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਤਾਂਘ ਵਿਚ ਕਈ ਅਕਾਲੀ ਦਲ ਪੈਦਾ ਹੁੰਦੇ ਗਏ। ਆਪੇ ਬਣੇ ਅਕਾਲੀਏ ਹੁਣ ਕੌਮ ਲਈ ਨਹੀਂ ਬਲ ਕੇ ਆਪੋ ਆਪਣੀ ਹੋਂਦ ਤੇ ਪਰਿਵਾਰਕ ਲਾਲਚ ਨੂੰ ਮੁੱਖ ਰੱਖਣ ਲੱਗ ਪਏ ਸਨ। ਸ: ਪ੍ਰਕਾਸ਼ ਸਿੰਘ ਬਾਦਲ ਦੀ ਮੁੱਖ ਮੰਤਰੀ ਵਾਲੀ ਤਾਂਘ ਨੇ ਬਾਕੀ ਨੇਤਾਵਾਂ ਨੂੰ ਪੱਕੇ ਤੌਰ 'ਤੇ ਖੂੰਝੇ ਲਗਾ ਦਿੱਤਾ।

ਅਕਾਲੀ ਦਲ ਨੇ ਆਪਣੀ ਰਹਿੰਦੀ ਹੋਂਦ ਬਚਾਉਣ ਲਈ ਅਨੰਦਪੁਰ ਦਾ ਮਤਾ ਲਿਆਂਦਾ ਜਿਹੜਾ ਥੋੜੇ ਸਮੇਂ ਵਿਚ ਹੀ ਛੂਹ ਮੰਤਰ ਹੋ ਗਿਆ। ਉਂਝ ਤਾਂ ਪੰਜਾਬ ਦਾ ਮੁੱਖ ਮੰਤ੍ਰੀ ਉਹੀ ਬਣਦਾ ਰਿਹਾ ਹੈ ਜਿਹੜਾ ਪੰਜਾਬ ਦੇ ਪਾਣੀ ਨੂੰ ਲੁਟਾਉਂਦਾ ਰਿਹਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਭ ਤੋ ਵੱਡੀ ਮਕਾਰੀ ਹੀ ਕਹੀ ਜਾ ਸਕਦੀ ਹੈ ਕਿ ਜਦੋਂ ਪੰਜਾਬ ਦੇ ਮੁੱਖ ਮੰਤ੍ਰੀ ਸ੍ਰ ਬਾਦਲ ਨੇ ਸਤਲੁਜ ਜਮਨਾ ਲਿੰਕ ਨਹਿਰ ਦੀ ਉਸਾਰੀ ਲਈ ਹਰਿਆਣੇ ਦੇ ਮੁੱਖ ਮੰਤ੍ਰੀ ਚੌਧਰੀ ਦੇਵੀ ਲਾਲ ਪਾਸੋਂ ਸੌ ਕ੍ਰੋੜ ਵਸੂਲ ਕਰ ਲਏ ਸਨ ਤਾਂ ਫਿਰ ਇਹ ਕਹਿਣ ਕੇ ਅਸੀਂ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਹਰਿਆਣੇ ਨੂੰ ਨਹੀਂ ਦੇਣੀ। ਕੀ ਇਤਿਹਾਸ ਇਹਨਾਂ ਨੂੰ ਮੁਆਫ ਕਰੇਗਾ?

ਸੌ ਕਰੋੜ ਪ੍ਰਾਪਤ ਕਰਨ ਵਾਲਾ ਮੁੱਖ ਮੰਤਰੀ ਮੁੜ ਪੰਜਾਬ ਦੇ ਵਾਸੀਆਂ ਨੂੰ ਮੋਰਚਿਆਂ ਵਿਚ ਝੋਕ ਦੇਵੇ। ਇਤਿਹਾਸ ਵਿਚ ਇਹ ਗੱਲਾਂ ਸਦਾ ਚੁੱਭਦੀਆਂ ਰਹਿਣਗੀਆਂ।

ਗੱਲ ਪੰਜਾਬ ਦੇ ਪਾਣੀਆਂ, ਪੰਜਾਬੀ ਬੋਲੀ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਭਾਰਤੀ ਫੌਜ ਵਿੱਚ ਸਿੱਖਾਂ ਦੀ ਭਰਤੀ ਦੀ ਚੱਲੀ ਸੀ। ਪੰਜਾਬ ਦੀ ਨੌਜਵਾਨੀ ਨੂੰ ਸਮਝ ਲੱਗੀ ਕਿ ਅਕਾਲੀ ਲੀਡਰਸ਼ਿਪ ਹੁਣ ਗੋਂਗਲੂਆਂ ਤੋਂ ਮਿੱਟੀ ਹੀ ਝਾੜ ਰਹੀ ਹੈ ਤਾਂ ਸਾਨੂੰ ਆਪ ਪੰਜਾਬ ਦੀਆਂ ਇਹ ਮੰਗਾਂ ਜ਼ੋਰ ਸ਼ੋਰ ਨਾਲ ਉਠਾਉਣੀਆਂ ਚਾਹੀਦੀਆਂ ਹਨ। ਅਸਲ ਵਿਚ ਇਹ ਪੰਜਾਬ ਦੀਆਂ ਮੰਗਾਂ ਸਨ ਜਿਹੜੀਆਂ ਕੇਂਦਰ ਦੇਣੀਆਂ ਨਹੀਂ ਚਾਹੁੰਦਾ ਸੀ। ਪੰਜਾਬ ਦੀਆਂ ਹੱਕੀ ਮੰਗਾਂ ਮੰਗਣ ਵਾਲਿਆਂ ਨੂੰ ਅੱਤਵਾਦੀ, ਉਗਰਵਾਦੀ, ਵੱਖਵਾਦੀ, ਆਂਤੰਕਵਾਦੀ ਆਦਿ ਸ਼ਬਦਾਂ ਨਾਲ ਮਹਾਸ਼ਾ ਪ੍ਰੈਸ ਕਿੱਲ੍ਹ ਕਿੱਲ੍ਹ ਦੇਸ਼ ਵਿਰੋਧੀ ਸਾਬਤ ਕਰਨ ਦਾ ਯਤਨ ਕਰਦਾ ਰਿਹਾ ਹੈ। ਭਾਰਤ ਸਰਕਾਰ ਵਲੋਂ ਅਜਿਹੇ ਕਾਨੂੰਨ ਬਣਾਏ ਗਏ ਜਿੰਨ੍ਹਾਂ ਦਾ ਸਹਾਰਾ ਲੈ ਕੇ ਦਿਨ ਦੀਵੀਂ ਪੰਜਾਬ ਦੀ ਨੌਜਵਾਨੀ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ ਅਖੇ ਇਹ ਦੇਸ਼ ਦੇ ਦੁਸ਼ਮਣ ਹਨ।

ਇਹ ਅਜਿਹਾ ਸਮਾਂ ਸੀ ਜਦੋਂ ਸਾਰੇ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਨਾਲ ਸਿੱਖ ਸਿਧਾਂਤ ਦੀ ਲੀਹ ਤੋਂ ਲਹਿ ਗਏ ਸਨ। ਪੰਜਾਬੀ ਸੂਬਾ ਬਣਨ ਓਪਰੰਤ ਸ਼੍ਰੋਮਣੀ ਅਕਾਲੀ ਦਲ ਨੇ ਜਨ ਸੰਘ ਨਾਲ ਪਤੀ ਪਤਨੀ ਦਾ ਰਿਸ਼ਤਾ ਜੋੜ ਲਿਆ ਤੇ ਅਕਾਲੀ ਦਲ ਬਾਦਲ ਉਹਨਾਂ ਦੀ ਪਤਨੀ ਬਣ ਗਿਆ। ਭਾਵ ਸ਼੍ਰੋਮਣੀ ਅਕਾਲੀ ਦਲ ਨੇ ਜਨ ਸੰਘ ਨੂੰ ਆਪਣਾ ਪਤੀ ਪ੍ਰਵਾਨ ਕਰ ਲਿਆ। ਹੁਣ ਸਾਰਾ ਕੁਝ ਪਤੀ ਦੇ ਕਹੇ ਅਨੁਸਾਰ ਹੀ ਹੋਣਾ ਸੀ। ਸ਼ਰੇਆਮ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਸਿੱਖ ਸਿਧਾਂਤ ਦੀਆਂ ਧੱਜੀਆਂ ਉਡਾਈਆਂ, ਆਪਣੇ ਮੱਥੇ 'ਤੇ ਤਿਲਕ ਲਗਾ ਕੇ ਸਾਬਤ ਕਰ ਦਿੱਤਾ ਕਿ ਮੈਂ ਹੁਣ ਅਕਾਲੀ ਨਹੀਂ ਰਿਹਾ ਜੋ ਮੇਰਾ ਪਤੀ ਆਰ. ਐਸ. ਐਸ. ਕਹੇਗਾ ਮੈਂ ਉਹ ਕੁਝ ਹੀ ਕਰਾਂਗਾ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਜਨਰਲ ਸਕੱਤਰ ਦੇਵੀ ਦੀਆਂ ਭੇਟਾਵਾਂ ਪੜ੍ਹਨ ਨੂੰ ਸਿੱਖ ਸਿਧਾਂਤ ਦੀ ਕੋਈ ਅਵੱਗਿਆ ਨਹੀਂ ਗਿਣਦਾ ਤੇ ਨਾ ਹੀ ਸਾਧਾਂ ਕੋਲੋਂ ਆਪਣੇ ਘਰ ਸੰਪਟ ਪਾਠ ਕਰਾਉਣ ਨੂੰ ਕੋਈ ਬੁਰਾ ਗਿਣਦਾ ਹੈ।

ਪੰਜਾਬੀ ਸੂਬਾ ਤਾਂ ਬਣ ਗਿਆ ਪਰ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ, ਸੂਬੇ ਦੀ ਰਾਜਧਾਨੀ ਆਦਿ ਮਸਲੇ ਹੱਲ ਕਰਨ ਦਾ ਕੋਈ ਯਤਨ ਨਹੀਂ ਕੀਤਾ। ਪਰ ਜਦੋਂ ਵੀ ਨਵੀਆਂ ਚੋਣਾਂ ਆਉਂਦੀਆਂ ਰਹੀਆਂ ਅਕਾਲੀ ਦਲ ਬਾਦਲ ਹਮੇਸ਼ਾਂ ਇਹਨਾਂ ਮੁੱਦਿਆਂ ਨੂੰ ਜ਼ੋਰਸ਼ੋਰ ਨਾਲ ਉਠਾਉਂਦਾ ਰਿਹਾ ਹੈ। ਜਦੋਂ ਅਕਾਲੀ ਦਲ ਬਾਦਲ ਰਾਜ ਭਾਗ ਦਾ ਮਾਲਕ ਬਣ ਜਾਂਦਾ ਰਿਹਾ ਹੈ ਤਾਂ ਇਹ ਸਾਰੇ ਮੁੱਦੇ ਲੋਕਾਂ ਨੂੰ ਭੁੱਲਣ ਲਈ ਆਖਦੇ ਸਨ।

ਪੰਜਾਬ ਦੇ ਪਾਣੀ ਦੀ ਲੁੱਟ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਭਾਗੀਦਾਰ ਰਿਹਾ ਹੈ ਪਰ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਪੂਰੀ ਨਹਿਰ ਦਾ ਟੱਕ ਲਗਾਉਣ ਆਉਂਦੀ ਹੈ ਤਾਂ ਅਕਾਲੀ ਦਲ ਪੰਜਾਬ ਦੇ ਪਾਣੀਆਂ ਦਾ ਰਾਖਾ ਬਣ ਕੇ ਅੱਗੇ ਆਉਂਦਾ ਹੈ। ਅਕਾਲੀ ਦਲ ਦੀ ਇਸ ਕਾਰਵਾਈ ਨੂੰ ਨਿਰਾ ਝੱਲਪੁਣਾ ਹੀ ਕਹਿਆ ਜਾ ਸਕਦਾ ਹੈ।

ਉਂਝ ਪੰਜਾਬ ਦੇ ਸਿੱਖਾਂ ਵਲੋਂ ਸਾਰੇ ਅਕਾਲੀ ਦਲਾਂ ਵਿਚੋਂ ਅਕਾਲੀ ਦਲ ਬਾਦਲ ਨੂੰ ਭਰਪੂਰ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ। ਇਕ ਸਮਾਂ ਅਜੇਹਾ ਵੀ ਆਇਆ ਜਦੋਂ ਅਕਾਲੀ ਦਲ ਹੱਥੋਂ ਸਾਰੀ ਕਮਾਂਡ ਨਿਕਲ ਗਈ। ਨੌਜਵਾਨ ਹੱਕੀ ਮੰਗਾਂ ਲਈ ਅੱਗੇ ਆਏ ਸਨ ਨਤੀਜਾ ਪਰਵਾਰਾਂ ਦੇ ਪਰਵਾਰਾਂ ਨੂੰ ਅੱਤਵਾਦੀ ਕਹਿ ਕੇ ਰਾਤ ਦੇ ਹਨੇਰਿਆਂ ਵਿਚ ਹਰੀ ਕੇ ਪੱਤਣ ਵਿਚ ਰੋੜ੍ਹਿਆ ਜਾਂਦਾ ਰਿਹਾ ਹੈ। ਪੰਜਾਬ ਦੇ ਜਾਏ ਪੁਲੀਸ ਅਫਸਰਾਂ ਨੇ ਸ਼ਰਾਰਤੀ ਹਾਸਾ ਹੱਸਦਿਆਂ ਕਹਿਣਾ ਕਿ ਲਓ ਭੁੱਖੀਆਂ ਮੱਛੀਆਂ ਤੁਹਾਨੂੰ ਉਡੀਕ ਰਹੀਆਂ ਹਨ।

ਹੁਣ ਪੰਜਾਬ ਦੇ ਹਾਲਾਤ ਅਜਿਹੇ ਬਣ ਗਏ ਕਿ ਕਈ ਅਕਾਲੀ ਦਲ ਪੈਦਾ ਹੋ ਗਏ ਪਰ ਸਭ ਤੋਂ ਵੱਧ ਤਾਕਤਵਰ ਅਕਾਲੀ ਦਲ ਬਾਦਲ ਹੀ ਰਹਿ ਗਿਆ। 75 ਸਾਲ ਪਹਿਲਾਂ ਜਨਮੇ ਅਕਾਲੀ ਦਲ ਨੂੰ ਫੱਟੜ ਕਰਨ ਲਈ ਸਰਦਾਰ ਬਾਦਲ ਨੇ 1996 ਵਿਚ ਮੋਗਾ ਰੈਲੀ ਕਰਕੇ ਪੂਰੀ ਤਾਕਤ ਨਾਲ ਸਿੱਖ ਵਿਰੋਧੀ ਹੁੱਝ ਮਾਰੀ ਸੀ। ਸਿਧਾਂਤਿਕ ਤੌਰ 'ਤੇ ਅਕਾਲੀ ਦਲ ਮਿੰਟਾਂ ਵਿਚ ਬਿਖਰ ਗਿਆ ਤੇ ਪੰਜਾਬੀ ਪਾਰਟੀ ਦੇ ਰੂਪ ਅਕਾਲੀ ਦਲ ਬਾਦਲ ਦਾ ਨਵਾਂ ਜਨਮ ਹੋਇਆ। ਸਿੱਖ ਸਿਧਾਂਤ ਨੂੰ ਸਮਝਣ ਵਾਲੇ ਅਕਾਲੀਆਂ ਦੀ ਬੋਲਤੀ ਬੰਦ ਹੋ ਗਈ। ਇਹ ਅਕਾਲੀ ਦਲ ਏਦਾਂ ਦਾ ਹੋ ਨਿਬੜਿਆ ਜਿਦਾਂ ਕੋਈ ਚਾਰ ਪਾਵਿਆਂ ਤੋਂ ਬਿਨਾਂ ਮੰਜੀ ਜ਼ਮੀਨ 'ਤੇ ਡਾਹੀ ਹੋਵੇ। ਜ਼ਖ਼ਮੀ ਪੰਛੀ ਵਾਂਗ ਅਕਾਲੀ ਦਲ ਤੜਫਨ ਜੋਗਾ ਰਹਿ ਗਿਆ। ਹੁਣ ਨਵਾਂ ਅਕਾਲੀ ਦਲ ਬਾਦਲ ਪੰਜਾਬੀ ਪਾਰਟੀ ਦੇ ਰੂਪ ਵਿਚ ਪ੍ਰਗਟ ਹੋਇਆ। ਇਸ ਗੁਲਾਬੀ ਅਕਾਲੀ ਦਲ ਦੇ ਜੱਥੇਦਾਰਾਂ ਦੇ ਰੰਗ ਢੰਗ ਜੋਗਿੰਦਰ ਜੈਨ ਦੇ ਰੂਪ ਵਿਚ ਦੇਖੇ ਜਾ ਸਕਦੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਨਵੇਂ ਬਣੇ ਜੱਥੇਦਾਰ ਜੋਗਿੰਦਰ ਜੈਨ ਨੂੰ ਮਿਲਣ ਵਾਸਤੇ ਗਏ ਤਾਂ ਪਤਾ ਲੱਗਿਆ ਜੱਥੇਦਾਰ ਜੋਗਿੰਦਰ ਜੈਨ ਦਾੜ੍ਹੀ ਦੀ ਸ਼ੇਪ ਕਰ ਰਹੇ ਹਨ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਜਾਨ ਕੱਢ ਕੇ ਡੇਰੇਦਾਰਾਂ ਨਾਲ ਸਬੰਧਿਤ ਆਗੂਆਂ ਦੇ ਹੱਥ ਫੜਾ ਦਿੱਤੀ। ਕਹਿਣ ਨੂੰ ਆਲ ਇੰਡੀਆਂ ਸਿੱਖ ਸਟੂਡੈਂਟ ਫੈਡ੍ਰੇਸ਼ਨ ਸੀ ਪਰ ਕਬਜ਼ਾ ਪੰਜਾਹ ਪੰਜਾਹ ਸਾਲ ਦੀ ਉਮਰ ਨੂੰ ਪਾਰ ਕਰ ਚੁੱਕੇ ਖਚਰੇ ਆਗੂਆਂ ਦੇ ਹੱਥ ਪੱਕੇ ਤੌਰ 'ਤੇ ਆ ਗਿਆ ਸੀ।

ਅਕਾਲੀ ਦਲ ਦਾ ਇਕ ਹੋਰ ਵਿੰਗ ਯੂਥ ਅਕਾਲੀ ਦਲ ਜਿਹੜਾ ਕਦੇ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕਰਦਾ ਸੀ ਅੱਜ ਉਹ ਘੋਨ ਮੋਨ ਅਕਾਲੀ ਦਲ ਬਾਦਲ ਦਾ ਦੁੰਮ ਛੱਲਾ ਬਣ ਕੇ ਰਹਿ ਗਿਆ ਹੈ।

1996 ਵਿਚ ਸ਼੍ਰੋਮਣੀ ਅਕਾਲੀ ਦਲ ਐਸਾ ਜ਼ਖਮੀ ਹੋਇਆ ਕਿ ਇਸ ਵਿਚੋਂ ਸਿੱਖ ਸਿਧਾਂਤ ਵਾਲੀ ਰੂਹ ਖਤਮ ਹੋ ਗਈ ਹੈ। ਦਿਖਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹੈ ਪਰ ਰੂਹ ਜਨ ਸੰਘ ਦੀ ਕੰਮ ਕਰ ਰਹੀ ਹੈ। ਇਸ ਗੁਲਾਬੀ ਅਕਾਲੀ ਦਲ ਵਲੋਂ ਹਰ ਸਾਲ ਵੋਟਾਂ ਲੈਣ ਦੀ ਖਾਤਰ ਚੌਰਾਸੀ ਦੇ ਜ਼ਖਮਾਂ ਨੂੰ ਛਿੱਲਿਆ ਜਾਂਦਾ ਰਿਹਾ ਹੈ। ਸਿਤਮ ਜ਼ਰੀਫੀ ਦੀ ਗੱਲ ਦੇਖੋ ਇਹ ਪੰਜਾਬੀ ਪਾਰਟੀ ਕਈ ਵਾਰੀ ਕੇਂਦਰ ਵਿਚ ਅਤੇ ਸਮੁੱਚੇ ਪੰਜਾਬ 'ਤੇ ਰਾਜ ਕੀਤਾ ਹੈ ਪਰ ਸਿੱਖ ਮਸਲਾ ਤੇ ਪੰਜਾਬ ਦਾ ਕੋਈ ਵੀ ਮੁੱਦਾ ਹੱਲ ਨਹੀਂ ਕੀਤਾ। ਪੰਜਾਬੀ ਪਾਰਟੀ ਦੇ ਆਗੂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਰ ਸਟੇਜ 'ਤੇ ਜ਼ੋਰ ਸ਼ੋਰ ਨਾਲ ਆਖਦੇ ਸਨ ਕਿ ਜਿਹੜੇ ਪੁਲੀਸ ਕਰਮੀਆਂ ਨੇ ਵਧੀਕੀਆਂ ਕੀਤੀਆਂ ਹਨ ਉਹਨਾਂ ਨੂੰ ਸਜਾਵਾਂ ਜ਼ਰੂਰ ਦਿਵਾਈਆਂ ਜਾਣਗੀਆਂ। ਰਾਜ ਭਾਗ ਦਾ ਅਨੰਦ ਲਿਆ ਪਰ ਪੁਲੀਸ ਕਰਮੀਆਂ ਦੀ ਇਹ ਢਾਲ ਹੀ ਬਣੇ ਹਨ।

ਪੰਜਾਬੀ ਪਾਰਟੀ ਨੇ ਅਕਾਲੀ ਦਲ ਦਾ ਸਰੂਪ ਰੱਖ ਕੇ ਸ਼੍ਰੋਮਣੀ ਕਮੇਟੀ 'ਤੇ ਵੀ ਪੂਰੀ ਤਰ੍ਹਾਂ ਕਬਜ਼ਾ ਜਮਾ ਲਿਆ ਹੋਇਆ ਹੈ। ਜ਼ਖਮੀ ਹੋਏ ਅਕਾਲੀ ਦਲ ਦੀ ਥਾਂ 'ਤੇ ਪੰਜਾਬੀ ਪਾਰਟੀ ਨੇ ਜਗੋ ਤੇਰ੍ਹਵੀਂ ਕਰਦਿਆਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਭਗਵੇ ਵਿਚ ਰੰਗ ਲਿਆ ਹੈ।

ਸਾਫ਼ ਜ਼ਾਹਿਰ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਅਧੀਨ ਸ਼੍ਰੋਮਣੀ

ਅਕਾਲੀ ਦਲ ਚੱਲਦਾ ਸੀ ਪਰ ਪਰਿਵਾਰਕ ਲਾਲਸਾ ਕਰਕੇ ਅੱਜ ਸ਼੍ਰੋਮਣੀ ਕਮੇਟੀ ਕੇਵਲ ਬਾਦਲ ਪਰਿਵਾਰ ਦੇ ਅਧੀਨ ਹੋ ਕੇ ਰਹਿ ਗਈ ਹੈ। ਕਿਹਾ ਜਾ ਸਕਦਾ ਹੈ ਕਿ ਜੋ ਸ਼੍ਰੋਮਣੀ ਕਮੇਟੀ ਵੀ ਅਜਿਹੇ ਫੈਸਲੇ ਲੈਣ ਲੱਗ ਪਈ ਹੈ ਜਿਹੜੇ ਹਿੰਦੂਤਵ ਨੂੰ ਖੁਸ਼ ਕਰਨ ਵਾਲੇ ਹੀ ਸਨ। ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਤਖਤ ਨੂੰ ਆਪਣੀਆਂ ਲਾਲਸਾਂ ਦੀ ਪੂਰਤੀ ਲਈ ਰੱਖ ਲਿਆ ਹੈ।

ਪ੍ਰੋ. ਮਨਜੀਤ ਸਿੰਘ ਨੇ ਏਨਾ ਹੀ ਕਿਹਾ ਸੀ ਕਿ ਸਾਰੇ ਅਕਾਲੀ ਦਲ ਰਲ ਮਿਲ ਕੇ ਇਕ ਪਲੇਟ ਫਾਰਮ 'ਤੇ ਇਕੱਠੇ ਹੋ ਕੇ ਪੰਥਕ ਮੁੱਦਿਆਂ 'ਤੇ ਕੰਮ ਕਰਨ ਦਾ ਯਤਨ ਕਰੋ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪ੍ਰੋ. ਮਨਜੀਤ ਸਿੰਘ ਨੂੰ ਬਾਥਰੂਮ ਵਿੱਚ ਵੜਨ ਲਈ ਮਜ਼ਬੂਰ ਕਰ ਦਿੱਤਾ। ਬਾਦਲ ਦਲੀਏ ਕੁੰਡੀ ਲਗੇ ਬਾਥਰੂਮ ਨੂੰ ਬਾਹਰੋਂ ਹੀ ਠੁੱਡੇ ਮਾਰ ਮਾਰ ਤੇ ਚੀਕ ਚੀਕ ਕੇ ਲਲਕਾਰੇ ਮਾਰਦੇ ਰਹੇ ਆਇਆ ਵੱਡਾ ਏਕਤਾ ਕਰਾਉਣ ਵਾਲਾ।

2003 ਨੂੰ ਬੜੀ ਮੁਸ਼ਕਲ ਨਾਲ ਨਾਨਕ ਸ਼ਾਹੀ ਕੈਲੰਡਰ ਨੂੰ ਵਿਦਵਾਨਾਂ ਦੀ ਸਿਫਾਰਸ਼ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਤੋਂ ਪਾਸ ਕਰਵਾਇਆ ਸੀ। ਨਾਨਕ ਸ਼ਾਹੀ ਕੈਲੰਡਰ ਆਰ. ਐਸ. ਐਸ. ਲਈ ਸਭ ਤੋਂ ਵੱਡੀ ਚੁਣੌਤੀ ਸੀ ਕਿਉਂਕਿ ਨਾਨਕ ਸ਼ਾਹੀ ਕੈਲੰਡਰ ਨਾਲ ਸਿੱਖ ਕੌਮ ਦੀ ਵੱਖਰੀ ਪਹਿਚਾਨ ਬਣਦੀ ਸੀ। ਜ਼ਖ਼ਮੀ ਹੋਏ ਅਕਾਲੀ ਦਲ ਬਾਦਲ ਨੇ ਇਕੋ ਦਬਕੇ ਨਾਲ ਨਾਨਕ ਸ਼ਾਹੀ ਕੈਲੰਡਰ ਦਾ ਭੋਗ ਪਾ ਦਿੱਤਾ। ਹੁਣ ਰਹਿ ਗਿਆ ਹੈ ਭੰਬਲਭੂਸਾ ਕਿ ਗੁਰਪੁਰਬ ਕਿਹੜੀ ਤਰੀਕ ਦਾ ਸਹੀ ਹੈ।

ਜਿਵੇਂ ਜਿਵੇਂ ਸਮਾਂ ਬਦਲਦਾ ਗਿਆ ਤਿਵੇਂ ਤਿਵੇਂ ਨਿੱਤ ਨਵੇਂ ਪ੍ਰਯੋਗ ਸਿੱਖ ਕੌਮ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਕੀਤੇ ਜਾਂਦੇ ਰਹੇ। ਸਿੱਖ ਰਹਿਤ ਮਰਿਯਾਦਾ ਦੇ ਉਲਟ ਜਾਂਦਿਆਂ ਚੰਗੀ ਤਰ੍ਹਾਂ ਸਿੱਖ ਕੌਮ ਨੂੰ ਭਗਵੇਂ ਵਿੱਚ ਰੰਗਣ ਲਈ ਤੀਹ ਸਾਧਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਗੁਰੂ ਨਾਨਕ ਯੂਨੀਵਰਸਿਟੀ ਵਿਚ ਭਾਈ ਰਾਮ ਸਿੰਘ ਨਾਮਧਾਰੀ ਦੇ ਨਾਂ ਹੇਠ ਸਤਿਗੁਰ ਰਾਮ ਸਿੰਘ ਚੇਅਰ ਸਥਾਪਤ ਕਰਕੇ ਸਿੱਖ ਵਿਰੋਧੀ ਚਿਹਰਾ ਪੇਸ਼ ਕੀਤਾ। ਮੱਥੇ 'ਤੇ ਤਿਲਕ ਹੱਥਾਂ ਵਿਚ ਨੱਗ, ਕੜਿਆਂ ਨਾਲ ਲਾਲ ਧਾਗੇ, ਘੋਨ ਮੋਨ ਅਕਾਲੀ ਦਲ ਦੀ ਇਕ ਵੱਖਰੀ ਪਹਿਚਾਨ ਕਾਇਮ ਹੋ ਗਈ ਹੈ। ਅਕਾਲੀ ਦਲ ਦੀ ਦੁਨੀਆਂ ਵਿਚ ਨੀਲੀ ਪੱਗ ਤੇ ਹੱਥ ਵਿਚ ਕਿਰਪਾਨ ਫੜਨ ਵਾਲਾ ਸਭਿਆਚਾਰ ਹੁਣ ਖਤਮ ਹੀ ਹੋ ਗਿਆ ਹੈ।

2019 ਦੀਆਂ ਹੋਈਆਂ ਚੋਣਾਂ ਵਿਚ ਬਾਦਲ ਦਲੀਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੂਰਾ ਜਨਾਜ਼ਾ ਹੀ ਕੱਢ ਦਿੱਤਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਉਰਫ ਪੰਜਾਬੀ ਪਾਰਟੀ ਨੇ ਆਪਣਾ ਕੋਈ ਏਜੰਡਾ ਹੀ ਨਹੀਂ ਰੱਖਿਆ ਸਿਰਫ ਇਹੋ ਹੀ ਕਿਹਾ ਗਿਆ ਕਿ ਤੁਸੀ ਵੋਟਾਂ ਨਰਿੰਦਰ ਦਮੋਦਰ ਦਾਸ ਮੋਦੀ ਨੂੰ ਪਾਓ। ਹੁਣ ਕਿਸੇ ਤੋਂ ਵੀ ਗੁੱਝੀ ਛਿੱਪੀ ਗੱਲ ਨਹੀਂ ਰਹੀ ਕਿ ਭਾਰਤੀ ਜਨਤਾ ਪਾਰਟੀ ਨੇ ਟਿਕਟਾਂ ਉਹਨਾਂ ਨੂੰ ਦਿੱਤੀਆਂ ਹਨ ਜਿਹੜੇ ਸ਼ਰੇਆਮ ਇਹ ਕਹਿੰਦੇ ਹਨ ਕਿ ਸਾਰੇ ਭਾਰਤ ਵਿਚ ਹਿੰਦੂਤਵ ਹੀ ਹੋਣਾ ਚਾਹੀਦਾ ਹੈ।

ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਤੇ ਦਰਿਆਈ ਪਾਣੀਆਂ ਦੀ ਕਾਣੀ ਵੰਡ ਸਬੰਧੀ ਕੋਈ ਵੀ ਮੁੱਦਾ ਨਹੀਂ ਉਠਾਇਆ ਗਿਆ। 2014 ਵਿਚ ਪੂਰੀਆਂ ਲਿਲਕੜੀਆਂ ਕਢਾ ਕੇ ਅਗਲਿਆਂ ਨੇ ਬਾਦਲ ਸਾਹਿਬ ਦੀ ਨੂੰਹ ਨੂੰ ਮੰਤਰੀ ਬਣਾਇਆ ਸੀ ਪਰ ਅਕਾਲੀ ਦਲ ਬਾਦਲ ਦੇ ਸੀਨੀਅਰ ਨੇਤਾ ਮਨ ਵਿਚ ਝੂਰਦੇ ਹੀ ਰਹੇ। ਕਦੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਦੂਜੇ ਜਥੇਦਾਰਾਂ ਨੂੰ ਟਿਕਟਾਂ ਵੰਡਦਾ ਹੁੰਦਾ ਸੀ ਅੱਜ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ ਉਸ ਦੀ ਘਰਵਾਲੀ ਆਪ ਹੀ ਐਮ. ਪੀ. ਲਈ ਉਮੀਦਵਾਰ ਬਣ ਜਾਂਦੇ ਹਨ।

ਅਕਾਲੀ ਦਲ ਵਿਚੋਂ ਜੱਥੇਦਾਰ ਤੇ ਜੱਥੇਦਾਰਨੀ ਵਾਲਾ ਸਭਿਆਚਾਰ ਇਕ ਕਿਸਮ ਦਾ ਖਤਮ ਹੀ ਹੋ ਗਿਆ ਹੈ। ਸਿੱਖ ਸਿਧਾਂਤ ਅਤੇ ਪੰਜਾਬ ਦੇ ਮਸਲਿਆਂ ਨੂੰ ਅਕਾਲੀ ਦਲ ਬਾਦਲ ਨੇ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਸਭ ਤੋਂ ਵੱਡਾ ਜਨਾਜ਼ਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਬੇਸਮਝੀ ਜਾਂ ਨਦਾਨੀ ਕਰਕੇ ਸੌਦਾ ਸਾਧ ਨੂੰ ਬਿਨਾਂ ਸ਼ਰਤ ਬਿਨਾਂ ਲਿਖਤ ਅਕਾਲ ਤਖਤ ਤੋਂ ਮੁਆਫ਼ੀ ਦਿਵਾਉਣ ਦਾ ਨਿਕਲਿਆ ਹੈ। ਸੌਦਾ ਸਾਧ ਦੀ ਮੁਆਫ਼ੀ ਨੂੰ ਸਹੀ ਦਰਸਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ 92 ਲੱਖ ਦੇ ਅਖਬਾਰਾਂ ਨੂੰ ਇਸ਼ਤਿਹਾਰ ਵੀ ਦਿੱਤੇ ਗਏ ਕਿ ਅਸਾਂ ਬਹੁਤ ਵੱਡਾ ਮਾਰਕਾ ਮਾਰਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਪਰੀਮੋ ਦੀ ਇਕੋ ਹੀ ਮਨਸ਼ਾ ਸੀ ਕਿ ਪੰਥ ਦੀ ਪਉੜੀ ਵਰਤ ਕੇ ਸੌਦਾ ਸਾਧ ਤੋਂ ਵੋਟਾਂ ਪ੍ਰਾਪਤ ਕੀਤੀਆਂ ਜਾਣ। ਸੌਦਾ ਸਾਧ ਦੀ ਹਮਾਇਤ ਪ੍ਰਾਪਤ ਕਰਨ ਲਈ ਸਿੱਖ ਸਿਧਾਂਤ ਨੂੰ ਛਿੱਕੇ 'ਤੇ ਟੰਗਿਆ ਗਿਆ।

**ਕੀ ਇਹ ਅਕਾਲੀ ਦਲ ਦਾ ਜਨਾਜ਼ਾ ਨਹੀਂ ਕਿਹਾ ਜਾ ਸਕਦਾ?**

ਪੰਜਾਬ ਦੀਆਂ ਹੱਕੀ ਮੰਗਾਂ ਲਈ ਸ਼ਹੀਦ ਹੋਣ ਵਾਲਿਆਂ ਦੀ ਇਮਾਨਦਾਰੀ ਗੁਰੂ ਪ੍ਰਤੀ ਵਫਾਦਾਰੀ ਦੀ ਪ੍ਰਪੱਕਤਾ ਸਦਾ ਚਮਕਦੀ ਰਹੇਗੀ। ਅਕਾਲੀ ਦਲ ਬਾਦਲ ਦੀਆਂ ਦੋਗ਼ਲੀ ਨੀਤੀਆਂ, ਨਿੱਜੀ ਸਵਾਰਥ ਦੀ ਹਵਸ਼ ਹਮੇਸ਼ਾਂ ਇਤਿਹਾਸ ਵਿਚ ਦੁਖਦਾਈ ਦ੍ਰਿਸ਼ ਪੇਸ਼ ਕਰਦੀ ਰਹੇਗੀ।

2019 ਦੀਆਂ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਜਿੱਥੇ ਅਕਾਲੀ ਦਲ ਨੇ ਪੰਜਾਬ ਦੀਆਂ ਹੱਕੀ ਮੰਗਾਂ ਦਾ ਭੋਗ ਪਾਇਆ ਹੈ ਓੱਥੇ ਜੂਨ 1984 ਵਿਚ ਸ਼ਹੀਦਾਂ ਨੂੰ ਵਿਸਾਰਨਾ ਅਕਾਲੀ ਦਲ ਦਾ ਜਨਾਜ਼ਾ ਨਿਕਲਿਆ ਹੀ ਕਿਹਾ ਜਾ ਸਕਦਾ ਹੈ।

ਸਿੱਖ ਕੌਮ ਨੂੰ ਅਜੇ ਵੀ ਇਹ ਆਸ ਹੈ ਕਿ ਸਾਡੀਆਂ ਬੁਨਿਆਦੀ ਸਿੱਖ ਮੰਗਾਂ ਜਾਂ ਪੰਜਾਬ ਦੇ ਹਿੱਤਾਂ ਦੀ ਗੱਲ ਜਿੰਨੇ ਜ਼ੋਰ ਸ਼ੋਰ ਨਾਲ ਸ਼੍ਰੋਮਣੀ ਅਕਾਲੀ ਦਲ ਕਰ ਸਕਦਾ ਹੈ ਹੋਰ ਕੋਈ ਵੀ ਪਾਰਟੀ ਅਜਿਹਾ ਨਹੀਂ ਕਰ ਸਕਦੀ। ਅਕਾਲੀ ਦਲ ਬਾਦਲ ਵਿਚ ਸਭ ਤੋਂ ਵੱਡੀ ਦੁਖਦਾਈ ਗੱਲ ਇਹ ਹੋਈ ਹੈ ਕਿ ਇਸ ਵਿਚ ਜਿੰਨ੍ਹੇ ਵੀ ਸੁਹਿਰਦ ਅਕਾਲੀ ਨੇਤਾ ਸਿੱਖ ਮੁੱਦਿਆਂ ਨੂੰ ਸਮਝਦੇ ਸਨ ਜਾਂ ਤਾਂ ਉਹ ਆਪ ਛੱਡ ਗਏ ਹਨ ਜਾਂ ਫਿਰ ਪੁੱਤਰ ਦੇ ਰਾਹ ਵਿਚ ਰੋੜਾ ਬਣਨ ਵਾਲਿਆਂ ਨੂੰ ਹਾਸ਼ੀਏ ਤੇ ਕਰ ਦਿੱਤਾ ਗਿਆ ਹੈ।

ਹੁਣ ਤਾਂ ਬਾਰਾਂ ਪੂਰਬੀਏ ਤੇਰਾਂ ਚੁੱਲਿਆਂ ਵਾਂਗ ਏਨੇ ਅਕਾਲੀ ਦਲ ਪੈਦਾ ਹੋ ਗਏ ਹਨ ਜਿੰਨ੍ਹਾਂ ਨੇ ਸਿੱਖ ਸਿਧਾਂਤ ਦੀ ਗੱਲ ਕਰਨੀ ਸੀ ਪਰ ਇਹ ਆਪਸ ਵਿਚ ਇਕ ਦੂਜੇ ਵਿਰੁੱਧ ਕ੍ਰਿਪਾਨਾਂ ਚੁੱਕੀ ਫਿਰਦੇ ਹਨ। 1919 ਈ: ਵਿੱਚ ਹਰ ਸਾਲ ਦੀ ਤਰ੍ਹਾਂ 6 ਜੂਨ ਨੂੰ ਅਕਾਲ ਤਖਤ ਦੇ ਅੱਗੇ ਲੱਗੇ ਜੰਗਲਿਆਂ ਨੂੰ ਉਖਾੜ ਕੇ ਉਛਾਲਣਾ ਤੇ ਸਿਰਾਂ ਤੋਂ ਪੱਗਾਂ ਲੱਥੀਆਂ ਦੁਨੀਆਂ ਨੇ ਦੇਖੀਆਂ ਹਨ।

ਕੇਂਦਰ ਦੀ ਸਰਕਾਰ ਵਲੋਂ ਖੇਤੀ ਸੰਬੰਧੀ ਕਾਲੇ ਕਾਨੂੰਨ ਲਿਆਂਦੇ ਗਏ, ਜਿਸ ਦੀ ਅਕਾਲੀ ਦਲ ਨੇ ਪੁਰਜ਼ੋਰ ਹਮਾਇਤ ਕੀਤੀ, ਇਥੋਂ ਤੱਕ ਕਿ ਸ: ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਬਿੱਲਾਂ ਦੇ ਹੱਕ ਵਿੱਚ ਬਿਆਨ ਦਵਾਏ ਗਏ। ਪਰ ਜਦੋਂ ਹਵਾ ਦਾ ਰੁੱਖ ਬਦਲਿਆਂ ਤਾਂ ਅਕਾਲੀ ਦਲ ਬਾਦਲ ਨੂੰ ਹਰ ਪਾਸੇ ਹਨੇਰਾ ਨਜ਼ਰ ਆਉਣ ਲੱਗਾ ਤਾਂ ਸਭ ਕੁਝ ਗਵਾਉਣ ਤੋਂ ਬਾਅਦ ਕੇਂਦਰੀ ਮੰਤਰੀ ਦੀ ਕੁਰਸੀ ਛੱਡ ਦਿੱਤੀ ਪਰ ਪੰਜਾਬੀਆਂ ਨੇ ਇਸ ਨੂੰ ਸਹਿਜ ਡਰਾਮਾ ਦੱਸ ਕੇ ਅਪ੍ਰਵਾਨ ਕਰ ਦਿੱਤਾ ਅਤੇ ਬਾਦਲ ਅਕਾਲੀ ਦਲ ਨੀਵਾਣ ਵੱਲ ਤੁਰਦਾ ਗਿਆ। ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਤੇ ਸਵਾਲ ਉਠਣੇ ਸ਼ੁਰੂ ਹੋਏ ਪਰ ਉਸ ਨੇ ਬੜੀ ਚਲਾਕੀ ਨਾਲ ਸਾਰਾ ਢਾਂਚਾ ਭੰਗ ਕਰ ਦਿੱਤਾ ਪਰ ਆਪਣੇ ਆਪ ਨੂੰ ਪ੍ਰਧਾਨ ਸੀ ਕੁਰਸੀ ਤੇ ਪੱਕਾ ਰੱਖਿਆ। ਵੱਡੇ ਵੱਡੇ ਟਕਸਾਲੀ ਆਗੂ ਵਾਰੀ ਵਾਰੀ ਸੁਖਬੀਰ ਸਿੰਘ ਬਾਦਲ ਨੂੰ ਛੱਡਦੇ ਗਏ ਪਰ ਉਸ ਨੇ ਪ੍ਰਧਾਨਗੀ ਦੀ ਕੁਰਸੀ ਨੂੰ ਜੱਫਾ ਮਾਰੀ ਰੱਖਿਆ।

2024 ਦੀਆਂ ਲੋਕ ਸਭਾ ਚੋਣਾਂ ਵੇਲੇ ਤਾਂ ਹੱਦ ਹੀ ਹੋ ਗਈ। ਬਿਨਾਂ ਸਲਾਹ ਮਸ਼ਵਰੇ ਤੋਂ ਸੀਟਾਂ ਵੰਡੀਆਂ ਅਤੇ ਆਪ ਇਕੱਲਾ ਹੀ ਪ੍ਰਚਾਰ ਕਰਦਾ ਰਿਹਾ, ਨਾ ਕੋਈ ਸਟਾਰ, ਪ੍ਰਚਾਰਕ, ਨਾ ਕੋਈ ਧਾਕੜ ਲੀਡਰ ਅਤੇ ਆਖਰਕਾਰ ਅਕਾਲੀ ਦਲ ਦਾ ਭੋਗ ਹੀ ਪੈ ਗਿਆ। ਕੇਵਲ ਇੱਕ ਸੀਟ ਹਰਸਿਮਰਤ ਕੌਰ ਨੂੰ ਮਿਲੀ। ਬਾਕੀ ਬਹੁਤੇ ਜ਼ਮਾਨਤ ਵੀ ਨਹੀਂ ਬਚਾ ਸਕੇ ਅਤੇ ਜ਼ਿਆਦਾਤਰ ਚੌਥੇ ਪੰਜਵੇਂ ਨੰਬਰ ਤੇ ਰਹੇ। ਬਹੁਤ ਹੀ ਨਮੋਸ਼ੀ ਭਰੀ ਹਾਰ ਅਕਾਲੀ ਦਲ ਬਾਦਲ ਨੂੰ ਮਿਲੀ ਜੋ ਆਪਣੇ ਆਪ ਨੂੰ ਪੰਥਕ ਦੱਸ ਰਿਹਾ ਸੀ। ਉਸਨੂੰ ਦੋ ਅਜਾਦ ਉਮੀਦਵਾਰਾਂ ਨੇ ਬੁਰੀ ਤਰ੍ਹਾਂ ਹਰਾ ਕੇ ਦੱਸ ਦਿੱਤਾ ਕਿ ਹੁਣ ਤੁਸੀਂ ਪੰਥਕ ਨਹੀਂ ਰਹੇ। ਖੈਰ ਅਗਲਾ ਨਤੀਜਾ ਤਾਂ ਸਮਾਂ ਹੀ ਦੱਸੇਗਾ। ਲੋੜ ਹੈ 1920 ਵਾਲਾ ਅਕਾਲੀ ਦਲ ਦੁਬਾਰਾ ਹੋਂਦ ਵਿੱਚ ਆਵੇ।

ਦੂਸਰਾ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਮੈਂਬਰਰਾਨ ਦੇ ਸਿੱਖੀ ਸਿਧਾਂਤ ਸਬੰਧੀ ਗੁਰਮਤਿ ਕੈਂਪ ਲੱਗਣੇ ਚਾਹੀਦੇ ਹਨ। ਸਿੱਖ ਸਿਧਾਂਤ ਅਤੇ ਹਿੰਦੂਤਵੀ ਏਜੰਡੇ ਦੀ ਸ਼ਨਾਖਤ ਕਰਨ ਦਾ ਉਪਰਾਲਾ ਕਰਨ ਦਾ ਯਤਨ ਹੋਣਾ ਚਾਹੀਦਾ ਹੈ।

–0–

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**ਸਵਾਲ---ਕੀ ਜਨਮ ਵੇਲੇ ਪੱਤਰੀ ਬਣਾਉਣੀ ਚਾਹੀਦੀ ਹੈ?**

**ਉੱਤਰ-** ਨਹੀਂ, ਜੀ ਕੋਈ ਪੱਤਰੀ ਨਹੀਂ ਬਣਾਉਣੀ ਚਾਹੀਦੀ ਇਹ'ਤੇ ਨਵ ਜਨਮੇ ਬੱਚੇ ਸਬੰਧੀ ਪਰਿਵਾਰ ਨੂੰ ਮਿਲ ਬੈਠ ਆਪ ਹੀ ਯੋਜਨਾ ਬਣਾਉਣੀ ਚਾਹੀਦੀ ਹੈ ਕਿ ਇਸ ਦਾ ਪਾਲਣ ਪੋਸਣ ਕਿਦਾਂ ਕਰਨਾ ਚਾਹੀਦਾ ਹੈ। ਇਸ ਦੇ ਹਸਪਤਾਲ ਵਿਚੋਂ ਟੀਕੇ ਕਦੋਂ ਕਦੋਂ ਲੱਗਣੇ ਚਾਹੀਦੇ ਹਨ—ਪਰਿਵਾਰ ਨੂੰ ਮਿਲ ਬੈਠ ਕੇ ਬੱਚੇ ਦੇ ਭਵਿੱਖ ਦੀ ਆਪ ਤਿਆਰੀ ਕਰਨੀ ਚਾਹੀਦੀ ਹੈ। ਸਿੱਖ ਨੂੰ ਗੁਰੂ ਦੇ ਦਰਸਾਏ ਮਾਰਗ'ਤੇ ਚੱਲਣਾ ਚਾਹੀਦਾ ਹੈ। ਜੇ ਪੱਤਰੀ ਬਣਾਉਣ ਵਾਲਾ ਐਨਾ ਹੀ ਸਮਰੱਥ ਹੈ ਤਾਂ ਫਿਰ ਮੁਲਕ ਦੀ ਗਰੀਬੀ ਹੀ ਦੂਰ ਕਰ ਦੇਵੇ।

**ਸਵਾਲ- ਕਈ ਲੋਕ ਪੁਛਣਾ ਪੁੱਛਣ ਤੁਰ ਪੈਂਦੇ ਹਨ ਕੀ ਇਹ ਠੀਕ ਹੈ?**

**ਉੱਤਰ-** ਸਾਡੇ ਹਿਸਾਬ ਨਾਲ ਪੁੱਛਣਾ ਦੋ ਪ੍ਰਕਾਰ ਦੀਆਂ ਹਨ। ਕਿਸੇ ਦੀ ਕੋਈ ਵਸਤੂ ਗਵਾਚ ਜਾਂਦੀ ਹੈ ਤਾਂ ਉਸ ਨੂੰ ਆਂਢ ਗਵਾਂਢ ਕਹੀ ਜਾਂਦਾ ਹੈ ਕਿ ਫਲਾਣੇ ਥਾਂ ਕੋਈ ਸਿਆਣਾ ਹੈ ਰਹਿੰਦਾ ਹੈ ਉਸ ਨੂੰ ਜੋ ਪੁੱਛੋਗੇ ਉਹ ਸਾਰਾ ਕੁਝ ਦਸ ਦਿੰਦਾ ਹੈ। ਇਹ ਸਾਰਾ ਗੱਪ ਗਪੌੜ ਹੀ ਹੁੰਦਾ ਹੈ। ਐਵੇਂ ਤੀਰ ਤੁੱਕਾ ਹੀ ਹੈ ਏਦਾਂ ਦੇ ਵਿਸ਼ਵਾਸ ਮਨੁੱਖ ਦੀ ਤਰੱਕੀ ਪੂਰੀ ਤਰ੍ਹਾਂ ਰੋਕ ਦਿੰਦੇ ਹਨ। ਦੂਸਰੀ ਪੁੱਛਣਾ ਉਹ ਹੁੰਦੀ ਹੈ ਕਿ ਸਾਨੂੰ ਕੋਈ ਕੰਮ ਪੈ ਗਿਆ ਜਾਂ ਕੋਈ ਅੜਚਣ ਆ ਜਾਂਦੀ ਹੈ ਤਾਂ ਆਪਣੇ ਤੋਂ ਸਿਆਣੇ ਜਾਂ ਕਿਸੇ ਤਜਰਬੇਕਾਰ ਦੀ ਸਲਾਹ ਲੈਣੀ ਕੋਈ ਮਾੜਾ ਕਰਮ ਨਹੀਂ ਹੈ। ਬਾਕੀ ਏਦਾਂ ਦੀ ਕੋਈ ਕਹਾਣੀ ਨਹੀਂ ਹੈ ਕਿ ਕੋਈ ਇਹ ਦਸ ਦੇਵੇ ਕਿ ਫਲਾਣੀ ਵਸਤੂ ਇਸ ਥਾਂ ’ਤੇ ਪਈ ਹੈ। ਜੇ ਇਹ ਸੱਚ ਹੁੰਦਾ ਤਾਂ ਖੁਫੀਆ ਪੁਲਿਸ, ਖੋਜੀ ਕੁੱਤੇ ਵਗੈਰਾ ਰੱਖਣ ਦੀ ਬਜਾਏ 2-4 ਪੁਛਣਾ ਵਾਲੇ ਹੀ ਸਾਰੇ ਕੰਮ ਕਰ ਦਿਆ ਕਰਦੇ।

**ਸਵਾਲ— ਕੀ ਅਰਦਾਸ ਕਰਨ ਨਾਲ ਸਾਡੇ ਕਾਰਜ ਰਾਸ ਹੋ ਜਾਂਦੇ ਹਨ?**

**ਉੱਤਰ—** ਧਰਮ ਦੀ ਦੁਨੀਆਂ ਵਿਚ ਕਈ ਪ੍ਰਕਾਰ ਦੇ ਵਹਿਮ ਭਰਮ ਪਏ ਹੋਏ। ਇਹਨਾਂ ਵਹਿਮਾਂ ਭਰਮਾਂ ਕਰਕੇ ਮਨੁੱਖ ਤਰੱਕੀ ਦੇ ਰਾਹ ਬੰਦ ਕਰ ਲੈਂਦਾ ਹੈ। ਮਨੁੱਖ ਇਹ ਸਮਝਦਾ ਹੈ ਕਿ ਹੁਣ ਮੈਂ ਅਰਦਾਸ ਕਰ ਦਿੱਤੀ ਹੈ ਇਸ ਲਈ ਮੇਰੇ ਸਾਰੇ ਕੰਮ ਰੱਬ ਜੀ ਨੇ ਆਪੇ ਹੀ ਕਰ ਦੇਣੇ ਹਨ। ਜੇ ਕਰ ਵਿਦਿਆਰਥੀ ਸਾਰਾ ਸਾਲ ਸਕੂਲ ਨਾ ਜਾਵੇ, ਆਪਣੀ ਪੜ੍ਹਾਈ ਵੀ ਨਾ ਕਰੇ ਤਾਂ ਕੀ ਨਿਰੀ ਅਰਦਾਸ ਕਰਨ ਨਾਲ ਪਾਸ ਹੋ ਜਾਏਗਾ? ਕਿਰਸਾਨ ਆਪਣੇ ਖੇਤ ਵਿਚ ਕਣਕ ਜਾਂ ਕੋਈ ਹੋਰ ਫਸਲ ਨਾ ਬੀਜੇ ਤਾਂ ਕੀ ਨਿਰੀ ਅਰਦਾਸ ਕਰਨ ਨਾਲ ਕਿਰਸਾਨ ਦੇ ਘਰ ਕਣਕ ਆ ਜਾਏਗੀ? ਇਹਨਾਂ ਸਾਰੀਆਂ ਗੱਲਾਂ ਦਾ ਉੱਤਰ ਹੈ ਕਿ ਜੇ ਕਰ ਉਦਮ ਕਰਕੇ ਹੱਥੀਂ ਮਿਹਨਤ ਨਾ ਕੀਤੀ ਜਾਏ ਤਾਂ ਨਿਰੀਆਂ ਅਰਦਾਸਾਂ ਕਰਨ ਨਾਲ ਸਾਡੇ ਕਾਰਜ ਰਾਸ ਨਹੀਂ ਹੋ ਸਕਦੇ। ਜੇ ਕਰ ਏਦਾਂ ਹੁੰਦਾ ਹੈ ਤਾਂ ਫਿਰ ਕਿਸੇ ਵੀ ਮੁਲਕ ਨੂੰ ਕਿਸੇ ਵੀ ਵਿਕਾਸ ਲਈ ਵਿਉਂਤ ਬੰਦੀ ਕਰਨ ਦੀ ਲੋੜ ਨਾ ਰਹਿੰਦੀ ਕਿਉਂਕਿ ਅਰਦਾਸ ਨਾਲ ਹੀ ਕਾਰਜ ਰਾਸ ਹੋ ਜਾਣੇ ਸਨ। ਅਸਲ ਵਿਚ ਮਨੁੱਖ ਜਦੋਂ ਰੱਜ ਕੇ ਮਿਹਨਤ ਕਰਦਾ ਹੈ ਤਾਂ ਉਹ ਆਪਣੇ ਆਤਮਿਕ ਬਲ ਨੂੰ ਤਕੜਾ ਕਰਨ ਲਈ ਇਕਾਗਰ ਚਿੱਤ ਹੋ ਕੇ ਯਤਨ ਅਰੰਭ ਕਰਦਾ ਹੈ ਤਾਂ ਇਹੀ ਉਸ ਦੀ ਅਰਦਾਸ ਹੈ। ਅਸਲ ਮਨੁੱਖੀ ਦੁਖਾਂਤ ਇਹ ਹੈ ਕਿ ਇਹ ਉਦਮ ਅਤੇ ਮਿਹਨਤ ਕਰਨ ਲਈ ਤਿਆਰ ਨਹੀਂ ਹੁੰਦਾ ਪਰ ਅਰਦਾਸ ਰਾਹੀਂ ਰੱਬੀ ਨਿਯਮਾਂਵਲੀ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਹਾਂ ਅਰਦਾਸ ਰਾਂਹੀਂ ਆਤਮਕ ਬਲ ਨੂੰ ਬਲਵਾਨ ਕਰਨਾ ਹੈ ਕਿ ਮੈਂ ਹਿੰਮਤ ਕਰਕੇ ਆਪਣੀ ਮੰਜ਼ਿਲ 'ਤੇ ਪਹੁੰਚ ਸਕਾਂ ਤੇ ਮਿਹਨਤ ਕਰਦਾ ਰਹਾਂ।

**ਸਵਾਲ—ਨਿਤਾ ਪ੍ਰਤੀ ਜਿਹੜੀ ਅਰਦਾਸ ਕਰਦੇ ਹਾਂ ਇਸ ਦਾ ਕੀ ਮਹੱਤਵ ਹੈ?**

**ਉੱਤਰ—** ਸਿੱਖ ਰਹਿਤ ਮਰਯਾਦਾ ਵਿਚ ਲਿਖਿਆ ਹੈ ਕਿ ਸਿੱਖ ਨੇ ਕੋਈ ਵੀ ਕਾਰਜ ਅਰੰਭ ਕਰਨਾ ਹੈ ਤਾਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਕਰੇ। ਦੂਸਰਾ ਅਰਦਾਸ ਰਾਂਹੀਂ ਸਾਨੂੰ ਇਹ ਸਮਝ ਆਉਂਦਾ ਹੈ ਕਿ ਸਾਡੇ ਬਜ਼ੁਰਗਾਂ ਨੇ ਕਿੰਨੇ ਸਿਰੜ ਨਾਲ ਸਚਾਈ ਨੂੰ ਬੁਲੰਦ ਰੱਖਿਆ ਸੀ। ਸਾਡੇ ਬਜ਼ੁਰਗਾਂ ਨੇ ਆਪਣੀਆਂ ਜਾਨਾਂ ਤਾਂ ਕੁਰਬਾਨ ਕਰ ਦਿੱਤੀਆਂ ਪਰ ਸੱਚ ਨੂੰ ਆਂਚ ਨਹੀਂ ਆਉਣ ਦਿੱਤੀ। ਏਸੇ ਤਰ੍ਹਾਂ ਅਸੀਂ ਵੀ ਨਿਤਾ ਪ੍ਰਤੀ ਅਰਦਾਸ ਕਰਕੇ ਇਹ ਪ੍ਰਣ ਕਰੀਏ ਕਿ ਹੱਕ ਇਨਸਾਫ, ਇਮਾਨਦਾਰੀ, ਲਗਨ ਅਤੇ ਵਫਾਦਾਰੀ ਨਾਲ ਜੁੜਦੇ ਰਹਾਂਗੇ। ਇਕ ਵਿਦਵਾਨ ਨੇ ਬੜਾ ਪਿਆਰਾ ਲਿਖਿਆ ਹੈ ਅਰਦਾਸ ਉਹ ਕੈਪਸੂਲ ਹੈ ਜਿਸ ਵਿਚ ਪੰਜ ਸੌ ਸਾਲ ਦਾ ਸੁਨਹਿਰੀ ਇਤਿਹਾਸ ਅਤੇ ਸਿੱਖ ਫਲਸਫੇ ਦੀਆਂ ਪ੍ਰੰਪਰਾਵਾਂ ਲੁਕੀਆ ਹੋਈਆਂ ਹਨ। ਹਾਲਾਂ ਕਿ ਅਰਦਾਸ ਦੀ ਪਹਿਲੀ ਪਉੜੀ ਤੇ ਦੀਰਘ ਵਿਚਾਰ ਕਰਨ ਦੀ ਬਹੁਤ ਹੀ ਜ਼ਰੂਰਤ ਹੈ।

**ਸਵਾਲ— ਕੀ ਮੁੱਲ ਦੀਆਂ ਅਰਦਾਸਾਂ ਰਾਹੀਂ ਸਾਡੀਆਂ ਮੰਗਾਂ ਪੂਰੀਆਂ ਹੋ ਸਕਦੀਆਂ ਹਨ?**

**ਉੱਤਰ-** ਨਹੀਂ ਜੀ-- ਮੁੱਲ ਦੀਆਂ ਅਰਦਾਸਾਂ ਨਾਲ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ। ਅਰਦਾਸ ਹਰ ਸਿੱਖ ਨੂੰ ਆਪ ਕਰਨੀ ਚਾਹੀਦੀ ਹੈ। ਅਰਦਾਸ ਕੇਵਲ ਆਤਮਕ ਬਲ ਨੂੰ ਹੋਰ ਬਲਵਾਨ ਕਰਨ ਲਈ ਹੈ ਨਾ ਕਿ ਰੱਬ ਦੀ ਨਿਯਮਾਂਵਲੀ ਬਦਲਣ ਲਈ ਹੈ।

**ਸਵਾਲ—ਕੀ ਕਿਸੇ ਚੋਲੇ ਵਾਲੇ ਬਾਬੇ ਕੋਲ ਕੋਈ ਖਾਸ ਤਾਕਤ ਹੈ ਜਿਸ ਨਾਲ ਉਹ ਸਾਡੇ ਵਿਗੜੇ ਕੰਮ ਸਵਾਰ ਸਕਦਾ ਹੈ?**

**ਉੱਤਰ—** ਜਿਸ ਤਰ੍ਹਾਂ ਬਾਕੀ ਲੋਕ ਹਨ ਏਸੇ ਤਰ੍ਹਾਂ ਹੀ ਇਹ ਸਾਧ ਬਾਬੇ ਹਨ। ਇਹਨਾਂ ਵਿਚ ਕੋਈ ਐਸੀ ਤਾਕਤ ਨਹੀਂ ਹੈ ਕਿ ਇਹ ਅਰਦਾਸ ਕਰਕੇ ਰੱਬ ਦਾ ਨਿਯਮ ਬਦਲ ਦੇਣ। ਧਰਮ ਦੀ ਦੁਨੀਆਂ ਵਿਚ ਬਹੁਤ ਵੱਡਾ ਵਹਿਮ ਹੈ ਕਿ ਫਲਾਣੇ ਬਾਬੇ ਦੀ ਬਹੁਤ ਵੱਡੀ ਬੰਦਗੀ ਹੈ, ਉਸ ਦੀ ਸਿੱਧੀ ਰੱਬ ਨਾਲ ਗੱਲਬਾਤ ਹੈ. ਉਹ ਬੜੀ ਕਮਾਈ ਵਾਲੇ ਬਾਬਾ ਜੀ ਹਨ—ਏਦਾਂ ਦੀਆਂ ਅਫਵਾਵਾਂ ਸਾਡੇ ਸਮਾਜ ਵਿਚ ਬਹੁਤ ਫੈਲੀਆਂ ਹੋਈਆਂ ਹਨ। ਜਨ ਸਧਾਰਨ ਮਨੁੱਖ ਦੀ ਕੋਈ ਬਹੁਤੀ ਵੱਡੀ ਗੱਲ ਨਹੀਂ ਹੈ ਇਥੇ ਤਾਂ ਪੜ੍ਹਿਆ ਲਿਖਿਆ ਤਬਕਾ ਵੀ ਇਹਨਾਂ ਬਾਬਿਆਂ ਦਾ ਸ਼ਿਕਾਰ ਹੋਇਆ ਹੈ।

**ਸਵਾਲ- ਕੀ ਅਰਦਾਸ ਕਰਨ ਵੇਲੇ ਅਰਦਾਸੀਏ ਦੀ ਜੇਬ੍ਹ ਜਾਂ ਹੱਥ ਵਿਚ ਪੈਸੇ ਪਾਉਣੇ ਚਾਹੀਦੇ ਹਨ?**

**ਉੱਤਰ—** ਅਸਲ ਵਿਚ ਸਿੱਖ ਸਿਧਾਂਤ ਨੂੰ ਨਾ ਸਮਝਣ ਕਰਕੇ ਅਸੀਂ ਭਾਰਤੀ ਹਿੰਦੂ ਪੁਜਾਰੀਆਂ ਦੀ ਹੀ ਨਕਲ ਕਰ ਰਹੇ ਹਾਂ। ਉਂਞ ਤਾਂ ਹਰ ਸਿੱਖ ਨੂੰ ਅਰਦਾਸ ਆਪ ਹੀ ਕਰਨੀ ਚਾਹੀਦੀ ਹੈ ਪਰ ਕਈ ਵਾਰੀ ਸਾਂਝੀਆਂ ਥਾਵਾਂ 'ਤੇ ਕਿਸੇ ਇਕ ਨੂੰ ਹੀ ਅਰਦਾਸ ਕਰਨੀ ਪੈਂਦੀ ਹੈ-ਸਾਰੇ ਲੋਕ ਸੰਗਤ ਵਿਚ ਖਲੋ ਕਿ ਅਰਦਾਸ ਨਹੀਂ ਕਰ ਸਕਦੇ। ਕਈ ਵਾਰੀ ਬਹੁਤੀ ਸ਼ਰਧਾ ਵੱਸ ਦੇਖਾ ਦੇਖੀ ਅਰਦਾਸ ਕਰਨ ਸਮੇਂ ਅਰਦਾਸੀਏ ਦੀ ਜੇਬ੍ਹ ਵਿਚ ਪੈਸੇ ਅਰਦਾਸ ਸਮੇਂ ਪਾਏ ਜਾਂਦੇ ਹਨ ਅਜਿਹਾ ਨਹੀਂ ਕਰਨਾ ਚਾਹੀਦਾ। ਗੁਰਬਾਣੀ ਸਿਧਾਂਤ ਨਾ ਸਮਝਣ ਕਰਕੇ ਜਿਸ ਪੁਜਾਰੀ ਵਾਦ ਵਿਚੋਂ ਸਾਨੂੰ ਬਾਹਰ ਕੱਢਿਆ ਸੀ ਅਸੀਂ ਓਸੇ ਵਿਚ ਹੀ ਫਸ ਕੇ ਰਹਿ ਗਏ ਹਾਂ।

**ਸਵਾਲ—ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਨਾ ਹੋਵੇ ਤਾਂ ਓਦੋਂ ਕਿਸ ਅੱਗੇ ਅਰਦਾਸ ਕਰਨੀ ਹੈ?**

**ਉੱਤਰ-** ਅਰਦਾਸ ਹਮੇਸ਼ਾਂ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਜਾਣਦਿਆਂ ਕਿਸੇ ਪਾਸੇ ਨੂੰ ਵੀ ਮੂੰਹ ਕਰਕੇ ਕੀਤੀ ਜਾ ਸਕਦੀ ਹੈ।

**ਸਵਾਲ- ਕੀ ਅਰਦਾਸ ਕਰਨ ਸਮੇਂ ਕਿਸੇ ਗੁਰੂ ਦੀ ਫੋਟੋ ਦਾ ਹੋਣਾ ਜ਼ਰੂਰੀ ਹੈ?**

**ਉੱਤਰ—** ਗੁਰੂ ਸਾਹਿਬਾਨ ਦੀਆਂ ਸਾਰੀਆਂ ਫੋਟੋਆਂ ਮਨੋਕਲਪਿਤ ਹਨ। ਸਾਡਿਆਂ ਘਰਾਂ ਵਿਚ ਵੀ ਨਾਮ ਧਰੀਕ ਚਿੱਤਰ ਕਾਰਾਂ ਦੀਆਂ ਫੋਟੋਆਂ ਲਗੀਆਂ ਹੋਈਆਂ ਹਨ। ਗੁਰਮਤਿ ਸਿਧਾਂਤ ਤੋਂ ਸੱਖਣੇ ਲੋਕ ਮਨੋਕਲਪਿਤ ਤਸਵੀਰਾਂ ਅੱਗੇ ਖੜੇ ਹੋ ਕੇ ਅਰਦਾਸ ਕਰਦੇ ਹਨ ਜੋ ਕਿ ਪੂਰੀ ਤਰ੍ਹਾਂ ਮਨਮਤ ਹੈ।

-0-




# ਬੰਦਗੀ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਜ਼ਿਆਦਾਤਰ ਦੁਨੀਆਂ ਦੇ ਹਰ ਮਜ਼ਹਬ ਨੇ ਪਰਮਾਤਮਾ ਨੂੰ ਯਾਦ ਕਰਨ ਲਈ ਆਖਿਆ ਹੈ। ਪਰਮਾਤਮਾ ਨੂੰ ਯਾਦ ਕਰਨ ਦਾ ਅਰਥ ਹੀ ਇਹ ਹੈ ਕਿ ਰੱਬੀ ਗੁਣ ਸਾਡੇ ਵਿਚ ਆ ਜਾਣ। ਜੇਕਰ ਉਹ ਗੁਣ ਸਾਡੇ ਵਿੱਚ ਨਹੀਂ ਆ ਸਕੇ ਤਾਂ ਅਸੀਂ ਅਜੇ ਤੀਕ ਪਰਮਾਤਮਾ ਨੂੰ ਯਾਦ ਨਹੀਂ ਕੀਤਾ। ਸੰਸਾਰ ਵਿੱਚ ਸਿੱਖ ਧਰਮ ਆਧੁਨਿਕ ਤੇ ਬਿਲਕੁਲ ਨਵਾਂ ਧਰਮ ਹੈ। ਥੋੜਾ ਜਿਨ੍ਹਾਂ ਡੂੰਘਾਈ ਵਿੱਚ ਗਿਆਂ ਪਤਾ ਲੱਗਦਾ ਕਿ ਇਸ ਅਤਿ ਨਵੇਂ ਧਰਮ ਅੰਦਰ ਬਹੁਤ ਸਾਰੀਆਂ ਇਧਰੋਂ ਓਧਰੋਂ ਰਸਮਾਂ ਐਸੀਆਂ ਘਰ ਕਰ ਗਈਆਂ ਹਨ ਕਿ ਦੇਖਣ ਨੂੰ ਇਹ ਹੀ ਧਰਮ ਲੱਗਦਾ ਹੈ। ਨਿਰਮਲ ਪੰਥ ਤਾਂ ਰਿਹਾ ਹੀ ਨਹੀਂ ਲੱਗਦਾ। ਨਿੱਤ ਸਵੇਰੇ ਉਠਿਆਂ ਨਵੀਂ ਰਸਮ ਦੇਖਣ ਨੂੰ ਮਿਲਦੀ ਹੈ। ਦੁਨੀਆਂ ਭਰ ਦੀਆਂ ਵਾਧੂ ਘਾਟੂ ਰੀਤਾਂ ਤੇ ਬੇਲੋੜੀਆਂ ਰਸਮਾਂ ਆਪਣੇ ਘਰ ਅੰਦਰ ਟਿਕਾ ਲਈਆਂ ਹਨ। ਜਿੱਥੋਂ ਕੁ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਚੁੱਕਿਆ ਸੀ, ਅੱਜ ਅਸੀਂ ਓਥੇ ਕੁ ਹੀ ਜਾ ਖਲੋਤੇ ਹਾਂ। ਬ੍ਰਾਹਮਣੀ ਮੱਤ ਦੀ ਵਿਚਾਰਧਾਰਾ ਤਾਂ ਅਮਰ ਵੇਲ ਵਾਂਗੂੰ ਸਭ ਪਾਸੇ ਜਕੜ ਮਾਰੀ ਬੈਠੀ ਹੈ। ਅਣਜਾਣੇ ਵਿੱਚ ਪਿਛਲੇ ਕੁਝ ਸਮੇਂ ਤੋਂ ਬੜੇ ਜ਼ੋਰ ਸ਼ੋਰ ਨਾਲ ਅਸਾਂ ਯੋਗ ਮੱਤ ਦੀ ਵਿਚਾਰਧਾਰਾ ਨੂੰ ਵੀ ਅਪਨਾਉਣ ਵਿੱਚ ਕੋਈ ਕਸਰ ਨਹੀ ਛੱਡੀ, ਇਸ ਘਸੀ ਪਿਟੀ ਵਿਚਾਰਧਾਰਾ ਨੇ ਤਾਂ ਗੁਰਮਤਿ ਨੂੰ ਵੀ ਪਿੱਛੇ ਪਾ ਦਿੱਤਾ ਹੈ। ਹੱਥਲੇ ਲੇਖ ਵਿੱਚ ਬੰਦਗੀ ਸੰਬੰਧੀ ਸਿੱਖ ਰਹਿਤ ਮਰਿਯਾਦਾ ਅਨੁਸਾਰ ਵਿਚਾਰ ਚਰਚਾ ਕਰਨ ਲੱਗੇ ਹਾਂ।

ਸਿੱਖੀ ਵਿਚ ਬੰਦਗੀ ਦੋ ਪਰਕਾਰ ਦੀ ਹੈ। ਇਸ ਦੋ ਪਰਕਾਰ ਦੀ ਬੰਦਗੀ ਪ੍ਰਤੀ ਸਿੱਖ ਰਹਿਤ ਮਰਿਯਾਦਾ ਵਿੱਚ ਚੰਗੀ ਤਰ੍ਹਾਂ ਵਿਸਥਾਰ ਸਹਿਤ ਲਿਖਿਆ ਹੋਇਆ ਹੈ। ਇਸ ਦੀ ਵੰਡ ਇਸ ਪਰਕਾਰ ਕੀਤੀ ਗਈ ਹੈ। ਇਕ ਜਾਤੀ ਬੰਦਗੀ ਤੇ ਦੂਜੀ ਜਮਾਤੀ ਬੰਦਗੀ ਮੰਨੀ ਗਈ ਹੈ। ਸਿੱਧਾ ਸਮਝਣਾ ਹੋਵੇ ਤਾਂ ਇੰਝ ਕਿਹਾ ਜਾ ਸਕਦਾ ਹੈ ਕਿ ਇਕ ਸ਼ਖਸੀ ਤੇ ਦੂਜੀ ਪੰਥਕ ਰਹਿਣੀ ਮੰਨੀ ਗਈ ਹੈ। ਸ਼ਖਸੀ ਰਹਿਣੀ ਵਿੱਚ ਪ੍ਰਥਮ ਨਾਮ ਬਾਣੀ ਦਾ ਅਭਿਆਸ ਆਉਂਦਾ ਹੈ। ਉਂਜ ਸ਼ਖਸੀ ਰਹਿਣੀ ਤਿੰਨ ਪਰਕਾਰ ਦੀ ਆਉਂਦੀ ਹੈ। ਗੁਰਮਤਿ ਰਹਿਣੀ ਅਤੇ ਸੇਵਾ ਵੀ ਏਸੇ ਰਹਿਣੀ ਵਿੱਚ ਆਉਂਦੀ ਹੈ।

ਜਾਤੀ ਬੰਦਗੀ ਵਿੱਚ ਨਾਮ ਬਾਣੀ ਦੇ ਅਭਿਆਸ ਵਿੱਚ ਸਾਫ ਸ਼ਬਦਾਂ ਅੰਦਰ ਲਿਖਿਆ ਹੋਇਆ ਹੈ ਕਿ ਸਿੱਖ ਅੰਮ੍ਰਿਤ ਵੇਲੇ {ਪਹਿਰ ਰਾਤ ਰਹਿੰਦੀ} ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਵਾਹਿਗੁਰੂ ਦਾ ਨਾਮ ਜਪੇ।

ਦੂਸਰਾ ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ। ਜਪੁ, ਜਾਪ ਅਤੇ ਸਵੱਯੇ {ਸ੍ਰਾਵਗ ਸੁਧ ਵਾਲੇ} ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸੋ ਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿੱਚ ਇਹ ਬਾਣੀਆਂ ਸ਼ਾਮਲ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਲਿਖੇ ਹੋਏ ਨੌਂ ਸ਼ਬਦ {ਸੋਦਰੁ ਤੋਂ ਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ ਤਕ}, ਚੌਪਈ, ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ ਦੁਸਟ ਦੋਖ ਤੇ ਲੇਹੁ ਬਚਾਈ ਤਕ}, ਸਵੈਯਾ {ਪਾਂਇ ਗਹੇ ਜਬ ਤੇ ਤੁਮਰੇ} ਅਤੇ ਦੋਹਿਰਾ {ਸਗਲ ਦੁਆਰ ਕਉ ਛਾਡਿ ਕੈ}, ਅੰਨਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ 5 ਤੇਰਾ ਕੀਤਾ ਜਾਤੋ ਨਾਹੀ..।

ਸੋਹਿਲਾ—ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ। ਇਸ ਤੋਂ ਅੱਗੇ ਅਰਦਾਸ ਦਾ ਸਰੂਪ ਪੂਰਾ ਦਿੱਤਾ ਹੋਇਆ ਹੈ।

ਜਾਤੀ ਬੰਦਗੀ ਵਿੱਚ ਇਕ ਹੋਰ ਅਹਿਮ ਗੱਲ ਕੀਤੀ ਗਈ ਹੋਈ ਹੈ। ਜੋ ਕਿ ਰਹਿਤ ਮਰਿਯਾਦਾ ਦੇ ਪੰਨਾ ਨੰ. 16 'ਤੇ ਅੰਕਤ ਹੈ। ਜੋ ਕਿ ਸਾਧਾਰਨ ਪਾਠ ਦੇ ਸਿਰਲੇਖ ਹੇਠ ਅੰਕਤ ਹੈ।

{ੳ} ਹਰ ਇੱਕ ਸਿੱਖ ਨੂੰ ਵੱਸ ਲੱਗੇ, ਅਪਣੇ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਸਥਾਨ ਨਿਯਤ ਕਰਨਾ ਚਾਹੀਏ।

{ਅ} ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।

{ੲ} ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛੱਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਵੇ। ਜੇ ਇਸ ਵਿੱਚ ਉਕਾਈ ਹੋ ਜਾਵੇ, ਤਾਂ ਦਿਨ ਵਿੱਚ ਕਿਸੇ ਨਾ ਕਿਸੇ ਵੇਲੇ ਜਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰੱਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

{ਸ} ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ {ਜਾਂ ਜਿਤਨੇ ਸਮੇਂ ਵਿੱਚ ਹੋ ਸਕੇ} ਭੋਗ ਪਾਵੇ।

{ਹ} ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ {ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ} ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ। ਫਿਰ ਜਪੁ ਜੀ ਸਾਹਿਬ ਦਾ ਪਾਠ ਕਰਨਾ ਚਾਹੀਏ।

ਵਿਆਕਤੀਗਤ ਤੌਰ ਤੇ ਹਰ ਸਿੱਖ ਨੇ ਕਿਵੇਂ ਵਿਚਰਨਾ ਹੈ ਉਪਰੋਕਤ ਲਿਖਤ ਵਿੱਚ ਆ ਗਿਆ ਹੈ। ਜੋ ਕਿ ਪੰਥ ਪਰਵਾਨਿਤ ਰਹਿਤ ਮਰਿਯਾਦਾ ਵਿੱਚ ਲਿਖਿਆ ਹੋਇਆ ਹੈ।

ਜਮਾਤੀ ਬੰਦਗੀ ਦਾ ਹਵਾਲਾ ਵੀ ਸਿੱਖ ਰਹਿਤ ਮਰਿਯਾਦਾ ਵਿੱਚ ਆਉਂਦਾ ਹੈ। ਇਸ ਨੂੰ ਸੰਗਤੀ ਬੰਦਗੀ ਦਾ ਵੀ ਨਾਂ ਦਿੱਤਾ ਜਾ ਸਕਦਾ ਹੈ।

ਸਿੱਖ ਰਹਿਤ ਮਰਿਯਾਦਾ ਦੇ ਪੰਨਾ ਨੰ. 12 'ਤੇ ਲਿਖਿਆ ਹੋਇਆ ਹੈ ਜੋ ਕਿ ਗੁਰਦੁਆਰਾ ਦੇ ਸਿਰਲੇਖ ਹੇਠ ਅੰਕਤ ਹੈ–

**ਗੁਰਦੁਆਰਾ**

{ੳ} ਗੁਰਬਾਣੀ ਦਾ ਅਸਰ ਸਾਧ ਸੰਗਤ ਵਿੱਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

ਗੁਰਦੁਆਰੇ ਅੰਦਰ ਆ ਕੇ ਅਸਾਂ ਕੀ ਕਰਨਾ ਹੈ ਇਸਦਾ ਵਿਸਥਾਰ ਵੀ ਦਿੱਤਾ ਹੋਇਆ ਏ। ਇਸ ਨੂੰ ਜਮਾਤੀ ਬੰਦਗੀ ਦਾ ਨਾਂ ਦਿੱਤਾ ਜਾ ਸਕਦਾ ਹੈ।

{ੳ} ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

{ਅ} ਕੀਰਤਨ ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਨ ਨੂੰ ਕਹਿੰਦੇ ਹਨ।

{ੲ} ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ

ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦਾ ਬਾਣੀ ਦਾ ਹੋ ਸਕਦਾ ਹੈ।

{ਸ} ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਹੀ ਧਾਰਨਾ ਬਣਾਈ ਜਾਵੇ।

ਜਮਾਤੀ ਬੰਦਗੀ ਦੀ ਹੀ ਇਕ ਹੋਰ ਮਦ ਕਥਾ ਦੀ ਆਉਂਦੀ ਹੈ।

{ੳ} ਸੰਗਤ ਵਿੱਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

{ਅ} ਕਥਾ ਦਾ ਮਨੋਰਥ ਗੁਰਮਤਿ ਦ੍ਰਿੜ੍ਹਾਉਣਾ ਹੀ ਹੋਵੇ।

{ੲ} ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ {ਜੋ ਗੁਰਮਤਿ ਅਨਕੂਲ ਹੋਣ} ਦੀ ਹੋ ਸਕਦੀ ਹੈ, ਪਰ ਅਨਮਤ ਦੀ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ । ਹਾਂ ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉਤਮ ਸਿੱਖਿਆ ਦਾ ਲਿਆ ਜਾ ਸਕਦਾ ਹੈ।

{ਸ} ਵਖਿਆਨ-ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਨਹੀਂ ਹੋ ਸਕਦਾ।

{ਹ} ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ ਆਮ ਤੌਰ ਤੇ ਇਉਂ ਹੁੰਦਾ ਹੈ।-

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਹੁਕਮ। ਹੁਣ ਪਿਛਲੇ ਕੁਝ ਸਮੇਂ ਤੋਂ ਆਪੋ ਆਪਣੀ ਮਰਜ਼ੀ ਅਨੁਸਾਰ ਨਵੀਆਂ ਨਵੀਆਂ ਜੱਥੇਬੰਦੀਆਂ ਬਣਾ ਕੇ ਸਿੱਖੀ ਸਿਧਾਂਤ ਦੀ ਪੂਰੀ ਤਨ ਦੇਹੀ ਨਾਲ ਖੁਭੜੀ ਉਡਾਣ ਦਾ ਪੂਰਾ ਪੂਰਾ ਉਪਰਾਲਾ ਕਰ ਰਹੇ ਹਾਂ। ਭਾਈ ਗੁਰਦਾਸ ਸਾਹਿਬ ਜੀ ਨੇ ਆਪਣੀਆਂ ਵਾਰਾਂ ਵਿੱਚ ਹੋਰ ਵੀ ਸੋਹਣੇ ਢੰਗ ਨਾਲ ਜਾਤੀ ਬੰਦਗੀ ਨੂੰ ਖ੍ਹੋਲ ਕੇ ਰੱਖਿਆ ਹੈ।

**ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ॥**
**ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲਾ ਦੀ ਸੁਰਤਿ ਕਰੰਦਾ॥**
**ਸਾਧਸੰਗਤਿ ਵਿਚਿ ਜਾਇ ਕੈ ਗੁਰਬਾਨੀ ਦੇ ਪ੍ਰੀਤਿ ਸੁਣੰਦਾ॥**
**ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ॥**
**ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ॥**
**ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ॥**
**ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ॥**
**ਗੁਰਮੁਖ ਗਾਡੀ ਰਾਹੁ ਚਲੰਦਾ ॥ (ਵਾਰ-40, ਪਉੜੀ-11)**

ਇਸ ਪਉੜੀ ਤੋਂ ਇਹ ਸਪਸ਼ਟ ਹੋ ਗਿਆ ਕਿ ਸਿੱਖ ਦੀ ਜਾਤੀ ਬੰਦਗੀ ਵਿੱਚ ਨਾਮ ਬਾਣੀ ਦਾ ਅਭਿਆਸ ਆਉਂਦਾ ਹੈ। ਗੁਰਦੁਆਰਾ ਸਮੂਹ ਵਿੱਚ ਸਾਡੀ ਜਮਾਤੀ ਬੰਦਗੀ ਆਉਂਦੀ ਹੈ। ਅਸੀਂ ਆਪਣੇ ਆਪ ਨੂੰ ਸੱਚਾ ਸਿੱਧ ਕਰਨ ਲਈ ਕਈ ਪਰਕਾਰ ਦੀਆਂ ਮਨਘੜਤ ਦਲੀਲਾਂ ਦੇ ਕੇ ਰਹਿਤ ਮਰਿਯਾਦਾ ਨੂੰ ਰੋਲਣ ਦਾ ਯਤਨ ਕਰ ਰਹੇ ਹਾਂ।

ਪਿਛਲੇ ਕੁਝ ਸਮੇਂ ਤੋਂ ਗੁਰਬਾਣੀ ਕੀਰਤਨ ਛੱਡ ਕੇ, ਕੇਵਲ ਇਕ ਵਾਹਿਗੁਰੂ ਸ਼ਬਦ ਦਾ ਹੀ ਕੀਰਤਨ ਸ਼ੁਰੂ ਹੋ ਗਿਆ ਹੈ। ਗੁਰਬਾਣੀ ਵਰਗੀ ਕੀਮਤੀ ਵਸਤੂ ਦੀ ਕਥਾ ਵੀ ਨਾਲ ਭੁਲਾ ਦਿੱਤੀ ਹੈ। ਕਈਆਂ ਗੁਰਦੁਆਰਿਆਂ ਵਿੱਚ ਨਵੀਆਂ ਪਿਰਤਾਂ ਦੇਖਣ ਨੂੰ ਮਿਲ ਰਹੀਆਂ ਹਨ। ਸਿੱਖ ਰਹਿਤ ਮਰਿਯਾਦਾ ਵਿੱਚ ਸਾਫ ਸਿਧਰੇ ਲਫਜ਼ਾਂ ਵਿੱਚ ਲਿਖਿਆ ਮਿਲਦਾ ਏ ਕਿ ਗੁਰਦੁਆਰੇ ਅੰਦਰ ਕੀਰਤਨ ਤੇ ਕਥਾ ਹੋਣੀ ਚਾਹੀਦੀ ਹੈ ਜੋ ਕਿ ਸਾਡੀ ਸਮੂਹਕ ਬੰਦਗੀ ਹੈ। ਇਹ ਚੰਦ ਬੰਦਿਆਂ ਦਾ ਧਰਮ ਨਹੀਂ ਹੈ। ਇਹ ਸਮੁੱਚੇ ਭਾਈਚਾਰੇ ਨੂੰ ਪਿਆਰ ਨਾਲ ਗਲਵਕੜੀ ਵਿੱਚ ਲੈਂਦਾ ਹੈ। ਕੁਝ ਕੁ ਭੈਣਾਂ/ ਵੀਰਾਂ ਨੂੰ ਆਪਣੀ ਮਰਜ਼ੀ ਦੁਆਰਾ ਇਹ ਕਹਿੰਦਿਆਂ ਸੁਣਿਆ ਹੈ ਕਿ ਜੀ ਗੁਰਬਾਣੀ ਕੀਰਤਨ ਦੀ ਕੀ ਜ਼ਰੂਰਤ ਹੈ ਕੇਵਲ ਵਾਹਿਗੁਰੂ ਦਾ ਜਾਪ ਹੀ ਕਰਨਾ ਚਾਹੀਦਾ ਹੈ ਜੀ। ਆਪਣੀ ਮਰਜ਼ੀ ਦੇ ਬਣੇ ਹੋਏ ਮਾਲਕ ਢੋਲਕੀਆਂ ਵਾਜਿਆਂ ਨਾਲ ਪੂਰੇ ਜ਼ੋਰ ਸ਼ੋਰ ਨਾਲ ਵਾਹਿਗੁਰੂ ਦਾ ਕੀਰਤਨ ਸ਼ੁਰੂ ਕਰ ਦੇਂਦੇ ਹਨ, ਪਹਿਲਾਂ ਹੌਲੀ ਹੌਲੀ ਸ਼ੁਰੂ ਕਰਦੇ ਹਨ ਤੇ ਫਿਰ ਇਕਦਮ ਤੇਜ਼ ਤੇਜ਼ ਸ਼ੁਰੂ ਕਰ ਦੇਂਦੇ ਹਨ। ਫਿਰ ਦੋ ਦੋ ਘੰਟੇ ਇਕੋ ਵਾਹਿਗੁਰੂ ਸ਼ਬਦ ਦਾ ਕੀਰਤਨ ਹੀ ਕਰੀ ਜਾਂਦੇ ਹਨ। ਨਾ ਇਹ ਜਾਤੀ ਬੰਦਗੀ ਹੈ ਤੇ ਨਾ ਇਹ ਜਮਾਤੀ ਬੰਦਗੀ ਹੈ। ਆਪਣੇ ਆਪ ਨੂੰ ਬਹੁਤ ਪੱਕਾ ਸਿੱਖ ਗਿਣਨ ਵਾਲਾ ਉਠੇਗਾ ਤੇ ਜੱਗ ਰਹੀਆਂ ਬੱਤੀਆਂ ਨੂੰ ਬੰਦ ਕਰ ਦੇਵੇਗਾ। ਇਸ ਤਰ੍ਹਾਂ ਗੁਰਬਾਣੀ ਦੇ ਪਾਸ ਬੈਠਾ ਹੋਇਆ ਵੀ ਗੁਰਬਾਣੀ ਦੇ ਨਾਲ ਨਹੀਂ ਜੁੜ ਸਕਿਆ। ਜਿਹੜਾ ਕੰਮ ਅਸੀਂ ਘਰ ਕਰਨਾ ਸੀ ਉਹ ਕੰਮ ਗੁਰਦੁਆਰੇ ਕਰ ਰਹੇ ਹਾਂ ਤੇ ਗੁਰਦੁਆਰੇ ਸ਼ਬਦ ਕੀਰਤਨ ਤੇ ਸ਼ਬਦ ਵੀਚਾਰ ਕਰਨੀ ਸੀ ਉਹ ਪੱਕੇ ਤੌਰ ਤੇ ਅਸੀਂ ਬੰਦ ਕਰ ਦਿੱਤੀ। ਇਸ ਦੇ ਦੂਰ-ਰਸ ਸਿੱਟੇ ਇਹ ਨਿਕਲੇ ਹਨ ਕਿ ਸਿੱਖ ਕੌਮ ਸਿੱਖੀ ਸਿਧਾਂਤ ਤੋਂ ਕੋਹਾਂ ਦੂਰ ਚਲੀ ਗਈ ਲੱਗਦੀ ਹੈ।

ਸਿਮਰਨ ਕੋਈ ਮਾੜੀ ਗੱਲ ਨਹੀਂ ਹੈ, ਪਰ ਜਿਸ ਤਰ੍ਹਾਂ ਗੁਰਬਾਣੀ ਆਖਦੀ ਹੈ ਸਾਨੂੰ ਉਹ ਤਰੀਕਾ ਅਪਨਾਉਣਾ ਪਏਗਾ। ਜਿਸ ਤਰ੍ਹਾਂ ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੋਇਆ ਏ ਉਹ ਤਰੀਕਾ ਅਪਨਉਣ ਦੀ ਜ਼ਰੂਰਤ ਹੈ। ਸਿਮਰਨ ਦੇ ਸਬੰਧੀ ਤਾਂ ਗੁਰੂ ਨਾਨਕ ਜੀ ਆਖਦੇ ਹਨ ਕਿ ਹੇ ਮੇਰੇ ਰੱਬ ਜੀ ਮੈਂ ਤੁਹਾਨੂੰ ਯਾਦ ਕਰਦਾ ਹਾਂ ਤੇ ਜਿਉਂਦਾ ਹਾਂ ਜੇਕਰ ਤੁਹਾਡਾ ਨਾਂ ਮੇਰੇ ਪਾਸੋਂ ਵਿਸਰ ਜਾਂਦਾ ਹੈ ਤਾਂ ਮੈਂ ਮਰ ਜਾਂਦਾ ਹਾਂ। "ਆਖਾ ਜੀਵਾ ਵਿਸਰੈ ਮਰਿ ਜਾਉ"॥ ਸਿੱਖੀ ਵਿੱਚ ਤਾਂ ਸਵਾਸ ਸਵਾਸ ਸਿਮਰਨ ਦੀ ਗੱਲ ਕੀਤੀ ਗਈ ਹੈ। ਗੁਰੂ ਅਰਜਨ ਸਾਹਿਬ ਜੀ ਦਾ ਇਕ ਬਹੁਤ ਪਿਆਰਾ ਵਾਕ ਹੈ ਜੋ ਰਾਗ ਆਸਾ ਵਿੱਚ ਅੰਕਤ ਹੈ ਸ਼ਾਇਦ ਏਸੇ ਸ਼ਬਦ ਤੋਂ ਸਾਨੂੰ ਕੋਈ ਸੇਧ ਮਿਲ ਜਾਏ-

**ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥ (386)** ਅਤੇ

**ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥**
**ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ ॥ (321)**

ਪਿਛਲੇ ਕੁਝ ਸਮੇਂ ਤੋਂ ਸਿੱਖੀ ਸਿਧਾਂਤ ਨੂੰ ਬਹੁਤ ਵੱਡਾ ਖੋਰਾ ਲੱਗਾ ਗਿਆ ਹੈ ਪ੍ਰਭੂ ਸਿਮਰਨ ਦੇ ਕੇਂਦਰ ਬਣ ਗਏ ਹਨ, ਯੋਗ ਮੱਤ ਅਨੁਸਾਰ ਧਿਆਨ ਰੱਖ ਰਖਾਉਣ ਦੀਆਂ ਵਿੱਧੀਆਂ ਸਮਝਾਈਆਂ ਜਾ ਰਹੀਆਂ ਹਨ। ਅਉਣ ਵਾਲੇ ਸਮੇਂ ਅੰਦਰ ਇੰਜ ਲੱਗ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਕੇਵਲ ਪੂਜਾ ਰਹਿ ਜਾਏਗੀ। ਸ਼ਬਦ ਕੀਰਤਨ ਤੇ ਸ਼ਬਦ ਵੀਚਾਰ ਅਲੋਪ ਹੋ ਕੇ ਰਹਿ ਜਾਏਗੀ ਇਸ ਵਿਸ਼ੇ ਨੂੰ ਹੋਰ ਸਮਝਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੁਆਰਾ ਡਾ. ਸ਼ੇਰ ਸਿੰਘ ਜੀ ਦੀ ਪੁਸਤਕ ਗੁਰਮਤਿ ਦਰਸ਼ਨ ਵਿੱਚ ਆਏ ਤੋਤਾ ਰਟਨ ਦੇ ਚੈਪਟਰ ਨੂੰ ਪੜ੍ਹਿਆ ਜਾ ਸਕਦਾ ਹੈ। ਦੂਸਰੀ ਪੁਸਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੁਆਰਾ ਛਪੀ ਗੁਰਮਤਿ ਨਾਮ ਸਿਮਰਨ ਕੁਝ ਸਿਧਾਂਤਕ ਵੀਚਾਰਾਂ ਡਾ. ਗੁਰਬਖਸ਼ ਸਿੰਘ ਸਾਬਕਾ ਡੀਨ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਦੇਖੀ ਜਾ ਸਕਦੀ ਹੈ।

ਡਾ. ਸਾਹਿਬ ਜੀ ਲਿਖਦੇ ਹਨ- ਕੁਝ ਸਾਲਾਂ ਤੋਂ ਸਿਮਰਨ ਦੇ ਦੀਵਾਨ ਵੇਖਣ ਵਿੱਚ ਆਏ ਹਨ। ਇਹ ਦੀਵਾਨ ਪਹਿਲਾਂ ਘਰਾਂ ਵਿੱਚ ਤੇ ਹੁਣ ਕਈ ਗੁਰਦੁਆਰਿਆਂ ਵਿੱਚ ਵੀ ਲੱਗਦੇ ਹਨ। ਇਹ ਗੱਲ ਪਹਿਲਾਂ ਕਦੇ ਪੜ੍ਹਨ ਸੁਣਨ ਵਿੱਚ ਨਹੀਂ ਸੀ ਆਈ। ਕੁਝ ਚਿਰ ਤੋਂ ਇਹ ਰੀਸੋ ਰੀਸ ਵੱਧਦੇ ਹੀ ਜਾ ਰਹੇ ਹਨ। ਆਮ ਕਿਹਾ ਜਾਂਦਾ ਹੈ ਕਿ ਜੀ ਕੇਵਲ ਕੀਰਤਨ ਪਾਠ ਕਰੀ ਜਾਣ ਦਾ ਕੀ ਲਾਭ ਜੇ ਬਾਣੀ ਦਾ ਹੁਕਮ ਮੰਨ ਕੇ ਗੁਰਦੁਆਰੇ ਸੰਗਤ ਨੇ ਸਿਮਰਨ ਨਹੀਂ ਕਰਨਾ? ਇਸ ਵੀਚਾਰ ਦੇ ਪ੍ਰਭਾਵ ਹੇਠ ਆ ਕੇ ਕੁਝ ਗੁਰਦੁਆਰਿਆਂ ਵਿਚ ਖਾਸ ਸਮਾਂ ਸਿਮਰਨ ਦੀਵਾਨ ਲਈ ਨੀਯਤ ਕੀਤਾ ਜਾਂਦਾ ਹੈ ਜਾਂ ਹਫਤੇ ਵਿਚ ਕਿਸੇ ਖਾਸ ਦਿਨ ਸਿਮਰਨ ਦੀਵਾਨ ਦਾ ਹੀ ਪ੍ਰੋਗਰਾਮ ਰੱਖਿਆ ਜਾਂਦਾ ਹੈ।

ਮੈਨੂੰ ਇਕ ਗੁਰਦੁਆਰੇ ਦੇਖ ਕੇ ਅਜੀਬ ਹੈਰਾਨੀ ਹੋਈ ਜਿੱਥੇ ਇਹ ਕਿਹਾ ਗਿਆ ਹੋਵੇ ਕਿ ਭਾਈ ਸਾਹਿਬ ਜੀ ਸਾਡੇ ਇਸ ਗੁਰਦੁਆਰੇ ਵਿਚ ਕੇਵਲ ਸਿੱਖ ਰਹਿਤ ਮਰਯਾਦਾ ਦੀ ਹੀ ਗੱਲ ਕੀਤੀ ਜਾਂਦੀ ਹੈ। ਤੁਸਾਂ ਵੀ ਕੇਵਲ ਪ੍ਰਵਾਨਿਤ ਰਹਿਤ ਮਰਿਯਾਦਾ ਹੀ ਗੱਲ ਕਰਨੀ ਹੈ ਜੀ, ਮੈਨੂੰ ਅਤਿਅੰਤਾਂ ਦੀ ਖੁਸ਼ੀ ਹੋਈ ਚਲੋ

ਕੋਈ ਸੱਜਣ ਤਾਂ ਮਿਲੇ ਜਿਨ੍ਹਾਂ ਨੂੰ ਇਹ ਅਹਿਸਾਸ ਹੈ ਕਿ ਕੌਮੀ ਅਨੁਸ਼ਾਸਨ ਦੀ ਅਹਿਮ ਜ਼ਰੂਰਤ ਹੈ। ਲੇਕਨ ਇਹ ਭੁਲੇਖਾ ਬਹੁਤਾ ਸਮਾਂ ਨਾ ਰਿਹਾ। ਅੰਮ੍ਰਿਤ ਵੇਲਾ ਹੋਇਆ ਰਾਤ ਵਾਲੇ ਸੱਜਣ ਅਤੇ ਉਹਨਾਂ ਦੇ ਨਾਲ ਹੋਰ ਅੱਠ ਦਸ ਬੀਬੀਆਂ ਅਤੇ ਵੀਰ ਵਾਹਿਗੁਰੂ ਦਾ ਕੀਰਤਨ ਰੰਗ ਬਰੰਗੀਆਂ ਅਵਾਜ਼ਾਂ ਵਿਚ ਕਰ ਰਹੇ ਸਨ। ਕੁਦਰਤੀ ਉਨ੍ਹਾਂ ਵਿਚੋਂ ਇਕ ਵੀਰ ਬੜੀ ਅਪੱਣਤ ਨਾਲ ਮਿਲਿਆ ਮੈਨੂੰ ਮਿੱਠੀ ਜੇਹੀ ਟਕੋਰ ਕਰਦਿਆਂ ਇਹ ਅਹਿਸਾਸ ਕਰਉਣ ਦਾ ਯਤਨ ਕਰਨ ਲੱਗਾ ਕਿ ਭਾ ਜੀ ਤੁਸੀਂ ਸਵੇਰੇ ਕੀਰਤਨ ਵਿਚ ਸ਼ਾਮਿਲ ਨਹੀਂ ਹੋਏ। ਮੈਂ ਸੁਭਾਵਕ ਪੁਛਿਆ ਕਿ ਵੀਰ ਜੀ ਕੀਰਤਨ ਕਦੋਂ ਹੋਇਆ ਏ ਰਾਗੀ ਸਿੰਘ ਤਾਂ ਕਮਰੇ ਵਿਚ ਬੇਠੇ ਹਨ। ਫਿਰ ਵੀਚਾਰਾਂ ਕਰਦਿਆਂ ਦੱਸਿਆ ਗਿਆ ਕਿ ਵੀਰ ਜੀ ਇਹ ਕੀਰਤਨ ਨਹੀਂ ਹੈ,

ਇਹ ਤਾਂ ਬ੍ਰਾਹਮਣੀ ਮਤ ਦੇ ਧਾਰਨੀ ਹੁੰਦੇ ਜਾ ਰਹੇ ਹਾਂ। ਯੋਗ ਮੱਤ ਨੂੰ ਅਪਨਾ ਰਹੇ ਹਾਂ। ਵੱਖ-ਵੱਖ ਧਰਮਾਂ ਦੀਆਂ ਰੀਤੀ ਰਿਵਾਜਾਂ ਨੂੰ ਆਪ ਸੱਦਾ ਪੱਤਰ ਦੇ ਰਹੇ ਹਾਂ। ਵੀਰ ਜੀ ਕਹਿਣ ਲੱਗੇ ਕਿ ਭਾਜੀ ਖੁਲ੍ਹੇ ਤੌਰ 'ਤੇ ਇਹ ਗੱਲ ਨਾ ਕਰਿਆ ਜੇ ਅਸੀਂ ਆਪ ਇਹ ਹੌਲੀ ਹੌਲੀ ਬੰਦ ਕਰ ਦਿਆਂਗੇ। ਇਕ ਪਰਚਾਰਕ ਸੱਜਣ ਹੀ ਸਾਡੇ ਪਾਸੋਂ ਸ਼ੁਰੂ ਕਰਾ ਕੇ ਗਏ ਹਨ। ਦਰਅਸਲ ਮਨੋ ਅਸੀਂ ਵੀ ਇਸ ਨਵੀਂ ਮਰਿਯਾਦਾ ਨੂੰ ਮੰਨਣ ਲਈ ਤਿਆਰ ਨਹੀਂ ਸਾਂ ਉਂਜ ਵੀ ਸਾਡੇ ਲਈ ਬਹੁਤ ਔਖਾ ਕੰਮ ਹੈ। ਦਰਅਸਲ ਗੁਰਦੁਆਰਿਆਂ ਵਿੱਚ ਸੈਮੀਨਾਰ ਹੋਣੇ ਚਾਹੀਦੇ ਹਨ। ਨਾਨਕ ਜੀ ਦੇ ਨਿਰਮਲ ਪੰਥ ਦੀਆਂ ਸਿਧਾਂਤਕ ਵੀਚਾਰਾਂ ਹੋਣੀਆਂ ਚਾਹੀਦੀਆਂ ਹਨ। ਗੁਰਬਾਣੀ ਸਾਨੂੰ ਕੁਝ ਹੋਰ ਕਹਿ ਰਹੀ ਹੈ ਪਰ ਅਸੀਂ ਕੁਝ ਹੋਰ ਕਰ ਰਹੇ ਹਾਂ। ਜਿੱਥੇ ਪੂਜਾ ਅਤੇ ਜਾਪ ਵਰਗੀਆਂ ਬੇਲੋੜੀਆਂ ਰਸਮਾਂ ਤੇ ਰੀਤੀ ਰਿਵਾਜ ਆ ਜਾਣ ਉਨ੍ਹਾਂ ਕੌਮਾਂ ਦਾ ਬੌਧਿਕ ਵਿਕਾਸ ਰੁੱਕ ਜਾਂਦਾ ਹੈ। ਉਹ ਕੌਮਾਂ ਸਮੇਂ ਦੇ ਨਾਲ ਤਰੱਕੀ ਨਹੀਂ ਕਰ ਸਕਦੀਆਂ ਤੇ ਬਹੁਤ ਪਿੱਛੇ ਰਹਿ ਜਾਂਦੀਆਂ ਹਨ। ਗੁਰਬਾਣੀ ਅਨੁਸਾਰ ਸਿੱਖੀ ਨੂੰ ਸਮਝਣ ਦਾ ਸਾਰਥਿਕ ਯਤਨ ਕਰੀਏ।

**ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥(1418)** ਅਤੇ

**ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥ ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥ (1414)** -0-

# ਕਿਹੜੀ ਮਾਲ਼ਾ

**ਪ੍ਰਿੰ. ਗੁਰਬਚਨ ਸਿੰਘ ਪੰਨਵਾਂ**

ਜਦੋਂ ਮਨੁੱਖ ਸਵੈ ਪੜਚੋਲ ਕਰਨ ਦੀ ਥਾਂ ’ਤੇ ਲੋਕਾਂ ਵੱਲ ਦੇਖ ਕੇ ਆਪਣੇ ਜੀਵਨ ਦੀ ਘਾੜਤ ਘੜਦਾ ਹੈ ਤਾਂ ਨਿਰਸੰਦੇਹ ਉਸ ਵਿਅਕਤੀ ਦਾ ਆਤਮਿਕ ਵਿਕਾਸ ਰੁੱਕ ਜਾਂਦਾ ਹੈ। ਕਈ ਵਾਰੀ ਮਨੁੱਖ ਆਤਮਿਕ ਸ਼ਾਂਤੀ ਲੈਣ ਲਈ ਕੋਈ ਸੌਖਾ ਰਾਹ ਭਾਲਦਾ ਹੈ। ਅਮਲੀ ਕਰਮ ਕਰਨ ਦੀ ਥਾਂ ’ਤੇ ਮਨੁੱਖ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਧਰਮ ਕਰਮ ਦੀਆਂ ਪੁਜਾਰੀ ਵਲੋਂ ਨਿਰਧਾਰਤ ਕੀਤੀਆਂ ਰਸਮਾਂ ਨਿਬਾਹੁਣ ਨਾਲ ਸਾਡੇ ਵਿਗੜੇ ਹੋਏ ਕੰਮ ਸਵਾਰੇ ਜਾ ਸਕਦੇ ਹਨ। ਇਹਨਾਂ ਧਰਮ ਕਰਮਾਂ ਨੂੰ ਕਰਨ ਵਾਲਾ ਮਨੁੱਖ ਆਪਣੇ ਆਪ ਨੂੰ ਸੌਖਾ ਗਿਣਦਾ ਹੈ। ਉਸ ਦਾ ਆਤਮਿਕ ਬਲ ਧਰਮ ਕਰਮ ਕਰਨ ’ਤੇ ਟਿੱਕ ਜਾਂਦਾ ਹੈ ਤੇ ਉਸ ਨੂੰ ਓਸੇ ਵਿਚੋਂ ਸ਼ਾਂਤੀ ਮਹਿਸੂਸ ਹੁੰਦੀ ਹੈ। ਅਜਿਹੇ ਧਰਮੀ ਮਨੁੱਖ ਦੀ ਸੁਰਤ ਵਿਕਾਸ ਨਹੀਂ ਕਰਨਾ ਚਾਹੁੰਦੀ ਸਗੋਂ ਸੀਮਤ ਦਾਇਰੇ ਵਿੱਚ ਰਹਿ ਕੇ ਖੁਸ਼ ਹੁੰਦੀ ਹੈ। ਭਾਰਤੀ ਸੰਸਕ੍ਰਿਤੀ ਦਾ ਫਲਸਫਾ ਕਰਮ ਕਾਂਡਾਂ ’ਤੇ ਟਿੱਕਿਆ ਹੋਇਆ ਹੈ। ਇਹਨਾਂ ਸਾਰਿਆਂ ਧਰਮ ਕਰਮਾਂ ਵਿੱਚ ਮਾਲ਼ਾ ਵਾਲਾ ਕਰਮ ਵੀ ਆਉਂਦਾ ਹੈ ਕਿ ਸ਼ਾਇਦ ਮਾਲ਼ਾ ਘੁਮਾਉਣ ਨਾਲ ਸਾਡਾ ਰੱਬ ਜੀ ਨਾਲ ਮਿਲਾਪ ਹੋ ਜਾਏਗਾ। ਅਜਿਹੀ ਸਮੱਸਿਆ ਦਾ ਹੱਲ ਗੁਰਦੇਵ ਪਿਤਾ ਜੀ ਸਹਸਕ੍ਰਿਤੀ ਦੇ ਬਤੀਵੇਂ ਸਲੋਕ ਵਿੱਚ ਦਸਦੇ ਹਨ—

**ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ ॥**
**ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ ॥32॥** (1356)

**ਅੱਖਰੀਂ ਅਰਥ**---ਜਿਹੜਾ ਮਨੁੱਖ (ਗਲੇ ਤੋਂ) ਪਰਮਾਤਮਾ ਦੇ ਨਾਮ ਦੇ ਉਚਾਰਨ ਨੂੰ ਗਲੇ ਦੀ ਸੁੰਦਰ ਮਾਲਾ ਬਣਾਂਦਾ ਹੈ, (ਹਿਰਦੇ ਵਿਚ) ਪ੍ਰੇਮ ਟਿਕਾਣ ਨੂੰ ਮਾਲਾ ਦੀ ਥੈਲੀ ਬਣਾਂਦਾ ਹੈ, ਜਿਹੜਾ ਮਨੁੱਖ ਜੀਭ ਨਾਲ ਸਿਫ਼ਤਿ-ਸਾਲਾਹ ਦੀ ਬਾਣੀ ਉਚਾਰਦਾ ਹੈ, ਉਹ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ।

**ਵਿਚਾਰ ਚਰਚਾ—**

1. ਕੀ ਸਿੱਖੀ ਵਿੱਚ ਮਾਲ਼ਾ ਦਾ ਕੋਈ ਮਹੱਤਵ ਹੈ?

2. ਜੇ ਮਾਲਾ ਦਾ ਕੋਈ ਮਹੱਤਵ ਨਹੀਂ ਹੈ ਤਾਂ ਫਿਰ ਸਿੱਖ ਕਿਉਂ ਮਾਲਾ ਘੁਮਾਉਂਦੇ ਹਨ?

3. ਕੀ ਲੁਕਾਅ ਕੇ ਮਾਲ਼ਾ ਫੇਰਨੀ ਚਾਹੀਦੀ ਹੈ?

4. ਕੀ ਮਾਲਾ ਧਾਗੇ, ਲੋਹੇ ਜਾਂ ਕਿਸੇ ਹੋਰ ਧਾਤ ਦੇ ਬਣੇ ਹੋਏ ਖਾਸ ਮਣਕਿਆਂ ਦੀ ਹੋਣੀ ਚਾਹੀਦੀ ਹੈ?

5. ਗਲੇ ਤੋਂ ਪ੍ਰਮਾਤਮਾ ਦੇ ਨਾਮ ਨੂੰ ਉਚਾਰਨ ਕਰਨਾ ਹੀ ਰੱਬੀ ਮਾਲ਼ਾ ਹੈ ਇਸ ਦਾ ਭਾਵ ਅਰਥ ਹੈ ਕਿ ਅਸੀਂ ਆਪਣੇ ਗਲੇ ਤੋਂ ਜੋ ਬੋਲਦੇ ਹਾਂ ਉਸ ਵਿੱਚ ਪ੍ਰੇਮ-ਮਿਠਾਸ ਤੇ ਪ੍ਰੋੜਤਾ ਹੋਣੀ ਚਾਹੀਦੀ ਹੈ। ਅਧੂਰੇ ਗਿਆਨ ਤੇ ਤਰਕ ਹੀਣ ਦਲੀਲਾਂ ਨਹੀਂ ਹੋਣੀਆਂ ਚਾਹੀਦੀਆਂ।

6. ਅਧਿਆਪਕ ਪੜ੍ਹਾ ਰਿਹਾ ਹੈ, ਡਾਕਟਰ ਦਵਾਈ ਦਸ ਰਿਹਾ ਹੈ ਇੱਕ ਕੋਚ ਖਿਡਾਰੀਆਂ ਨੂੰ ਖੇਡ ਦੇ ਵਲ ਸਮਝਾ ਰਿਹਾ ਹੈ ਤਾਂ ਕਿਹਾ ਜਾ ਸਕਦਾ ਹੈ ਇਹ ਲੋਕ ਆਪਣੇ ਆਪਣੇ ਕਿੱਤੇ ਦੁਆਰਾ ਬੋਲਣ ਦੀ ਜੋ ਸਹੀ ਪ੍ਰਕਿਰਿਆ ਨਿਭਾਅ ਰਹੇ ਹਨ ਤਾਂ ਇਹ ਕੁਦਰਤੀ ਮਾਲ਼ਾ ਹੀ ਫੇਰ ਰਹੇ ਹਨ। ਭਾਵ ਕਿ ਆਪਣੇ ਕਰਮ ਦੀ ਮਾਲਾ ਫੇਰ ਰਹੇ ਹਨ।

7. ਲੁਕਾ ਕੇ ਮਾਲ਼ਾ ਫੇਰਨ ਲਈ ਖਾਸ ਕਿਸਮ ਦੀ ਗੁਥਲੀ ਗਊ ਦੇ ਮੂੰਹ ਵਰਗੀ ਬਣਾਈ ਹੁੰਦੀ ਹੈ ਕਿ ਮਾਲਾ ਦੇ ਮਣਕੇ ਜ਼ਮੀਨ ਤੇ ਨਾ ਲੱਗਣ, ਦੂਜਾ ਕਿਸੇ ਨੂੰ ਪਤਾ ਨਾ ਲੱਗੇ-ਇਹ ਦੋਵੇਂ ਗੱਲਾਂ ਵਹਿਮ ਅਤੇ ਵਿਹਲੇ ਰਹਿਣ ਦੀ ਆਦਤ ਨੂੰ ਜਨਮ ਦੇਂਦੀਆਂ ਹਨ। ਫਿਰ ਸਮਝ ਵਿੱਚ ਆਉਂਦਾ ਹੈ ਕਿ ਹੱਥਾਂ ਨਾਲ ਆਪਣੀ ਕਿਰਤ ਵਲ ਧਿਆਨ ਦੇਣਾ ਹੈ ਨਾ ਕਿ ਫੋਕਟ ਦੇ ਕਰਮ ਕਰਨੇ ਹਨ। ਅੱਜ ਕਲ੍ਹ ਤਾਂ ਭਾਰਤ ਵਿੱਚ ਮੇਜ਼ ਦੇ ਥੱਲੇ ਦੀ ਹੱਥ ਕਰਕੇ ਰਿਸ਼ਵਤ ਲਈ ਜਾਂਦੀ ਹੈ ਭਾਵ ਰਿਸ਼ਵਤ ਲੁਕਾ ਕੇ ਫੜਾਈ ਜਾਂਦੀ ਹੈ।

8. ਜ਼ਬਾਨ ਨਾਲ ਰੱਬ ਦੀ ਸਿਫਤੋ ਸਲਾਹ ਕਰਨ ਤੋਂ ਮੁਰਾਦ ਹੈ ਕਿ ਜਿਹੜਾ ਕਿੱਤਾ ਸਿੱਖਿਆ ਹੈ ਉਸ ਦੀ ਵਿਆਖਿਆ ਸਹੀ ਢੰਗ ਤਰੀਕੇ ਨਾਲ ਕੀਤੀ ਜਾਏ। ਸਹੀ ਰਾਏ ਦੇਣੀ ਅਤੇ ਸਹੀ ਜ਼ਬਾਨ ਦੀ ਵਰਤੋਂ ਕਰਨ ਤੋਂ ਹੈ।

9. ਮਾਇਆ ਦੇ ਪ੍ਰਭਾਵ ਤੋਂ ਬਚਣ ਦੀ ਤਾਗ਼ੀਦ ਕੀਤੀ ਗਈ ਹੈ—ਉਹ ਸਭ ਕੁੱਝ ਮਾਇਆ ਦੇ ਅਧੀਨ ਆਉਂਦਾ ਹੈ ਜਿਹੜਾ ਸਾਨੂੰ ਹਕੀਕੀ ਮਾਰਗ ਤੋਂ ਉਖੇੜਦਾ ਹੈ—ਹਕੀਕਤ ਦੀ ਸਮਝ ਆਉਣ ’ਤੇ ਮਨੁੱਖ ਉਲਝਣਾਂ ਤੋਂ ਬਚ ਜਾਂਦਾ ਹੈ।

10. ਧਾਗੇ, ਲੋਹੇ ਜਾਂ ਕਿਸੇ ਹੋਰ ਧਾਤ ਦੀ ਬਣੀ ਹੋਈ ਮਾਲ਼ਾ ਦਾ ਸਿੱਖ ਸਿਧਾਂਤ ਵਿੱਚ ਕੋਈ ਥਾਂ ਨਹੀਂ ਹੈ।

11. ਏਡੇ ਵੱਡੇ ਉਪਦੇਸ਼ ਹੋਣ ਕਰਕੇ ਵੀ ਸਿੱਖ ਅਗਿਆਨਤਾ ਵੱਸ ਦਿਨੇ ਰਾਤ ਮਾਲ਼ਾ ਘੁਮਾਉਣ ਨੂੰ ਹੀ ਪਰਮ ਧਰਮ ਸਮਝੀ ਬੈਠੇ ਹਨ।

12. ਅਸਲ ਮਾਲ਼ਾ ਸਹੀ ਸਮੇਂ ਦੀ ਪਾਬੰਧੀ, ਕਿਰਤ ਕਰਨੀ, ਸਹੀ ਵਿਚਾਰ ਰੱਖਣੇ, ਆਪਣੇ ਕਿੱਤੇ ਪ੍ਰਤੀ ਜਵਾਬ ਦੇਹ ਹੋਣਾ ਵੱਢੀ ਖੋਰੀ ਤੋਂ ਬਚੇ ਰਹਿਣਾ ਹੀ ਅਸਲ ਮਾਲ਼ਾ ਹੈ।

ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਗੁਰਦੁਆਰੇ ਦੀ ਦੁਕਾਨ ’ਤੇ ਮਾਲਾ ਨਹੀਂ ਵਿਕਣੀ ਚਾਹੀਦੀ —

**ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥**1॥ (476) -0-

## ਛੇਵੇਂ ਪਾਤਿਸ਼ਾਹ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

● ਰਮੇਸ਼ ਬੱਗਾ ਚੋਹਲਾ #9463132719 ●

ਸਿੱਖ ਧਰਮ ਇੱਕ ਅਜਿਹਾ ਧਰਮ ਹੈ ਜਿਹੜਾ ਰੱਬੀ ਨੇੜਤਾ/ਮਿਹਰ ਨੂੰ ਹਾਸਲ ਕਰਨ ਲਈ ਕੇਵਲ ਪ੍ਰੇਮ ਪੂਰਵਕ ਅਤੇ ਸ਼ਰਧਾਮਈ ਜੀਵਨ-ਜਾਂਚ ਨੂੰ ਅਪਨਾਉਣ ਦੀ ਡੱਟਵੀ ਹਮਾਇਤ ਕਰਦਾ ਹੈ।ਗੱਲ ਇੱਥੇ ਹੀ ਬਸ ਨਹੀਂ ਸਗੋਂ ਪਰਮਾਰਥ ਦਾ ਪੈਂਡਾ ਤਹਿ ਕਰਕੇ ਉਸ ਪਰਮ-ਪਿਤਾ ਦੀ ਕਿਰਪਾ ਦਾ ਪਾਤਰ ਬਣਨ ਲਈ ਵਿਚਾਰਾਂ ਦੀ ਉੱਚਤਾ ਅਤੇ ਵਿਹਾਰ ਦੀ ਸੁੱਚਤਾ ਦੀ ਬਾਤ ਵੀ ਪਾਈ ਹੈ। ਗੁਰੂ ਨਾਨਕ ਸਾਹਿਬ ਜੀ ਨੇ ਤਾਂ ਮਨੁੱਖੀ ਕਾਰ-ਵਿਹਾਰ ਕਰਦਿਆਂ ਹੀ ਰੂਹਾਨੀਅਤ ਦੀਆਂ ਸਿਖਰਾਂ ਛੂਹਣ ਦੀ ਗੱਲ ਇਸ ਤਰ੍ਹਾਂ ਕੀਤੀ ਹੈ-

**ਨਾਨਕ ਸਤਿਗੁਰਿ ਭੇਟਿਐ**
**ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ**
**ਪੈਨੰਦਿਆ ਖਾਵੰਦਿਆ**
**ਵਿਚੇ ਹੋਵੈ ਮੁਕਤਿ ॥ 2 ॥ (ਪੰਨਾ-522)**

ਪੰਜਵੇਂ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਤਾਂ ਸਿੱਖ ਧਰਮ ਸ਼ਾਂਤਮਈ ਕਦਰਾਂ-ਕੀਮਤਾਂ ਦੀ ਡੱਟ ਕੇ ਪਹਿਰੇਦਾਰੀ ਕਰਦਾ ਰਿਹਾ ਅਤੇ ਰਾਜਸੀ ਅਤਿਆਚਾਰ ਨੂੰ ਵੀ ਠੱਲ ਪਾਉਣ ਲਈ ਸ਼ਹੀਦੀਆਂ ਦਿੱਤੀਆਂ ਤੇ ਇਹਨਾਂ ਸ਼ਹੀਦੀਆਂ ਉਪਰੰਤ ਸਿੱਖ ਧਰਮ ਇਕ ਨਿਵੇਕਲੇ ਅਤੇ ਕ੍ਰਾਂਤੀਕਾਰੀ ਮੋੜ ਵੱਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:-

**ਪੰਜ ਪਿਆਲੇ ਪੰਜ ਪੀਰ**
**ਛਟਮ ਪੀਰ ਬੈਠਾ ਗੁਰ ਭਾਰੀ ॥**
**ਅਰਜਨ ਕਾਇਆਂ ਪਲਟ ਕੈ**
**ਮੂਰਤ ਹਰਿਗੋਬਿੰਦ ਸਵਾਰੀ ॥**
**ਚਲੀ ਪੀੜ੍ਹੀ ਸੋਢੀਆਂ**
**ਰੂਪ ਦਿਖਾਵਨ ਵਾਰੋ ਵਾਰੀ ॥**
**ਦਲ ਭੰਜਨ ਗੁਰ ਸੂਰਮਾਂ**
**ਵਡ ਜੋਧਾ ਬਹੁ ਪਰਉਪਕਾਰੀ ॥**
**(1-48-4)**

**ਗੁਰੂ ਸਾਹਿਬ ਦੀ ਪੰਜਵੀ ਲੜਾਈ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ 29 ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾ ਦਿੱਤੀ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰੇਕ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਜਿਥੇ ਗੁਰੂ ਸਾਹਿਬ ਨੇ ਆਪਣੀ ਕਹਿਣੀ ਅਤੇ ਕਰਨੀ ਵਿਚ ਸਮਤੋਲ ਬਣਾਈ ਰੱਖਿਆ ਉਥੇ ਆਪਣੇ ਵਿਸ਼ਵਾਸ਼ ਪਾਤਰਾਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜੀ ਰੱਖਿਆ।**

ਪੀੜ੍ਹੀ ਭਾਵੇਂ ਸੋਢੀਆਂ ਦੀ ਹੀ ਸੀ ਅਤੇ ਹੁਕਮ ਵੀ ਪੰਚਮ ਪਾਤਿਸ਼ਾਹ ਦਾ ਹੀ ਵਰਤ ਰਿਹਾ ਸੀ ਪਰ ਅਭਿਆਸੀ ਰੂਪ ਵਿਚ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਾਣ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੀ ਹਿੱਸੇ ਆਉਂਦਾ ਹੈ। ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਕੇ ਜਿਥੇ ਛੇਵੇਂ ਪਾਤਿਸ਼ਾਹ ਨੇ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਦੀ ਸੰਤ ਬਲ ਅਤੇ ਰਾਜ ਬਲ ਨਾਲ ਆਪਸੀ ਸਾਂਝ ਪੁਆਈ, ਉਥੇ ਸੰਤਾ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਕਿਉਂਕਿ ਗੁਰੂ ਸਾਹਿਬ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਗੁਰੂ ਨਾਨਕ ਦੇ ਘਰ ਵਿੱਚ ਸੰਤਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹੋਣਗੇ। ਭਾਵ ਇਕ ਚੰਗਾ ਸੰਤ, ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਇਕ ਚੰਗਾ ਸੰਤ ਵੀ ਸਾਬਤ ਹੋ ਸਕਦਾ ਹੈ।

ਗੁਰੂ ਨਾਨਕ ਪਾਤਿਸ਼ਾਹ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 19 ਜੂਨ 1595 (ਕੁੱਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵੱਸੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ।

ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਮੌਕੇ ਦੀਆਂ ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆਂ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆ ਵਿਚ ਪ੍ਰਮੁੱਖ ਨਾਮ ਪ੍ਰਿਥੀ ਚੰਦ ਦਾ ਸੀ ਜੋ ਪਰਿਵਾਰਕ ਤੌਰ ਤੇ ਗੁਰੂ ਸਾਹਿਬ ਦੇ ਤਾਇਆ ਜੀ ਲੱਗਦੇ ਸਨ। ਗੁਰਗੱਦੀ ਤੇ ਕਬਜਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤ ਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਦਾਈ ਨੂੰ ਜ਼ਹਿਰ ਲੱਗਾ ਦੁੱਧ ਪਿਆਉਣ ਲਈ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ। ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ ਆਪ ਲਈ ਹੀ ਘਾਤਕ ਸਾਬਤ ਹੋ ਗਿਆ। ਇਸ ਤੋਂ ਬਾਅਦ ਪ੍ਰਿਥੀਏ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਫ਼ਨੀਅਰ ਸੱਪ ਨੂੰ ਛੱਡ ਦਿੱਤਾ ਪਰ ਹਰਿਗੋਬਿੰਦ ਜੀ (ਗੁਰੂ ਜੀ) ਉਸ ਵਾਰ ਤੋਂ ਵੀ ਬਚ ਗਏ।

ਗੁਰੂ ਅਰਜਨ ਦੇਵ ਜੀ ਜੋ ਸਰਬੱਤ ਦੇ ਭਲੇ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਲਾਹੌਰ ਗਏ ਹੋਏ ਸਨ। ਉਹ ਪਰਿਵਾਰ ਸਮੇਤੇ 1597 ਈ: ਨੂੰ ਵਡਾਲੀ ਗੁਰੂ ਕੀ ਵਿਖੇ ਆ ਗਏ।ਵਡਾਲੀ ਤੋਂ ਗੁਰੂ ਜੀ ਨੂੰ ਅੰਮ੍ਰਿਤਸਰ ਆਉਣਾ ਪਿਆ। ਪ੍ਰਿਥੀ ਚੰਦ ਵੀ ਅੰਮ੍ਰਿਤਸਰ ਵਿਖੇ ਹੀ ਰਹਿੰਦਾ ਸੀ। ਉਸ ਦੀਆਂ ਪਹਿਲੀਆਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਤਾਂ ਕੁੱਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਵਾਰ ਉਹ ਥੋੜਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ ਤੇ ਤੀਸਰਾ ਹਮਲਾ ਕਰ ਦਿੱਤਾ।ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਦਹੀਂ ਖਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਖਿਡਾਵਾ ਕੋਈ ਧੱਕੇਸ਼ਾਹੀ ਕਰਦਾ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਉੱਥੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਅਤਿ ਨੀਚ ਹਰਕਤ ਦੀ ਕੀਮਤ (ਸੂਲ ਪੈ ਜਾਣ ਕਾਰਨ) ਜਾਨੋਂ ਹੱਥ ਧੋ ਕੇ ਚੁਕਾਉਣੀ ਪਈ।

1605 ਈ: ਦੇ ਅਕਤੂਬਰ ਮਹੀਨੇ ਵਿਚ ਜਹਾਂਗੀਰ ਦੀ ਤਖਤਪੋਸ਼ੀ ਹੋਣ ਨਾਲ ਅਕਬਰ ਵਲੋ ਵੱਖ-ਵੱਖ ਧਰਮਾਂ ਪ੍ਰਤੀ ਅਪਨਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ। ਇਹਨਾਂ ਕੱਟੜ ਪੰਥੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਬਾਬਾ ਬੁੱਢਾ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੈ ਹਨ।

6 ਅਪ੍ਰੈਲ 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋਂ ਬਾਗੀ ਹੋ ਕੇ ਆਗਰੇ ਤੋਂ

ਪੰਜਾਬ ਵੱਲ ਭੱਜ ਪਿਆ। ਤਿੰਨ ਕੁ ਹਫ਼ਤਿਆਂ (27 ਅਪ੍ਰੈਲ) ਬਾਅਦ ਉਹ ਝਨਾ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹੰਦੀ ਅਤੇ ਕੁੱਝ ਹੋਰ ਕੱਟੜ ਪੰਥੀਆਂ ਨੇ ਜਹਾਂਗੀਰ ਦੇ ਕੰਨਾ ਵਿਚ ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਖੁਸਰੋ ਨੂੰ ਸਹਾਇਤਾ ਅਤੇ ਸਹਿਯੋਗ ਦੇਣ ਦੀ ਝੂਠੀ ਫੂਕ ਮਾਰ ਦਿੱਤੀ। ਜਹਾਂਗੀਰ ਤੇ ਫੂਕ ਦਾ ਅਜਿਹਾ ਅਸਰ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ।

ਸੰਨ 1606 ਮਈ ਮਹੀਨੇ ਦੇ ਆਖਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁੱਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰਾ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਦੀ ਜਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸੌਂਪ ਦਿੱਤੀ। ਇਸ ਮੌਕੇ ਤੇ ਹੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ ਦੀ) ਪਹਿਨਾਈਆਂ) ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ।

ਸ੍ਰੀ ਗੁਰੂ ਹਰਗੋਬਿੰਦ ਜੀ ਦੀ ਵਰੇਸ ਭਾਵੇਂ ਅਜੇ 11 ਕੁ ਸਾਲ ਦੀ ਹੀ ਸੀ ਪਰ ਆਪਣੇ ਦੂਰਦਰਸ਼ਕ ਨਜ਼ਰੀਏ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗਲ ਹਕੂਮਤ ਦੀ ਅਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥੱਕ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁੱਖੀ ਕੋਸ਼ਿਸ਼ ਨੂੰ ਅਸਫ਼ਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਇਸ ਰਾਹ ਤੇ ਸਫ਼ਲਤਾ ਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ ਨਾਲ ਵਧੀਆ ਘੋੜੇ ਅਤੇ ਸ਼ਸਤਰ ਵੀ ਖ੍ਰੀਦ ਕੇ ਭੇਜਿਆ ਕਰਨ। ਇਸ ਤਰ੍ਹਾਂ ਸਿੱਖਾਂ ਕੋਲ ਜਿਥੇ ਘੋੜਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਉਥੇ ਗੁਰੂ ਘਰ ਦਾ ਅਸਲਾਖਾਨਾ ਵੀ ਚੰਗਿਆਂ ਸ਼ਸਤਰਾਂ ਨਾਲ ਭਰਪੂਰ ਹੋਣ ਲੱਗ ਪਿਆ।

ਘੋੜੇ ਅਤੇ ਹਥਿਆਰ ਜਮ੍ਹਾਂ ਕਰਨ ਦੇ ਨਾਲ-ਨਾਲ ਸਾਹਿਬ ਨੇ ਆਪਣੇ ਸਿਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ 52 ਨਿਪੁੰਨ ਅੰਗ-ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵੱਧਣ ਲੱਗੀ।ਦੂਰੋਂ-ਨੇੜਿਓ ਕਈ ਗਭਰੂ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਮਾਰਸ਼ਲ ਆਰਟ ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।



ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ ਰਾਜਿਆਂ-ਮਹਾਂਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਵੰਗਾਰਾਤਮਕ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖਤਿਆਰ ਕਰ ਗਈ ਜਦੋਂ 1608 ਈ: ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਹੋ ਗਈ। ਇਸ ਉਸਾਰੀ ਦਾ ਅਰਥ ਅਕਾਲ ਪੁਰਖ ਦਾ ਸਦੀਵੀਂ ਸਿੰਘਾਸਨ ਕਾਇਮ ਕਰਨਾ ਸੀ। ਅਕਾਲ ਤਖਤ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ, ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਵਜੋਂ ਸਥਾਪਿਤ ਕੀਤੇ ਗਏ। ਇਸ ਤਖਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਇਸ ਤਖਤ ਦੇ ਸਾਹਮਣੇ ਦੀਵਾਨ ਸਜਾ ਕੇ ਢਾਡੀਆਂ ਦੀਆਂ ਵਾਰਾਂ ਨਾਲ ਸਿੱਖ ਸੰਗਤਾਂ ਵਿਚ ਬੀਰ ਰਸ ਦਾ ਸੰਚਾਰ ਵੀ ਕੀਤਾ ਜਾਂਦਾ ਸੀ। ਇਸ ਬੀਰ-ਰਸੀ ਪ੍ਰਭਾਵ ਸਦਕਾ ਹੀ ਸਿੱਖ ਫੌਜੀਆਂ ਦੀ ਗਿਣਤੀ 500 ਤੱਕ ਪਹੁੰਚ ਗਈ।ਇਸ ਫ਼ੌਜ ਨੂੰ ਪੰਜ ਕਮਾਂਡਰਾਂ (ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ,ਭਾਈ ਪੈੜਾ ਅਤੇ ਭਾਈ ਮੋਖਾ ਜੀ) ਦੀ ਕਮਾਂਡ ਹੇਠ ਕਰ ਦਿੱਤਾ ਗਿਆ।

ਜਦੋਂ ਜਹਾਂਗੀਰ ਨੂੰ ਆਗਰੇ ਨੂੰ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ ਤਾਂ ਇਹ ਸਮਾਂ ਗੁਰੂ ਸਾਹਿਬ ਲਈ ਕੁਝ ਟਿਕਾਊਪਣ ਵਾਲਾ ਸਾਬਤ ਹੋਇਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇਥੇ ਹੀ ਗੁਰੂ ਕੀ ਫ਼ੌਜ ਵਿਚ ਭਰਤੀ ਹੋਇਆ ਸੀ।

ਦੁਆਬੇ ਤੋਂ ਬਾਅਦ ਗੁਰੂ ਜੀ ਆਪਣੇ ਸਾਂਢੂ (ਸਾਂਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇਥੇ ਰਹਿ ਕੇ ਗੁਰੂ ਜੀ ਨੇ ਜਿਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ ਘਰ ਪਹੁੰਚਾਇਆ। ਕਸ਼ਮੀਰ ਨੂੰ ਬੇਸ਼ੱਕ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ ਪਰ ਭੁੜ੍ਹਾਂ ਮਾਰੀ ਲੋਕਾਈ ਲਈ ਇਹ ਸਵਰਗੀ ਆਨੰਦ ਕਿਥੋਂ? ਗਿਲਟੀ ਤਾਪ ਦੀ ਤਪਸ਼ ਨਾਲ ਕਸ਼ਮੀਰ ਦਾ ਗਰੀਬ-ਗੁਰਬਾ ਕੁਰਲਾ ਰਿਹਾ ਸੀ। ਇਹ ਕੁਰਲਾਹਟ ਜਦੋਂ ਛੇਵੇਂ ਨਾਨਕ ਤੱਕ ਪਹੁੰਚੀ ਤਾਂ ਦੁਖੀਆਂ ਦਾ ਦਰਦ ਵੰਡਾਉਣ ਲਈ ਉਹ ਕਸ਼ਮੀਰ ਦੀ ਧਰਤੀ ਤੇ ਪਹੁੰਚ ਗਏ। ਦੇਸ਼-ਪ੍ਰਦੇਸ਼ ਤੋਂ ਆਈ ਦਸਵੰਧ ਦੀ ਮਾਇਆ ਵੀ ਰੋਗੀਆਂ ਦੀ ਅਰੋਗਤਾ ਹਿੱਤ ਵਰਤਣੀ ਆਰੰਭ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਜੀ ਸਿਆਲਕੋਟ ਅਤੇ ਲਾਹੌਰ ਦੀਆਂ ਸੰਗਤਾਂ ਦੀਆਂ ਤਕਲੀਫ਼ਾਂ ਵੀ ਦੂਰ ਕਰਨ ਲਈ ਜਾਇਆ ਕਰਦੇ ਸਨ।

ਗੁਰੂ ਸਾਹਿਬ ਦੀ ਸੇਵਾ-ਭਾਵਨਾ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾਂ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ ਤੇ ਬਣਵਾਇਆ ਗਿਆ ਸੀ। ਕਈਆਂ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਿਸ਼ਾਹ ਕਿਲ੍ਹੇ ਵਿਚ ਗਏ, ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆ ਦੇ ਰਾਜੇ ਵੀ ਕੈਦ ਕਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ।ਗੁਰੂ ਜੀ ਦੀ ਆਮਦ ਨਾਲ ਇਹ ਮਨਹੂਸ ਕਿਲ੍ਹਾ ਇਕ ਧਰਮਸ਼ਾਲਾ ਦਾ ਰੂਪ ਵਟਾ ਗਿਆ। ਸਵੇਰੇ-ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲ੍ਹੇ ਵਿਚਲੇ ਵਾਤਾਵਰਣ ਨੂੰ ਹੀ ਬਦਲ ਕੇ ਰੱਖ ਦਿੱਤਾ।ਇਥੋਂ ਤੱਕ ਕਿ ਕਿਲ੍ਹੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ।

ਇਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਿਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ,ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਸਭ ਤੋਂ ਵੱਧ ਖੁਸ਼ੀ ਚੰਦੂ ਨੂੰ ਹੋਈ ਕਿਉਂਕਿ ਉਸ ਨੂੰ ਪਤਾ ਸੀ, ਕਿ ਜੇਕਰ ਗੁਰੂ ਜੀ ਬਾਹਰ ਆ ਗਏ ਤਾਂ ਉਸ ਨੂੰ ਆਪਣੇ ਕੀਤੇ ਹੋਏ ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਉਸ ਨੇ ਦਰੋਗੇ ਹਰੀਦਾਸ ਰਾਹੀਂ ਗੁਰੂ ਸਾਹਿਬ ਨੂੰ ਖਤਮ ਕਰਨ ਦਾ ਨਾਕਾਮ ਯਤਨ ਵੀ ਕੀਤਾ।

ਜਹਾਂਗੀਰ ਜੋਬਨ ਰੁੱਤ ਤੋਂ ਹੀ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਵੱਡੀ ਹੋਣ ਨਾਲ ਉਸ ਨੂੰ ਇਹ ਸ਼ੌਕ ਕੁੱਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਸਿਆਸੀ ਕੈਦੀ ਰਾਜਿਆ ਨੂੰ ਲੱਗਾ ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ "ਸੱਚੇ ਪਾਤਿਸ਼ਾਹ! ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁੱਟਕਾਰਾ ਦਿਵਾ ਦਿਉਂ।" ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆ ਨੂੰ ਰਿਹਾ ਕੀਤਾ ਜਾਵੇਗਾ। ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਹਨਾਂ ਚਿਰਾਂ ਤੋਂ ਬੰਦ ਕੀਤੇ ਹੋਏ ਸਿਆਸੀ ਰਾਜਿਆ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ। ਜਿਨ੍ਹਾਂ ਦੀ ਗਿਣਤੀ 52 ਦੱਸੀ ਜਾਂਦੀ ਹੈ। ਇਸੇ ਕਰਕੇ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਹਰਗੋਬਿੰਦ ਜੀ ਧੰਨ ਗੁਰੂ ਨਾਨਕ ਸਾਹਿਬ ਜੀ ਵਲੋਂ ਸਥਾਪਿਤ ਕੀਤੇ ਸਾਂਝੀਵਾਲਤਾ ਦੇ ਸਿਧਾਂਤ ਦੇ ਪਹਿਰੇਦਾਰ ਵੀ ਸਨ। ਇਸ ਪਹਿਰੇਦਾਰੀ ਦੀ ਗਵਾਹੀ ਲਾਹੌਰ ਦੇ ਰਹਿਣ ਵਾਲੇ ਸ਼ਾਹੀ ਕਾਜ਼ੀ ਦੀ ਬੇਟੀ ਬੀਬੀ ਕੌਲਾ ਦੇ ਆਪ ਜੀ ਪ੍ਰਤੀ ਪ੍ਰਗਟਾਏ ਪਿਆਰ ਅਤੇ ਸਤਿਕਾਰ ਤੋਂ ਭਲੀ-ਭਾਂਤ ਮਿਲ ਜਾਂਦੀ ਹੈ। ਗੁਰੂ ਘਰ ਪ੍ਰਤੀ ਬੀਬੀ ਕੌਲਾਂ ਦਾ ਅਥਾਹ ਪਿਆਰ ਉਸ ਦੇ ਪਿਉਂ ਤੋ ਸਹਾਰਿਆ ਨਾ ਗਿਆ ਅਤੇ ਉਸ ਨੇ ਆਪਣੀ ਲਾਡਲੀ ਧੀ ਦੇ ਖਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਇਸ ਫ਼ਤਵੇ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਪੰਚਮ ਪਾਤਿਸ਼ਾਹ ਦੇ ਪਰਮ-ਮਿੱਤਰ ਅਤੇ ਗੁਰੂ ਨਾਨਕ ਦੀ ਸੋਚ ਪ੍ਰਤੀ ਆਸਥਾ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਨੇ ਆਪਣੇ ਖਾਸ ਮੁਰੀਦਾਂ ਦੀ ਮਦਦ ਨਾਲ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਗੁਰੂ ਸਾਹਿਬ ਦੀ ਸ਼ਰਨ ਵਿੱਚ ਭੇਜ ਦਿੱਤਾ। ਬਾਬੇ ਨਾਨਕ ਦਾ ਘਰ ਸ਼ਰਨ ਆਏ ਦੀ ਹਮੇਸ਼ਾ ਲਾਜ ਰੱਖਦਾ ਆਇਆ ਹੈ ਅਤੇ ਬੀਬੀ ਦੀ ਲਾਜ ਰੱਖਣ ਲਈ ਛੇਵੇਂ ਨਾਨਕ ਨੇ ਉਸ ਦੀ ਰਿਹਾਇਸ਼ ਦਾ ਵੱਖਰਾ ਬੰਦੋਬਸਤ ਕਰ ਦਿੱਤਾ।

ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਲਾਹੌਰ ਤੋ ਕੁੱਝ ਹੱਟ ਕੇ ਬਣਾਉਣਾ ਚਾਹੁੰਦੇ ਸਨ। ਇਸ ਚਾਹਤ ਲਈ ਉਨ੍ਹਾਂ ਨੇ ਆਪਣੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ ਤੇ ਵੱਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ। ਇਹ ਨਗਰ ਸਿੱਖ ਸਮਾਜ ਲਈ ਬਹੁਤ ਹੀ ਮੁਕੱਦਸ ਅਤੇ ਸਤਿਕਾਰ ਵਾਲਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇ ਆਪਣੀ ਫੌਜ ਰੱਖਣਾ, ਨਗਾਰਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗਲ ਸਰਕਾਰ ਲਈ ਸਿੱਧੀ ਵੰਗਾਰ ਸੀ।

1627 ਈ. ਵਿਚ ਜਹਾਂਗੀਰ ਫੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜ ਪੰਥੀ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਉਸਨੇ ਗੈਰ-ਮੁਸਲਿਮ ਭਾਈਚਾਰੇ ਤੇ ਜ਼ਿਆਦਤੀਆਂ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ ਪਾਉਣ ਲਈ ਛੇਵੇਂ ਗੁਰੂ ਨੂੰ ਸਮੇਂ-ਸਮੇਂ ਕਈ ਜੰਗਜੂ ਕਾਰਵਾਈਆਂ/ ਲੜਾਈਆਂ ਵੀ ਕਰਨੀਆਂ ਪਈਆਂ। ਇਸ ਲੜੀ ਵਜੋਂ ਉਨ੍ਹਾਂ ਨੂੰ ਰੁਹਲੇ (ਸ੍ਰੀ ਹਰਿਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਲੜਾਈ ਲੜਨੀ ਪਈ।

ਗੁਰੂ ਸਾਹਿਬ ਦੀ ਦੂਜੀ ਜੰਗ ਲੋਹਗੜ ਤੋਂ ਲੈ ਕੇ ਅਜੋਕੇ ਖਾਲਸਾ ਕਾਲਜ ਤੱਕ ਹੋਈ। ਇਸ ਲੜਾਈ ਵਿਚ ਗੁਰੂ ਕੀ ਫੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ। ਇਹ ਸਮਾਂ ਅੱਧ ਅਪ੍ਰੈਲ 1634 ਈ. ਦਾ ਹੈ।

ਤੀਜੀ ਲੜਾਈ ਮਰਾੜ ਦੇ ਨਜਦੀਕ ਇਕ ਢਾਬ ਉੱਤੇ ਮੋਰਚੇ ਕਾਇਮ ਕਰਕੇ ਲੜੀ ਗਈ। ਜਿਸ ਦਾ ਕਾਰਨ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆਂ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਗੁਰੂ ਦਰਬਾਰ ਵਿਚ ਅਪੜਾਉਣਾ ਸੀ ਜਿਨ੍ਹਾਂ ਨੂੰ ਕਾਬਲ ਤੋਂ ਆ ਰਹੇ ਸਿੱਖਾਂ ਕੋਲੋਂ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਇਹ ਸਮਾਂ ਅੱਧ ਦਸੰਬਰ 1634 ਈ. ਦਾ ਹੈ।

ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ ਜੋ ਸਿੱਖ ਇਤਿਹਾਸ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨ੍ਹਾਂ ਦੁਸ਼ਟਾਂ ਨੇ ਮਿਲਵੇ ਰੂਪ ਵਿਚ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਇਹ ਜੰਗ ਅਪ੍ਰੈਲ ਮਹੀਨੇ ਦੇ ਆਖਰੀ ਹਫ਼ਤੇ 1635 ਈਸਵੀ ਨੂੰ ਲਗਾਤਾਰ ਤਿੰਨ ਦਿਨ ਹੁੰਦੀ ਰਹੀ।

ਗੁਰੂ ਸਾਹਿਬ ਦੀ ਪੰਜਵੀਂ ਲੜਾਈ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ 29 ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾ ਦਿੱਤੀ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰੇਕ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਜਿਥੇ ਗੁਰੂ ਸਾਹਿਬ ਨੇ ਆਪਣੀ ਕਹਿਣੀ ਅਤੇ ਕਰਨੀ ਵਿਚ ਸਮਤੋਲ ਬਣਾਈ ਰੱਖਿਆ ਉਥੇ ਆਪਣੇ ਵਿਸ਼ਵਾਸ਼ ਪਾਤਰਾਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜੀ ਰੱਖਿਆ।

ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਨਤਾ ਨੂੰ ਨੇੜੇ ਜਾਣ ਕੇ ਛੇਵੇਂ ਸਤਿਗੁਰਾਂ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ। ਗੁਰਗੱਦੀ ਸੌਂਪਣ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

-0-


# ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਸ਼੍ਰੋਮਣੀ ਕਮੇਟੀ ਦੀਆਂ ਵੋਟਰ ਸੂਚੀਆਂ ਬਨਾਮ ਸਿੱਖਾਂ ਦੀ ਉਦਾਸੀਨਤਾ

ਕੁਲਵੰਤ ਕੌਰ (ਡਾ) 98156-20515

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸੰਸਥਾ (ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਇਨ੍ਹਾਂ ਦਿਨਾਂ ਵਿਚ ਬਹੁਤ ਚਰਚਾ ਵਿਚ ਹੈ। ਉਂਵ ਅਜਿਹੀ ਗੱਲ ਨਹੀਂ ਕਿ ਪਹਿਲਾਂ ਇਸ ਦੀ ਚਰਚਾ ਘੱਟ ਹੁੰਦੀ ਸੀ - ਅਕਸਰ ਹੀ ਹੁੰਦੀ ਹੈ ਕਿਉਂਕਿ ਜਦੋਂ ਉਦੇਸ਼, ਟੀਚੇ ਤੇ ਨਤੀਜੇ ਅਣਕਿਆਸੇ ਰਹਿ ਜਾਣ ਤਾਂ ਕਿੰਤੂ ਪ੍ਰੰਤੂ ਤਾਂ ਹੋਵੇਗਾ ਹੀ। ਪੰਥਕ ਮਰਜੀਵੜਿਆਂ ਨੇ ਬੇਸ਼ਕੀਮਤੀ ਘਾਲਣਾ, ਸਿਰੜੀ ਲਗਨ, ਅਕਹਿ ਤੇ ਅਸਹਿ ਜ਼ਫ਼ਰ ਜਾਲ ਕੇ ਅਤੇ ਨਿਰੰਤਰ ਸ਼ਹੀਦੀਆਂ ਦੇ ਕੇ ਜਿਸ ਇਤਿਹਾਸਕ, ਮਹੱਤਵਪੂਰਨ, ਵੱਕਾਰੀ, ਮਹਾਨ ਅਤੇ ਨਾਮਵਰ ਸੰਸਥਾ ਨੂੰ ਸਿਰਜਿਆ ਤੇ ਸੰਵਾਰਿਆ ਸੀ, ਅੱਜ ਉਸ ਉੱਪਰ ਲਗਾਤਾਰ ਉੱਠ ਰਹੀਆਂ ਉਂਗਲਾਂ ਦੀ ਆਖ਼ਰ ਕੋਈ ਤਾਂ ਵਜਾਹ ਹੈ। 1920 ਤੋਂ 1925 ਤੱਕ ਪ੍ਰਵਾਹਮਾਨ ਰਹੀ ਗੁਰਦੁਆਰਾ ਸੁਧਾਰ ਲਹਿਰ, ਜਿਸ ਨੇ ਇਤਿਹਾਸਕ ਗੁਰਦੁਆਰਿਆਂ 'ਤੇ ਕਾਬਜ ਹੋ ਚੁੱਕੇ ਚਰਿੱਤਰਹੀਨ, ਲਾਲਚੀ, ਦੁਰਾਚਾਰੀ ਅਤੇ ਕੁਰਹਿਤੀਏ ਮਹੰਤਾਂ ਦਾ ਖ਼ਾਤਮਾ ਕੀਤਾ ਸੀ, ਇਸੇ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਕਾਰਜਸ਼ੀਲ ਰਹੀ ਤੇ ਅੱਜ ਸਭ ਤੋਂ ਵੱਧ ਚਰਚਿਤ ਸ਼੍ਰੋਮਣੀ ਅਕਾਲੀ ਦਲ 14 ਦਸੰਬਰ 1920 ਨੂੰ ਹੋਂਦ ਵਿਚ ਆਇਆ। ਸਪੱਸ਼ਟ ਹੈ ਸ਼੍ਰੋਮਣੀ ਕਮੇਟੀ ਮਾਂ ਜੇਹਾ ਬੁਲੰਦ ਰੁਤਬਾ ਰੱਖਦੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਉਸ ਤੋਂ ਛੋਟਾ, ਉਸ ਤੋਂ ਉਗਮਿਆ ਉਸ ਦਾ ਪੁੱਤਰ ਪਰ ਸਿਤਮਜ਼ਰੀਫ਼ੀ ਦੇਖੋ ਕਿ ਅੱਜ ਪੁੱਤਰ ਨੇ ਹੀ ਮਾਂ ਨੂੰ ਬੁਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ ਹੈ ਤੇ ਮਾਂ ਕੁਸਕ ਵੀ ਨਹੀਂ ਸਕਦੀ। ਜੋ ਕੁਝ ਡਾਢਾ ਪੁੱਤਰ ਹੁਕਮ ਚਾੜ੍ਹੇ, ਸਿਰ ਨੀਵਾਂ ਕਰਕੇ ਉਸ ਉੱਪਰ ਫੁੱਲ ਚਾੜ੍ਹਣ ਲਈ ਮਜਬੂਰ ਹੈ ਮਾਂ।

ਇਹ ਇਕ ਨਿਰਵਿਵਾਦਤ ਤੱਥ ਹੈ ਕਿ ਮੱਧਕਾਲ ਦੇ ਪੰਜਾਬ ਦੇ ਕਿਸਾਨ, ਕਾਰੀਗਰ, ਹਟਵਾਣੀਏ, ਦਲਿਤ ਤੇ ਦਮਿਤ ਲੋਕ ਗੁਰੂ ਪਾਤਿਸ਼ਾਹੀਆਂ ਦੀ ਸੁਘੜ, ਸੁਚੱਜੀ ਤੇ ਵਧੀਆ ਅਗਵਾਈ ਵਿਚ ਜਥੇਬੰਦ ਹੋਏ। ਦਸ ਜਾਮਿਆਂ ਤੱਕ ਮਿਲੀ ਨੇਕ ਤੇ ਸਰਲ ਜੀਵਨ ਜਾਚ ਨੇ ਪੰਜਾਬ ਨੂੰ ਹਿੰਦੁਸਤਾਨ ਦਾ ਵਿਲੱਖਣ, ਨਿਵੇਕਲਾ, ਅੱਡਰਾ ਤੇ ਅਹਿਮ ਅੰਗ ਬਣਾ ਦਿੱਤਾ। ਖਾਲਸੇ ਦੀ ਸਿਰਜਣਾ ਇਕ ਮਹਾਂ ਇਨਕਲਾਬ ਸੀ-ਝੁੱਗੀਆਂ 'ਚ ਵੱਸਣ ਵਾਲਿਆਂ ਨੂੰ ਛਾਉਣੀਆਂ 'ਚ ਲੈ ਜਾਣ ਦੀ ਤਾਕਤ। ਮਾਲਾ ਫੇਰਨ ਵਾਲਿਆ ਨੂੰ ਭਾਲੇ ਲਿਆ ਫੜਾਉਣੇ। ਪੀਰੀ ਦੇ ਨਾਲ ਮੀਰੀ ਦਾ ਸੁਮੇਲ ਕਰ ਦੇਣਾ। ਸਮਕਾਲੀ ਬਾਦਸ਼ਾਹਤਾ ਨੂੰ ਡੰਕੇ ਦੀ ਚੋਟ 'ਤੇ ਜਾ ਵੰਗਾਰਨਾ। ਬੰਦਾ ਸਿੰਘ ਬਹਾਦਰ ਦੀ ਪੰਥਕ ਸਰਕਾਰ ਨੇ ਜਾਗੀਰਦਾਰੀ ਪ੍ਰਥਾ ਮਲੀਆਮੇਟ ਕਰਕੇ, ਜ਼ਮੀਨਾਂ ਦੇ ਮਾਲਕ ਪੰਜਾਬੀਆਂ ਨੂੰ ਬਣਾ ਕੇ ਨਵੇਂ ਕੀਰਤੀਮਾਨ ਸਥਾਪਿਤ ਕਰ ਦਿੱਤੇ। ਗੁਰੂ ਸਾਹਿਬਾਨ ਦੀ ਚਰਨ-ਛੁਹ ਨਾਲ ਨਿਵਾਜੇ ਸਥਾਨ (ਗੁਰਦੁਆਰੇ) ਪੰਜਾਬ ਦੀ ਧਾਰਮਿਕ ਤੇ ਸਭਿਆਚਾਰਕ ਪਛਾਣ ਬਣਨ ਲੱਗੇ। ਬਹੁਤ ਸਾਰੇ ਗੁਰਦਵਾਰੇ, ਗੁਰੂ ਸਾਹਿਬਾਨ ਦੇ ਜੋਤੀ-ਜੋਤ ਸਮਾਉਣ ਪਿੱਛੋਂ ਵੀ ਹੋਂਦ ਵਿਚ ਆਏ ਜਿਵੇਂ ਛੋਟਾ ਤੇ ਵੱਡਾ ਘੱਲੂਘਾਰਾ ਅਤੇ ਧਾੜਵੀਆਂ ਦੀਆਂ ਲੜਾਈਆਂ ਨਾਲ ਸਬੰਧਿਤ ਇਤਿਹਾਸਕ ਸਥਾਨਾਂ 'ਤੇ। ਸਦੀਆਂ ਤੱਕ, ਗੁਰਦੁਆਰਿਆਂ ਦਾ ਪ੍ਰਬੰਧ, ਨਿਰਮਿਲਿਆਂ, ਉਦਾਸੀ ਸੰਤਾਂ ਤੇ ਕਈ ਹੋਰ ਸੰਪਰਦਾਵਾਂ ਦੇ ਪੁਜਾਰੀਆਂ ਕੋਲ ਵੀ ਰਿਹਾ ਪਰ ਸਮੇਂ ਦੇ ਬੀਤਣ ਨਾਲ, ਧਾਰਮਿਕ ਸਥੱਲਾਂ ਦੇ ਪ੍ਰਬੰਧ ਵਿਚ ਬਹੁਤ ਊਣਤਾਈਆਂ ਆ ਗਈਆਂ - ਪੁਜਾਰੀ ਆਪਣੇ ਆਪ ਨੂੰ ਗੁਰੂ ਸਾਹਿਬਾਨ ਦੇ ਬਰਾਬਰ ਸਮਝਣ ਲੱਗ ਪਏ ਜਿਸ ਕਾਰਨ ਬਹੁਤ ਸਾਰੀਆਂ ਦਿਕਤਾਂ ਆਉਣ ਲੱਗ ਪਈਆਂ। ਇਹ ਮਹੰਤ ਅੰਗਰੇਜ਼ ਸਰਕਾਰ ਦੇ ਪਿੱਠੂ ਵੀ ਬਣ ਚੁੱਕੇ ਸਨ ਭਾਵ ਇਨ੍ਹਾਂ ਦੀ ਅੰਗਰੇਜ਼ ਹਕੂਮਤ ਵਲੋਂ ਪਿੱਠ ਥਾਪੜੀ ਜਾਂਦੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦੋਹਾਂ ਸੰਸਥਾਨਾਂ ਨੇ ਗੁਰਦੁਆਰਾ ਸੁਧਾਰ ਲਹਿਰ ਦੀ ਵਧੀਆ ਅਗਵਾਈ ਕੀਤੀ ਜਿਸ ਸਦਕੇ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ, ਗੁਰੂ ਕਾ ਬਾਗ਼, ਜੈਤੋ ਦਾ ਮੋਰਚਾ ਤੇ ਹੋਰ ਮੋਰਚਿਆਂ ਦੀ ਜਿੱਤ ਅਤੇ ਦਾਸਤਾਂ ਲਾਜਵਾਬ ਹੈ। ਇਹ ਅੰਦੋਲਨ ਪੁਰਅਮਨ ਰਹਿੰਦਿਆਂ ਲੜੇ ਗਏ ਤੇ ਜਿੱਤੇ ਵੀ ਗਏ ਜਿਸ ਖ਼ਾਤਰ ਬੇਅੰਤ ਸਿੱਖਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ, ਜੇਲ੍ਹਾਂ ਕਟਣੀਆਂ ਪਈਆਂ ਤੇ ਜਾਇਦਾਦਾਂ ਕੁਰਕ ਕਰਾਉਣੀਆਂ ਪਈਆਂ। ਜਦੋਂ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਹਾਸਿਲ ਕਰਨ ਲਈ ਵਿੱਢੇ ਸੰਘਰਸ਼ ਵਿਚ ਕਾਮਯਾਬੀ ਹਾਸਿਲ ਹੋਈ ਤੇ ਇਹ ਚਾਬੀਆਂ ਬਾਬਾ ਖੜਕ ਸਿੰਘ ਨੂੰ ਸੌਂਪੀਆਂ ਗਈਆਂ ਸਨ ਤਾਂ ਗਾਂਧੀ ਜੀ ਨੇ ਉਨ੍ਹਾਂ ਨੂੰ ਤਾਰ ਰਾਹੀਂ ਵਧਾਈ ਦਿੰਦਿਆਂ ਲਿਖਿਆ ਵੀ ਕਿ:-

'ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਫ਼ੈਸਲਾਕੁਨ ਲੜਾਈ ਜਿੱਤੀ ਗਈ, ਵਧਾਈਆਂ-।'



1925 ਵਿਚ ਗੁਰਦਵਾਰਾ ਐਕਟ ਹੋਂਦ ਵਿਚ ਆਇਆ ਜਿਸ ਪਿੱਛੋਂ ਇਸ ਪ੍ਰਤਿਨਿੱਧ ਸੰਸਥਾ ਨੂੰ ਕਾਨੂੰਨੀ ਮਾਨਤਾ ਵੀ ਮਿਲੀ ਤੇ ਕੇਂਦਰ ਸਰਕਾਰ ਦੀ ਅਧੀਨਗੀ ਵੀ। ਸ਼ਾਇਦ ਦੁਨੀਆ ਦੀ ਹੋਰ ਕੋਈ ਵੀ ਧਾਰਮਿਕ ਸੰਸਥਾ ਇਸ ਕਦਰ ਕੇਂਦਰ ਦੇ ਗ਼ਲਬੇ ਹੇਠ ਨਾ ਹੋਵੇ ਕਿ ਉਸ ਦੀ ਹਰ ਕਾਰਵਾਈ ਕੇਂਦਰ ਦੇ ਹੁਕਮਾਂ ਨਾਲ ਬੱਝੀ ਹੋਵੇ। ਇਸ ਗੁਲਾਮੀ ਤੋਂ ਮੁਕਤ ਹੋਣ ਦੇ ਜਤਨ ਕਰਨੇ ਸਭ ਤੋਂ ਵੱਡੀ ਲੋੜ ਹੈ ਸਿੱਖਾਂ ਦੀ।

ਹਰਿਆਣਾ ਸੂਬੇ ਦੀ ਵੱਖਰੀ ਗੁਰਦੁਆਰਾ ਕਮੇਟੀ ਨੂੰ ਸੁਪਰੀਮ ਕੋਰਟ ਤੋਂ ਮਾਨਤਾ ਮਿਲ ਜਾਣ ਉਪਰੰਤ ਹੁਣ ਪੰਜਾਬ, ਹਿਮਾਚਲ ਪ੍ਰਦੇਸ ਤੇ ਚੰਡੀਗੜ੍ਹ ਦੇ ਹਰ ਬਾਲਗ ਸਿੱਖ ਨੂੰ ਇਸ ਕਮੇਟੀ ਦੇ 159 ਚੁਣੇ ਜਾਣ ਵਾਲੇ ਮੈਂਬਰਾਂ ਨੂੰ ਵੋਟ ਪਾਉਣ ਦਾ ਹੱਕ ਹਾਸਿਲ ਹੈ। ਵੋਟਰ ਸੂਚੀਆਂ ਤਿਆਰ ਕਰਨ ਲਈ ਨਿਰਧਾਰਤ ਤਾਰੀਖ ਵਾਰ ਵਾਰ ਅੱਗੇ ਪਾਉਣ ਦੇ ਬਾਵਜੂਦ ਅਜੇ ਤੱਕ ਵੀ ਗੱਲ ਕਿਸੇ ਤਣ-ਪੱਤਣ

ਨਹੀਂ ਲੱਗ ਰਹੀ ਅਰਥਾਤ ਸਿੱਖ ਵੋਟਾਂ ਬਣਨ ਦਾ ਅਮਲ ਅੱਧ-ਅਧੂਰਾ ਲਟਕਿਆ ਪਿਆ ਹੈ। ਦਰਅਸਲ, ਸ਼੍ਰੋਮਣੀ ਕਮੇਟੀ ਦੇ ਗਠਨ ਵੇਲੇ, ਸਮੁੱਚਾ ਪੰਜਾਬ ਇਸ ਵਿਚ ਸ਼ਾਮਲ ਸੀ ਪਰ 1947 ਦੇ ਰੌਲਿਆਂ ਵੇਲੇ, 178 ਦੇ ਲਗਪਗ ਗੁਰਦੁਆਰੇ ਉੱਧਰ ਰਹਿ ਗਏ ਸਨ ਤੇ 1966 (ਪੰਜਾਬੀ ਸੂਬੀ ਬਣਨ ਵੇਲੇ) ਵਿਚ ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵੀ ਅਲੱਗ ਹੋ ਗਏ ਜਿਸ ਕਾਰਨ ਹੁਣ ਇਹ ਕਮੇਟੀ ਅੰਤਰ-ਰਾਜੀ ਹੋ ਜਾਣ ਕਰਕੇ, ਵਧੇਰੇ ਸ਼ਕਤੀਸ਼ਾਲੀ ਹੋਣੀ ਚਾਹੀਦੀ ਸੀ ਪਰੰਤੂ ਹੁਣ ਇਹ ਸਗੋਂ ਹੋਰ ਵੀ ਸ਼ਕਤੀ ਹੀਣ ਹੋ ਕੇ ਰਹਿ ਗਈ ਹੈ ਕਿਉਂਕਿ ਇਸ ਨੂੰ ਸਵਾਰਥੀ ਆਗੂਆਂ ਨੇ ਅਗਵਾ ਕੀਤਾ ਹੋਇਆ ਹੈ। ਦੂਸਰੀ ਚਿੰਤਾਜਨਕ ਗੱਲ ਕਿ 1966 ਤੋਂ ਬਾਅਦ, ਇਸ ਦਾ ਕੰਟਰੋਲ ਕੇਂਦਰ ਸਰਕਾਰ ਕੋਲ ਚਲੇ ਗਿਆ ਹੈ ਜੋ ਮਨਮਰਜ਼ੀ ਨਾਲ ਫ਼ੈਸਲੇ ਲੈਂਦੀ ਹੈ। ਪਟਨਾ ਸਾਹਿਬ ਤੇ ਨੰਦੇੜ ਸਾਹਿਬ ਦੇ ਆਪਣੇ ਅਲੱਗ ਬੋਰਡ ਬਣੇ ਹੋਏ ਹਨ ਜਿਨ੍ਹਾਂ ਵਿਚ ਵੀ ਅਕਸਰ ਕੇਂਦਰ ਦੀ ਫ਼ਾਲਤੂ ਦਖ਼ਲਅੰਦਾਜ਼ੀ ਜੱਗ ਜ਼ਾਹਿਰ ਹੈ। ਪਿੱਛੇ ਜਿਹੇ ਹੀ, ਨੰਦੇੜ ਸਾਹਿਬ ਦੇ ਬੋਰਡ ਵਿਚ, ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਗਿਣਤੀ ਘਟਾਉਣ ਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਲਾਂਭੇ ਕਰ ਦੇਣ ਦੇ ਫ਼ੈਸਲੇ ਨਾਲ ਪੁਰਜ਼ੋਰ ਵਿਰੋਧ ਅਤੇ ਧਰਨੇ-ਪ੍ਰਦਰਸ਼ਨ ਹੋਏ ਸਨ ਕਿਉਂਕਿ ਮਹਾਂਰਾਸ਼ਟਰ ਸਰਕਾਰ ਨੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਧਾ ਕੇ ਇਸ ਧਾਰਮਿਕ ਸਥੱਲ ਨੂੰ ਹੜੱਪਣ ਦੀ ਯੋਜਨਾ ਬਣਾ ਲਈ ਸੀ। ਸ਼੍ਰੋਮਣੀ ਕਮੇਟੀ ਵਿਚ,ਔਰਤਾਂ ਲਈ 30 ਸੀਟਾਂ ਰਾਖਵੀਆਂ ਹਨ ਜੋ ਉਨ੍ਹਾਂ ਦੀ ਆਬਾਦੀ ਮੁਤਾਬਿਕ ਬਹੁਤ ਘੱਟ ਹਨ।

8 ਅਕਤੂਬਰ 2003 ਨੂੰ, ਭਾਰਤ ਸਰਕਾਰ ਨੇ, ਇਕ ਆਰਡੀਨੈਂਸ ਜਾਰੀ ਕਰਕੇ, ਸਹਿਜਧਾਰੀ ਸਿੱਖਾਂ ਨੂੰ, ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨ ਦਾ ਅਧਿਕਾਰ ਖ਼ਤਮ ਕਰ ਦਿੱਤਾ ਭਾਵੇਂ 1978 ਵਿਚ ਇਸੇ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਵੀ ਕੀਤੀ ਸੀ ਪਰ ਅੱਧੀ ਸਦੀ ਲੰਘ ਜਾਣ ਉਪਰੰਤ ਵੀ ਇਹ ਐਕਟ ਨਹੀਂ ਬਣ ਸਕਿਆ। ਸਹਿਜਧਾਰੀਆਂ ਨੂੰ ਦਰਕਿਨਾਰ ਕਰਨ ਪਿੱਛੇ ਵੀ ਤਤਕਾਲੀ ਮੁੱਖ ਮੰਤਰੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਮਿਲੀ ਭੁਗਤ ਸੀ ਕਿਉਂਕਿ ਬਾਦਲੀਏ ਤੇ ਬੀਬੀ ਦੇ ਇਰਾਦੇ ਕੁਝ ਹੋਰ ਸਨ। 30-11-2000, 30-3-2001 ਤੇ 30-3-2002 ਨੂੰ ਸ਼੍ਰੋਮਣੀ ਕਮੇਟੀ ਦੇ ਆਮ ਇਜਲਾਸ ਵਿਚ ਪਾਸ ਕਰਵਾਏ ਮਤਿਆਂ ਅਨੁਸਾਰ, ਹੁਣ ਕੋਈ ਵੀ ਸਹਿਜਧਾਰੀ ਨਹੀਂ ਸੀ ਰਿਹਾ। ਇਸੇ ਆੜ ਵਿਚ, ਇਕ ਆਰਡੀਨੈਂਸ ਪਾਰਲੀਮੈਂਟ ਵਿਚ ਪੇਸ਼ ਕਰਕੇ, ਸਹਿਜਧਾਰੀ ਸਿੱਖਾਂ ਦੇ ਵੋਟ ਦੇ ਅਧਿਕਾਰ ਨੂੰ ਖੋਹ ਲਿਆ ਗਿਆ ਸੀ ਪਰ ਇਕ ਪੜ੍ਹੇ ਗੁੜ੍ਹੇ ਸਹਿਜਧਾਰੀ ਡਾ. ਪਰਮਜੀਤ ਸਿੰਘ ਰਾਣੂੰ ਨੇ ਇਸ ਫ਼ੈਸਲੇ ਵਿਰੁੱਧ ਕੇਸ ਕਰ ਦਿੱਤਾ, ਜਿਸ ਕਰਕੇ 20-12-2011 ਨੂੰ ਉੱਚ ਅਦਾਲਤ ਨੇ ਆਰਡੀਨੈਂਸ ਵੀ ਤੇ 2011 ਵਿਚ ਕਰਵਾਈਆਂ ਗਈਆਂ ਸ਼੍ਰੋਮਣੀ ਕਮੇਟੀ ਲਈ ਚੋਣਾਂ ਨੂੰ ਵੀ ਰੱਦ ਕਰ ਦਿੱਤਾ। ਦਹਾਕੇ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ, ਇਹ ਚੋਣਾਂ ਨਹੀਂ ਕਰਵਾਈਆਂ ਜਾ ਸਕੀਆਂ ਕਿਉਂਕਿ ਸਹਿਜਧਾਰੀਆਂ ਵਾਲਾ ਮੁੱਦਾ ਅਜੇ ਵੀ ਵਿਚ ਵਿਚਾਲੇ ਲਟਕਿਆ ਪਿਆ ਹੈ।

ਹੁਣ ਰਤਾ ਕੁ ਵਿਚਾਰਨ ਦਾ ਜਤਨ ਕਰੀਏ ਕਿ ਆਖ਼ਰ 'ਸਹਿਜਧਾਰੀ' ਹੈ ਕੌਣ? ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਹਜ (ਗਿਆਨ) ਧਾਰਨ ਵਾਲਾ (ਵਿਚਾਰਵਾਨ) ਸੌਖਾਲੀ ਧਾਰਨ ਵਾਲਾ, ਸੌਖੀ ਰੀਤ ਅੰਗੀਕਾਰ ਕਰਨ ਵਾਲਾ ਜੋ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕਛ ਕ੍ਰਿਪਾਨ ਦੀ ਰਹਿਤ ਨਹੀਂ ਰਖਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਧਰਮ ਪੁਸਤਕ ਨਹੀਂ ਮੰਨਦਾ, ਉਹ ਸਹਿਜਧਾਰੀ ਸਿੱਖ ਹੈ। ਭਾਈ ਸਾਹਿਬ ਗੁਰਮਤਿ ਮਾਰਤੰਡ ਵਿਚ, ਭਾਈ ਮਨੀ ਸਿੰਘ ਵਾਲੀ 'ਭਗਤ ਰਤਨਾਵਲੀ' ਦਾ ਹਵਾਲਾ ਦੇ ਕੇ ਫਿਰ ਲਿਖਦੇ ਹਨ ਕਿ 'ਜੇ ਕੋਈ ਬ੍ਰਾਹਮਣ ਜਾਂ ਸਾਧ, ਪੀਰਾਂ ਵਾਲੇ ਕਰਮ ਕਾਂਡ ਨਹੀਂ ਕਰਦਾ, ਅਤੇ ਗੁਰੂ ਦੇ ਕਹੇ ਅਨੁਸਾਰ ਭੱਦਣ ਭਾਵ ਕੇਸ ਨਹੀਂ ਕੱਟਦਾ, ਉਹ ਸਹਿਜਧਾਰੀ ਸਿੱਖ ਹੈ। ਅਜਿਹੇ ਸਹਜਧਾਰੀ ਸਿੱਖ ਪੰਥ ਦਾ ਅੰਗ ਹਨ।' ਹੁਣ ਵਿਚਾਰੋ ਕਿ ਸਿੱਖਾਂ ਵਿੱਚੋਂ ਅਸਲ ਸਿੱਖ ਕਿੰਨੇ ਬਚੇ ਹਨ ਕਿਉਂਕਿ ਅੱਜ ਤਾਂ ਕੀ ਸ਼ਹਿਰ ਤੇ ਕੀ ਪਿੰਡ ਹਰ ਥਾਂ ਬੋਦੇ ਬਣਾਈ ਫਿਰਦੇ ਸਿੱਖ ਮੁੰਡੇ ਹੀ ਨਜ਼ਰੀ ਪੈਂਦੇ ਹਨ। ਸਵਰਗਵਾਸੀ ਜਥੇਦਾਰ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਆਖ਼ਰੀ ਵਾਰ ਮੈਂ ਗੁਰਦੁਆਰਾ ਦੁਖ ਨਿਵਾਰਣ ਸਾਹਿਬ ਪਟਿਆਲਾ ਵਿਚ 30 ਦਸੰਬਰ 2003 ਨੂੰ ਸੁਣਿਆ ਸੀ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਬਾਰਾ ਪ੍ਰਧਾਨ ਬਣਨ ਉਪਰੰਤ ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਸ਼ਹੀਦੀ ਜੋੜ-ਮੇਲ ਸੰਪੂਰਨ ਕਰਕੇ ਵਾਪਸ ਪਰਤ ਰਹੇ ਸਨ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਸੰਬੰਧੀ ਚੱਲ ਰਹੇ ਸਮਾਗਮ ਮੌਕੇ ਉਨ੍ਹਾਂ ਨੇ ਭਰੇ ਮਨ ਨਾਲ ਕਿਹਾ ਸੀ ਕਿ ''ਮੈਂ ਪੈਂਤੀ ਕਿਲੋਮੀਟਰ ਦੇ ਸਫ਼ਰ ਦੌਰਾਨ (ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਪਟਿਆਲੇ ਤੱਕ) ਦੇਖਦਾ ਆਇਆ ਹਾਂ ਕਿ ਦਾਦਾ ਅੰਮ੍ਰਿਤਧਾਰੀ, ਬਾਪੂ ਸਹਿਜਧਾਰੀ ਤੇ ਪੋਤਾ ਸਫ਼ਾ ਚੱਟ ਹੋ ਚੁੱਕਾ ਹੈ। ਇਹੋ ਮੰਜ਼ਿਰ ਚਾਰ ਚੁਫ਼ੇਰੇ ਨਜ਼ਰ ਆ ਰਿਹਾ ਸੀ।' ਇਹ ਗੱਲ 2003-04 ਦੀ ਹੈ ਅਰਥਾਤ ਟੌਹੜਾ ਕਾਲ ਵਿਚ ਵੀ ਪਤਿਤਪੁਣਾ ਸ਼ਿਖ਼ਰਾਂ 'ਤੇ ਪੁੱਜ ਚੁੱਕਾ ਸੀ ਹਾਲੇ ਕਿ ਵਿਦੇਸ਼ਾਂ ਵੰਨੀ ਇਹੋ ਜਿਹੀ ਭੇਡ-ਚਾਲ ਅਜੇ ਐਨੀ ਨਹੀਂ ਸੀ ਸ਼ੁਰੂ ਹੋਈ। ਸਪੱਸ਼ਟ ਹੈ ਕਿ ਸਤਾਈ ਸਤਾਈ ਸਾਲ ਸ਼੍ਰੋਮਣੀ ਕਮੇਟੀ ਦੀਆਂ ਪ੍ਰਧਾਨਗੀਆਂ ਮਾਣਨ ਵਾਲੇ ਵੀ ਸਿੱਖੀ ਨੂੰ ਤਹਿਸ ਨਹਿਸ ਹੋਣੋਂ ਨਹੀਂ ਬਚਾ ਸਕੇ ਤੇ ਆਪਣੇ ਪ੍ਰਮੁੱਖ ਫ਼ਰਜ਼ ਤੋਂ ਗ਼ਾਫ਼ਲ ਰਹੇ।

ਹੁਣ ਵਿਚਾਰੀਏ ਇਨ੍ਹਾਂ ਚੋਣਾਂ ਲਈ ਬਣਨ ਵਾਲੀਆਂ ਵੋਟਾਂ ਦੀ ਹੌਲੀ ਰਫ਼ਤਾਰ ਬਾਰੇ। ਵਾਰ-ਵਾਰ ਸਮਾਂ-ਸੀਮਾ ਵਧਾਉਣ ਦੇ ਬਾਵਜੂਦ ਜੇ ਹੁਣ ਤੱਕ ਕੁਲ ਮੈਂਬਰਸ਼ਿਪ ਅਠਾਈ ਲੱਖ ਤੋਂ ਵੀ ਘੱਟ ਹੈ ਤਾਂ ਇਹ ਪਲ ਚਿੰਤਾ ਤੇ ਚਿੰਤਨ ਕਰਨ ਦੇ ਹਨ ਕਿਉਂਕਿ 2011 ਵਿਚ ਇਹ 52 (ਬਵੰਜਾ) ਲੱਖ ਤੋਂ ਪਾਰ ਸੀ। ਦਰਅਸਲ, ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ, ਵੱਕਾਰ, ਇਤਿਹਾਸ, ਪ੍ਰਤਿਸ਼ਠਤਾ ਅਤੇ ਮਹਾਨਤਾ ਨੂੰ ਦਰਕਿਨਾਰ ਕਰਕੇ ਜਦੋਂ ਇਸ ਦੇ ਆਕਾ ਪੰਥਕ ਹਿੱਤਾਂ ਨੂੰ ਪਹਿਲ ਨਾ ਦੇ ਕੇ ਪਰਿਵਾਰਕ ਹਿਤ ਮੂਹਰੇ ਰੱਖਣ ਲੱਗ ਪੈਣ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਜਥੇਦਾਰਾਂ ਨੂੰ ਹੱਥ ਠੋਕੇ ਬਣਾਉਣ ਦੇ ਜਤਨ ਕਰਨ, ਸੰਗਤੀ ਚੜ੍ਹਾਵਾ ਗ਼ਲਤ ਪਾਸੇ ਵਰਤਣ ਲੱਗ ਜਾਣ ਤਾਂ ਸਿੱਖ ਸੰਗਤਾਂ ਦਾ ਮੋਹ ਭੰਗ ਹੋਣਾ ਲਾਜ਼ਮੀ ਹੈ। ਜਦੋਂ ਅਨਮਤਿ ਚਾਰ ਚੁਫ਼ੇਰੇ ਫੈਲਣ ਦੀ ਤਾਕ ਵਿਚ ਹੋਣ, ਈਸਾਈਅਤ ਲੱਖਾਂ ਪੰਜਾਬੀਆਂ ਨੂੰ ਆਪਣੇ ਨਾਲ ਜੋੜ ਰਹੀ ਹੋਵੇ ਤੇ ਸਾਡੇ ਆਪਣੇ ਨਿਰੋਲ ਸਿਆਸੀ ਗਤੀਵਿਧੀਆਂ 'ਚ ਗ਼ਲਤਾਨ ਹੋ ਜਾਣ ਤਾਂ ਵੋਟਾਂ ਦੀ ਖਿੱਚ ਕਿਸ ਨੂੰ ਹੋਊ? ਇਸ ਤੋਂ ਇਲਾਵਾ, ਅੰਧਾਧੁੰਦ ਪ੍ਰਵਾਸ ਵੀ ਵੋਟਾਂ ਘਟਣ ਦਾ ਇਕ ਕਾਰਨ ਕਿਹਾ ਜਾ ਸਕਦਾ ਹੈ। ਸਿੱਖ ਘਰਾਣਿਆਂ ਦੇ ਬੱਚੇ ਫ਼ੈਸ਼ਨ ਵਜੋਂ ਹੀ ਘੋਨ ਮੋਨ ਹੋ ਰਹੇ ਹਨ। ਸ੍ਰ. ਬਿਸ਼ਨ ਸਿੰਘ ਬੇਦੀ, ਸ੍ਰ. ਮਿਲਖਾ ਸਿੰਘ, ਜਨਰਲ ਹਰਬਖਸ਼ ਸਿੰਘ ਆਦਿ ਦੇ ਸਪੁੱਤਰ ਸਭ ਦੇ ਸਭ ਪਤਿਤ ਹੀ ਦੇਖਦੇ ਆ ਰਹੇ ਹਾਂ। ਪੰਜਾਬ ਦੇ ਵਧੇਰੇ ਪੰਥਕ ਲੇਖਕਾਂ, ਯੂਨੀਵਰਸਿਟੀ ਅਧਿਆਪਕਾਂ ਤੇ ਪੜ੍ਹੇ ਲਿਖੇ ਸੱਜਣਾਂ ਦੀ ਔਲਾਦ ਵਾਲ ਕਟਾਉਣ ਵਿਚ ਸ਼ਾਨ ਸਮਝਣ ਲੱਗ ਪਈ ਹੈ। ਕੌਣ ਸਮਝਾਵੇ ਇਨ੍ਹਾਂ ਨੂੰ?

ਅੱਜ ਬਾਬਾ ਖੜਕ ਸਿੰਘ ਜਿਹੇ ਆਪਾਵਾਰੂ ਪੰਥਕ ਆਗੂ ਕਿਥੋਂ ਲੱਭ ਕੇ ਲਿਆਈਏ? ਅਕਾਲੀ ਫੂਲਾ ਸਿੰਘ ਜਿਹੇ ਦਮਦਾਰ ਜਥੇਦਾਰ ਕਿਥੋਂ ਭਾਲੀਏ? ਮਾਸਟਰ ਤਾਰਾ ਸਿੰਘ ਜਿਹੇ ਨਿਰਸਵਾਰਥ ਨੇਤਾ ਕਿਥੋਂ ਢੂੰਡੀਏ? ਇਨ੍ਹਾ ਲਈ 'ਪੰਥ ਵੱਸੇ ਮੈਂ ਉੱਜੜਾ' ਪ੍ਰਮੁੱਖ ਸੀ ਪਰ ਹੁਣ 'ਮੈਂ ਵੱਸਾਂ ਪੰਥ ਉਜੜੇ' ਵਾਲੀ ਭਾਵਨਾ ਪ੍ਰਬਲ ਹੋ ਚੁੱਕੀ ਹੈ। ਸਿੱਖ ਪਨੀਰੀ ਦੀ ਸੰਭਾਲ ਲਈ ਕੋਈ ਯੋਜਨਾ, ਕੋਈ ਪ੍ਰੋਗਰਾਮ ਨਹੀਂ ਹੈ ਸਾਡੇ ਅਖੌਤੀ ਆਗੂਆਂ ਕੋਲ ਜਦੋਂ ਕਿ ਸਾਡਾ ਇਤਿਹਾਸ, ਵਿਰਸਾ ਤੇ ਸਭਿਆਚਾਰ ਚੀਕ ਚੀਕ ਕੇ ਦੁਹਾਈ ਦੇ ਰਿਹਾ ਹੈ ਸੱਤ ਤੇ ਨੌਂ ਸਾਲ ਦੇ ਲਾਸਾਨੀ ਸ਼ਹੀਦਾਂ ਬਾਰੇ, ਗੁਰੂ ਪਾਤਿਸ਼ਾਹੀਆਂ ਦੀ ਅਮੋਲਕ ਦੇਣ ਬਾਰੇ। ਡੇਰਾ ਸਭਿਆਚਾਰ ਦੀ ਪੁਸ਼ਤ ਪਨਾਹੀ, ਅੰਨ੍ਹੇਵਾਹ ਪ੍ਰਵਾਸ, ਵਿਸ਼ਵੀਕਰਨ ਦੀ ਦੌੜ ਵਿਚ ਸਲਮਾਨ ਖਾਂ ਵਰਗੇ ਦਿਸਣ ਦੀ ਚਾਹਨਾ ਵਿਚ, ਅਸੀਂ ਸਿੱਖੀ ਤੋਂ ਬੇਮੁੱਖ ਹੋ ਕੇ ਆਪਣੇ ਆਪ ਤੋਂ ਹੀ ਬੇਮੁੱਖ ਹੋ ਰਹੇ ਹਾਂ। ਇਹ ਬੇਹੱਦ ਚਿੰਤਾ ਵਾਲੀ ਸਥਿਤੀ ਹੈ। ਆਓ! ਸਾਰੇ ਨੀਂਦ ਤੋਂ ਬਾਹਰ ਆਈਏ ਤੇ ਲੋੜੀਂਦੇ ਕਾਰਜ ਬਾਰੇ ਸੁਚੇਤ ਤੇ ਸਾਵਧਾਨ ਹੋਈਏ। -0-

# ਅਕਾਲ ਤਖਤ ਸਾਹਿਬ ਦੀ ਸਿਰਜਨਾ, ਸਿੱਖ ਇਤਿਹਾਸ ਵਿਚ ਅਕਾਲ ਤਖਤ ਦਾ ਰੋਲ ਅਤੇ ਇਸਦੀ ਮੌਜੂਦਾ ਦੌਰ ਵਿਚ ਹਾਲਤ

**-ਕਿਰਪਾਲ ਸਿੰਘ ਬਠਿੰਡਾ (ਮੋਬ:) 98554-80797**

ਅਕਾਲ ਤਖ਼ਤ ਸਾਹਿਬ ਦੀ ਸਿਰਜਨਾ, ਸਿੱਖ ਇਤਿਹਾਸ ਵਿੱਚ ਅਕਾਲ ਤਖ਼ਤ ਦਾ ਰੋਲ ਅਤੇ ਇਸ ਦੀ ਮੌਜੂਦਾ ਦੌਰ ਵਿੱਚ ਹਾਲਤ

28 ਜੇਠ ਸੰਮਤ 1663 ਨੂੰ ਗੁਰਿਆਈ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੇਵਲ ਤਿੰਨ ਹਫਤੇ ਬਾਅਦ; ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਮ੍ਹਣੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ 18 ਹਾੜ ਬਿਕ੍ਰਮੀ ਸੰਮਤ 1663 (15 ਜੂਨ 1606 ਯੂਲੀਅਨ) ਨੂੰ ਇੱਕ ਥੜੇ ਦੀ ਉਸਾਰੀ ਕੀਤੀ ਜਿਸ 'ਤੇ ਬਾਅਦ ਵਿੱਚ ਅਕਾਲ ਬੁੰਗਾ ਉਸਾਰਿਆ ਗਿਆ। ਅਕਾਲ ਬੁੰਗੇ ਨੂੰ ਸਮੇਂ ਸਮੇਂ 'ਤੇ ਹਮਲਾਵਰਾਂ ਵੱਲੋਂ ਨਸ਼ਟ ਕੀਤੇ ਜਾਣ ਤੋਂ ਬਾਅਦ ਇਸ ਸਥਾਨ 'ਤੇ ਨਵੀਆਂ ਇਮਾਰਤਾਂ ਦੀ ਉਸਾਰੀ ਹੁੰਦੀ ਰਹੀ। 1984 ਵਿੱਚ ਭਾਰਤੀ ਫੌਜਾਂ ਵੱਲੋਂ ਕੀਤੇ ਹਮਲੇ ਉਪ੍ਰੰਤ ਅਕਾਲ ਤਖ਼ਤ ਦੀ ਨਵੀਂ ਉਸਾਰੀ ਗਈ ਮੌਜੂਦਾ ਇਮਾਰਤ ਸ਼ੁਸ਼ੋਭਿਤ ਹੈ। ਸਿੱਖ ਇਤਿਹਾਸ ਵਿੱਚ 18 ਹਾੜ ਨੂੰ ਸ੍ਰੀ ਅਕਾਲ ਤਖਤ ਦੀ ਸਿਰਜਣਾ ਦਿਵਸ ਦੇ ਤੌਰ 'ਤੇ ਜਾਣਿਆ ਜਾਂਦਾ ਹੈ। 1752 'ਚ ਯੂਲੀਅਨ ਕੈਲੰਡਰ ਵਿੱਚ ਹੋਈ 11 ਦਿਨ ਦੀ ਸੋਧ ਅਤੇ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਦਾ ਸਾਲ ਈਸਵੀ ਕੈਲੰਡਰ ਦੇ ਸਾਲ ਨਾਲੋਂ 1964 ਤੱਕ 24 ਮਿੰਟ ਵੱਡਾ ਹੋਣਾ ਅਤੇ 1964 ਵਿੱਚ ਦ੍ਰਿੱਕ ਸਿਧਾਂਤ ਅਨੁਸਾਰ ਕੀਤੀ ਸੋਧ ਉਪ੍ਰੰਤ ਤਕਰੀਬਨ 20 ਮਿੰਟ ਵੱਡਾ ਹੋਣ ਕਰਕੇ 1964 ਤੱਕ 60 ਸਾਲਾਂ ਵਿੱਚ ਇੱਕ ਦਿਨ ਅਤੇ 1964 ਉਪ੍ਰੰਤ 71-72 ਸਾਲਾਂ ਪਿੱਛੋਂ ਇੱਕ ਦਿਨ ਦਾ ਫਰਕ ਪੈਂਦਾ ਆ ਰਿਹਾ ਹੈ ਜਿਸ ਕਾਰਨ ਦੇਸੀ ਅਤੇ ਅੰਗਰੇਜੀ ਮਹੀਨਿਆਂ ਦੀਆਂ ਤਰੀਖਾਂ ਦਾ ਆਪਸੀ ਤਾਲਮੇਲ ਬਿਗੜ ਰਿਹਾ ਹੈ। ਦਿਨੋ ਦਿਨ ਇਸ ਬਿਗੜ ਰਹੇ ਤਾਲਮੇਲ ਨੂੰ ਅੱਗੋਂ ਤੋਂ ਰੋਕਣ ਲਈ ਵਿਗਿਆਨਕ ਢੰਗ ਨਾਲ ਤਿਆਰ ਕਰਕੇ 2003 ਵਿੱਚ ਲਾਗੂ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਅਨੁਸਾਰ 18 ਹਾੜ ਹਰ ਸਾਲ 2 ਜੁਲਾਈ ਨੂੰ ਆਉਂਦਾ ਹੈ ਅਤੇ ਹਮੇਸ਼ਾਂ ਲਈ ਇਸੇ ਹੀ ਤਰੀਖ ਨੂੰ ਆਉਂਦਾ ਰਹੇਗਾ। (ਨੋਟ: ਸ਼੍ਰੋਮਣੀ ਕਮੇਟੀ ਵੱਲੋਂ ਵਿਗਾੜੇ ਗਏ ਕੈਲੰਡਰ ਵਿੱਚ ਵੀ ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ 18 ਹਾੜ ਹੀ ਵਿਖਾਇਆ ਜਾ ਰਿਹਾ ਹੈ। ਉਨ੍ਹਾਂ ਦੇ ਕੈਲੰਡਰ ਵਿੱਚ 18 ਹਾੜ 2014 ਅਤੇ 2015 ਦੋਵੇਂ ਸਾਲਾਂ ਵਿੱਚ 2 ਜੁਲਾਈ ਨੂੰ ਹੀ ਆਇਆ ਸੀ ਪਰ ਇਸ ਸਾਲ 1 ਜੁਲਾਈ 2016 ਈ: ਨੂੰ ਹੈ; ਅਗਲੇ ਸਾਲ ਕਿਹੜੀ ਤਰੀਖ ਨੂੰ ਆਵੇਗਾ ਇਹ ਸ਼੍ਰੋਮਣੀ ਕਮੇਟੀ ਹੀ ਜਾਣੇ।)

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੂਰਮਿਆ ਵਿਚ ਬੀਰ-ਰਸ ਭਰਨ ਲਈ ਅਕਾਲ ਤਖ਼ਤ 'ਤੇ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਵਾਰਾਂ ਗਾਉਣ ਵਾਲੇ ਪਹਿਲੇ ਢਾਡੀ ਦਾ ਨਾਮ ਅਬਦੁੱਲਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਨੂੰ ਬਾਦਸ਼ਾਹੀ ਤਖ਼ਤ ਦਾ ਰੂਪ ਦੇ ਦਿੱਤਾ। ਆਪ ਪੰਜ ਸ਼ਸਤਰ ਪਹਿਨ ਕੇ ਸੀਸ ਉੱਪਰ ਬਾਦਸ਼ਾਹਾਂ ਵਾਂਗ ਕਲਗੀ ਸਜਾ ਕੇ ਗੁਰ-ਗੱਦੀ ਉੱਪਰ ਬੈਠਦੇ ਸਨ। ਜੋ ਸਿੱਖ ਸ਼ਸਤਰ ਜਾਂ ਘੋੜਾ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਮੰਨੇ ਹੋਏ ਪੰਜ ਤਖ਼ਤਾਂ ਵਿੱਚੋਂ ਪਹਿਲਾ ਸਰਵ-ਉੱਚ ਤਖ਼ਤ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਉਸਾਰਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਨੂੰ ਪ੍ਰਗਟ ਕਰਕੇ ਗੁਰੂ ਨਾਨਕ ਸਾਹਿਬ ਜੀ ਦਾ ਪੈਗ਼ਾਮ ਜੋ ਹੇਠ ਲਿਖੇ ਪਾਵਨ ਬਚਨਾਂ ਵਿੱਚ ਦਰਜ ਹੈ; ਹੀ ਪ੍ਰਗਟ ਕੀਤਾ ਸੀ:



**ਇਤਿਹਾਸ ਗਵਾਹ ਹੈ ਕਿ ਚਾਹੇ ਜ਼ਕਰੀਆ ਖਾਨ, ਮੀਰ ਮੰਨੂ ਹੋਵੇ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ 1984 ਦੀ ਭਾਰਤ ਸਰਕਾਰ, ਸਭਨਾਂ ਨੇ ਸਿੱਖ ਕੌਮ ਨੂੰ ਦਬਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾਇਆ। ਸਮਾਂ ਬੀਤਦਾ ਗਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਵੀ ਦਿਨ ਪ੍ਰਤੀ-ਦਿਨ ਨਿਖਰਦੀ ਗਈ। ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਾ ਹੁੰਦਿਆਂ ਹੋਇਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਪ੍ਰਵਾਨ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਧਰਮ ਨੂੰ ਸਿਆਸਤ ਤੋਂ ਉੱਪਰ ਰੱਖਣ ਦੇ ਸਿਧਾਂਤ ਨੂੰ ਅਮਲ ਵਿਚ ਲਿਆਂਦਾ ਜਿਸ ਨੂੰ ਕਿਸੇ ਵੀ ਸਮੇਂ ਦੀ ਸਰਕਾਰ ਖ਼ਤਮ ਨਹੀਂ ਕਰ ਸਕੀ ਤੇ ਨਾ ਹੀ ਕਰ ਸਕੇਗੀ।**

(1). ਤਖਤਿ ਬਹੈ, ਅਦਲੀ ਪ੍ਰਭੁ ਆਪੇ; ਭਰਮੁ ਭੇਦੁ ਭਉ ਜਾਈ ਹੇ ॥੧੦॥'' (ਮਾਰੂ ਸੋਲਹੇ ਮ: ੧/੧੦੨੨) ਭਾਵ ਨਿਆਂ ਕਰਨ ਵਾਲਾ ਪ੍ਰਭੂ ਆਪ ਹੀ ਤਖ਼ਤ ਉੱਤੇ ਬੈਠਾ ਹੋਇਆ ਹੈ, (ਉਸ ਦੀ ਆਪਣੀ ਹੀ ਮੇਹਰ ਨਾਲ ਜਗਤ ਵਿਚੋਂ) ਭਟਕਣਾ, (ਪਰਸਪਰ) ਵਿੱਥ ਤੇ ਡਰ-ਸਹਮ ਦੂਰ ਹੁੰਦਾ ਹੈ।

(2). ਤਖਤਿ ਬਹੈ, ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ॥ ਆਦਿ ਜੁਗਾਦੀ ਹੈ ਭੀ ਹੋਸੀ; ਸਹਸਾ ਭਰਮੁ ਚੁਕਾਇਆ ॥੧੪॥'' (ਮਾਰੂ ਸੋਲਹੇ ਮ: ੧/ ੧੦੩੯) ਭਾਵ ਜੇਹੜਾ ਮਨੁੱਖ ਗੁਰੂ ਦੀ ਮਤ 'ਤੇ ਤੁਰਦਾ ਹੈ ਉਸ ਦੇ ਪੰਜੇ ਗਿਆਨ-ਇੰਦ੍ਰੇ ਉਸ ਦੇ ਸੇਵਕ ਬਣ ਕੇ ਉਸ ਦੇ ਵੱਸ ਵਿਚ ਰਹਿੰਦੇ ਹਨ, ਉਹ ਹਿਰਦੇ-ਤਖ਼ਤ ਉੱਤੇ ਬੈਠਣ-ਜੋਗਾ ਹੋ ਜਾਂਦਾ ਹੈ ਤੇ ਹਿਰਦੇ-ਤਖ਼ਤ ਉੱਤੇ ਬੈਠਾ ਰਹਿੰਦਾ ਹੈ (ਭਾਵ, ਨਾਹ ਉਸ ਦੇ ਗਿਆਨ-ਇੰਦ੍ਰੇ ਮਾਇਆ ਵਲ ਡੋਲਦੇ ਹਨ ਅਤੇ ਨਾਹ ਹੀ ਉਸ ਦਾ ਮਨ ਵਿਕਾਰਾਂ ਵਲ ਜਾਂਦਾ ਹੈ)। ਜੇਹੜਾ ਪਰਮਾਤਮਾ ਸ੍ਰਿਸ਼ਟੀ ਦੇ ਮੁੱਢ ਤੋਂ ਪਹਿਲਾਂ ਦਾ ਹੈ ਜੁਗਾਂ ਦੇ ਆਦਿ ਤੋਂ ਹੈ, ਹੁਣ ਭੀ ਮੌਜੂਦ ਹੈ ਤੇ ਸਦਾ ਲਈ ਕਾਇਮ ਰਹੇਗਾ ਉਹ ਪਰਮਾਤਮਾ ਗੁਰੂ ਦੀ ਮਤ 'ਤੇ ਤੁਰਨ ਵਾਲੇ ਮਨੁੱਖ ਦੇ ਅੰਦਰ ਪਰਗਟ ਹੋ ਕੇ ਉਸ ਦਾ ਸਹਮ ਤੇ ਉਸ ਦੀ ਭਟਕਣਾ ਦੂਰ ਕਰ ਦੇਂਦਾ ਹੈ। ਉਸ ਦਾ ਸਿਮਰਨ ਕਰਨ ਦੁਆਰਾ, ਜੋ ਐਨ ਆਰੰਭ ਅਤੇ ਯੁਗਾਂ ਦੇ ਅਰੰਭ ਵਿੱਚ ਸੀ, ਹੁਣ ਹੈ ਅਤੇ ਅਗੇ ਨੂੰ ਭੀ ਹੋਵੇਗਾ, ਬੰਦੇ

ਦਾ ਫ਼ਿਕਰ ਤੇ ਵਹਿਮ ਦੂਰ ਹੋ ਜਾਂਦਾ ਹੈ।

(3). ਤਖਤਿ, ਰਾਜਾ ਸੋ ਬਹੈ; ਜਿ ਤਖਤੈ ਲਾਇਕ ਹੋਈ ॥ ਜਿਨੀ, ਸਚੁ ਪਛਾਣਿਆ; ਸਚੁ ਰਾਜੇ ਸੇਈ ॥ ਏਹਿ ਭੂਪਤਿ, ਰਾਜੇ ਨ ਆਖੀਅਹਿ; ਦੂਜੈ ਭਾਇ ਦੁਖੁ ਹੋਈ ॥ ਕੀਤਾ, ਕਿਆ ਸਾਲਾਹੀਐ; ਜਿਸੁ ਜਾਦੇ ਬਿਲਮ ਨ ਹੋਈ ॥ ਨਿਹਚਲੁ ਸਚਾ ਏਕੁ ਹੈ; ਗੁਰਮੁਖਿ ਬੂਝੈ, ਸੁ ਨਿਹਚਲੁ ਹੋਈ ॥੬॥'' ਮਾਰੂ ਵਾਰ:੧ (ਮ: ੩/੧੦੮੮) ਭਾਵ ਜੋ ਮਨੁੱਖ ਤਖ਼ਤ ਦੇ ਜੋਗ ਹੁੰਦਾ ਹੈ ਉਹੀ ਰਾਜਾ ਬਣ ਕੇ ਤਖ਼ਤ 'ਤੇ ਬੈਠਦਾ ਹੈ (ਭਾਵ, ਜੋ ਮਾਇਆ ਦੀ ਤ੍ਰਿਸ਼ਨਾ ਭੁਖ ਗਵਾ ਕੇ ਬੇਪਰਵਾਹ ਹੋ ਜਾਂਦਾ ਹੈ ਉਹੀ ਆਦਰ ਪਾਂਦਾ ਹੈ); ਸੋ, ਜਿਨ੍ਹਾਂ ਨੇ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਹੈ ਉਹੀ ਅਸਲ ਰਾਜੇ ਹਨ। ਧਰਤੀ ਦੇ ਮਾਲਕ ਬਣੇ ਹੋਏ ਇਹ ਲੋਕ ਰਾਜੇ ਨਹੀਂ ਕਹੇ ਜਾ ਸਕਦੇ, ਇਹਨਾਂ ਨੂੰ (ਇਕ ਤਾਂ) ਮਾਇਆ ਦੇ ਮੋਹ ਕਰਕੇ ਸਦਾ ਦੁੱਖ ਵਾਪਰਦਾ ਹੈ, (ਦੂਜੇ) ਉਸ ਨੂੰ ਕੀਹ ਵਡਿਆਉਣਾ ਹੋਇਆ ਜੋ ਪੈਦਾ ਕੀਤਾ ਹੋਇਆ ਹੈ ਜਿਸ ਦੇ ਨਾਸ ਹੁੰਦਿਆਂ ਚਿਰ ਨਹੀਂ ਲੱਗਦਾ। ਅਟੱਲ ਰਾਜ ਵਾਲਾ ਇਕ ਪ੍ਰਭੂ ਹੀ ਹੈ। ਜੋ ਗੁਰੂ ਦੇ ਸਨਮੁਖ ਹੋ ਕੇ ਇਹ ਗੱਲ ਸਮਝ ਲੈਂਦਾ ਹੈ, ਉਹ ਭੀ ('ਤ੍ਰਿਸ਼ਨਾ ਭੁਖ' ਵਲੋਂ) ਅਡੋਲ ਹੋ ਜਾਂਦਾ ਹੈ।

6 ਸਾਵਣ ਸੰਮਤ 1663, 5 ਜੁਲਾਈ 1606 ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਇਕ ਸੱਜੇ ਪਾਸੇ ਪਹਿਨੀ ਤੇ ਦੂਜੀ ਖੱਬੇ ਪਾਸੇ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ ਜਿਨ੍ਹਾਂ ਵਿਚੋਂ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਹ ਕਹਿਣਾ ਜਾਂ ਲਿਖਣਾ ਬਿਲਕੁਲ ਗਲਤ ਹੈ ਕਿ ਬਾਬਾ ਬੁੱਢਾ ਜੀ ਨੇ ਗਲਤੀ ਨਾਲ ਸੱਜੇ ਪਾਸੇ ਪਹਿਨਾ ਦਿੱਤੀ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਇਸ ਨੂੰ ਲਾਹ ਕੇ ਠੀਕ ਪਾਸੇ ਪਾਉਣ ਦੀ ਬਜਾਏ ਇਕ ਹੋਰ ਕਿਰਪਾਨ ਲਿਆ ਕੇ ਖੱਬੇ ਪਾਸੇ ਪਹਿਨਾ ਦਿਓ। ਦੋ ਕਿਰਪਾਨਾਂ ਬਾਬਾ ਬੁੱਢਾ ਜੀ ਦੀ ਗਲਤੀ ਸੁਧਾਰਨ ਲਈ ਨਹੀਂ ਬਲਕਿ ਗੁਰੂ ਅਰਜੁਨ ਸਾਹਿਬ ਜੀ ਦੀ ਆਗਿਆ ਅਨੁਸਰ ਹੀ ਪਹਿਨੀਆਂ ਸਨ। ਇਸ ਦਾ ਵਰਣਨ ਢਾਡੀ ਅਬਦੁੱਲਾ ਨੇ ਇਸ ਤਰ੍ਹਾਂ ਕੀਤਾ ਹੈ: 'ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ। ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।'

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੁਰਮਾਇਆ ਕਿ ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-(ਪੀਰੀ) ਤੇ ਸਿਪਾਹੀ (ਰਾਜਸੀ ਤਾਕਤ= ਮੀਰੀ) ਇਕੱਠੇ ਕੰਮ ਕਰਨਗੇ; ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ; ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇੱਕ ਹੋਣਗੇ ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਹੋਵੇਗਾ ਬਲਕਿ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ। ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਦੇ ਵਿਚਕਾਰ ਲੱਗੇ ਦੋ ਨਿਸ਼ਾਨ ਸਾਹਿਬਾਂ ਵਿੱਚੋਂ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਦੂਸਰੇ ਨਾਲੋਂ ਜ਼ਰਾ ਵੱਧ ਹੋਣੀ ਇਸੇ ਗੱਲ ਦਾ ਪ੍ਰਤੀਕ ਹੈ ਕਿ ਧਰਮ ਦਾ ਸਥਾਨ ਰਾਜਨੀਤੀ ਨਾਲੋਂ ਉੱਚਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਸਾਰ ਨੂੰ ਨਵਾਂ ਸਿਧਾਂਤ ਦਿੱਤਾ। 6 ਸਾਵਣ ਨੂੰ ਸਿੱਖ ਇਤਿਹਾਸ ਵਿੱਚ ਮੀਰੀ ਪੀਰੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਜੋ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ 21 ਜੁਲਾਈ ਨੂੰ ਹੀ ਆਉਂਦਾ ਹੈ। (ਸ਼੍ਰੋਮਣੀ ਕਮੇਟੀ ਦੇ ਇਸ ਸਾਲ ਦੇ ਕੈਲੰਡਰ ਵਿੱਚ ਮੀਰੀ-ਪੀਰੀ ਦਿਵਸ 31 ਹਾੜ, 14 ਜੁਲਾਈ ਵਿਖਾਇਆ ਗਿਆ ਹੈ। 2014 'ਚ ਇਹ ਦਿਹਾੜਾ 6 ਸਾਵਣ 21 ਜੁਲਾਈ; ਅਤੇ 2015 'ਚ 11 ਸਾਵਣ 26 ਜੁਲਾਈ ਵਿਖਾਇਆ ਗਿਆ ਸੀ। ਇਹ ਵੀ ਸ਼੍ਰੋਮਣੀ ਕਮੇਟੀ ਹੀ ਦੱਸ ਸਕਦੀ ਹੈ ਕਿ ਹਰ ਸਾਲ ਹੀ ਮੀਰੀ-ਪੀਰੀ ਦਿਹਾੜੇ ਦੀਆਂ ਤਰੀਖਾਂ ਬਦਲ ਕੇ ਉਹ ਸਿੱਖ ਕੌਮ ਨੂੰ ਕਿਹੜੇ ਭੰਬਲਭੂਸੇ ਵਿੱਚ ਪਾਉਣਾ ਚਾਹੁੰਦੀ ਹੈ।)

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਿਰਜਨਾ 1606 ਵਿੱਚ ਕੀਤੀ ਉਹ 1609 ਤੱਕ ਤੇ ਫਿਰ 1617 ਤੋਂ 1631 ਤੱਕ ਬਹੁਤ ਸਮਾਂ ਅੰਮ੍ਰਿਤਸਰ ਰਹੇ ਸਨ ਤੇ ਇਸ ਦੌਰਾਨ ਤਖ਼ਤ ਦੀ ਕਾਰਵਾਈ ਇੱਥੋਂ ਚਲਾਉਂਦੇ ਰਹੇ। 1632 ਵਿੱਚ ਉਹ ਕੀਰਤਪੁਰ ਸਾਹਿਬ ਚਲੇ ਗਏ। ਇਸ ਮਗਰੋਂ ਛੇਵੇਂ, ਸਤਵੇਂ ਤੇ ਅੱਠਵੇਂ ਪਾਤਿਸ਼ਾਹ ਵਧੇਰੇ ਕਰਕੇ ਕੀਰਤਪੁਰ ਸਾਹਿਬ ਹੀ ਰਹੇ। ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ ਸੰਭਾਲਣ ਪਿੱਛੋਂ ਪ੍ਰਚਾਰ ਫੇਰੀਆਂ ਨੂੰ ਛੱਡ ਕੇ ਬਹੁਤਾ ਸਮਾ ਬਾਬਾ ਬਕਾਲਾ ਅਤੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਿਖੇ ਰਹੇ; ਇਕ ਵਾਰ ਉਹ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਆਏ ਜਰੂਰ ਸਨ ਪਰ ਮਸੰਦਾਂ ਨੇ ਦਰਵਾਜੇ ਬੰਦ ਕਰਕੇ ਗੁਰੂ ਜੀ ਨੂੰ ਅੰਦਰ ਦਾਖ਼ਲ ਨਹੀਂ ਸੀ ਹੋਣ ਦਿੱਤਾ ਇਸ ਲਈ ਉਹ ਬਾਹਰੋਂ ਹੀ ਨਮਸ਼ਕਾਰ ਕਰਕੇ ਵਾਪਸ ਚਲੇ ਗਏ ਸਨ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਚੱਕ ਨਾਨਕੀ, ਪਾਉਂਟਾ ਸਾਹਿਬ, ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਹਜੂਰ ਸਾਹਿਬ ਨੰਦੇੜ ਵਿਖੇ ਰਹੇ। ਇਸ ਸਾਰੇ ਸਮੇਂ ਦੌਰਾਨ ਉਹ ਸਾਰੇ ਗੁਰੂ ਸਾਹਿਬਾਨ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇਨ੍ਹਾਂ ਥਾਵਾਂ ਤੋਂ ਹੀ ਚਲਾਉਂਦੇ ਰਹੇ ਸਨ। 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭਾਰਤੀ ਫੌਜ ਵੱਲੋਂ ਢਹਿਢੇਰੀ ਕਰਕੇ ਦਰਬਾਰ ਸਾਹਿਬ ਕੰਪਲੈਕਸ ਆਪਣੇ ਕਬਜ਼ੇ ਹੇਠ ਕਰ ਲਿਆ ਸੀ। ਉਸ ਤੋਂ ਬਾਅਦ ਪਹਿਲਾ ਸਰਬੱਤ ਖ਼ਾਲਸਾ ਅਕਾਲ ਤਖ਼ਤ ਦੀ ਬਜਾਏ ਬਾਬਾ ਦੀਪ ਸਿੰਘ ਦੇ ਗੁਰਦੁਆਰੇ ਵਿਖੇ ਕੀਤਾ ਗਿਆ ਸੀ। ਸੋ ਸ਼੍ਰੋਮਣੀ ਕਮੇਟੀ ਅਤੇ ਮੌਜੂਦਾ ਜਥੇਦਾਰਾਂ ਵੱਲੋਂ ਜੋ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਕਿ ਸਰਬੱਤ ਖ਼ਾਲਸਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਹੋ ਸਕਦਾ ਹੈ, ਬਿਲਕੁਲ ਅਧਾਰਹੀਨ ਅਤੇ ਸਿੱਖ ਇਤਿਹਾਸ ਤੋਂ ਨਾਸਮਝੀ ਦੀ ਸੂਚਕ ਹੈ।

ਗੁਰੂ ਸਾਹਿਬ ਪਿੱਛੋਂ ਪੰਥ ਦੀ ਸਿਆਸੀ ਅਗਵਾਈ ਸਰਬੱਤ ਖ਼ਾਲਸਾ ਕੋਲ ਆ ਗਈ। ਸਰਬੱਤ ਖ਼ਾਲਸਾ ਦੀ ਫੌਜ-ਖ਼ਾਲਸਾ ਦਲ (ਜਾਂ ਦਲ ਖ਼ਾਲਸਾ) ਦੇ ਆਗੂ ਆਪਣਾ ਇੱਕ ਜਥੇਦਾਰ ਚੁਣ ਲੈਂਦੇ ਸਨ। ਬਾਬਾ ਬੰਦਾ ਸਿੰਘ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਖ਼ੁਦ ਹੀ ਖ਼ਾਲਸਾ ਫੌਜ ਦੇ ਜਥੇਦਾਰ ਥਾਪੇ ਗਏ ਸਨ। ਉਸ ਤੋਂ ਬਾਅਦ ਬਾਬਾ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਦਲ ਖ਼ਾਲਸਾ ਵੱਲੋਂ ਜਥੇਦਾਰ ਥਾਪੇ ਜਾਂਦੇ ਰਹੇ ਹਨ। ਉਹ ਖ਼ਾਲਸਾ ਫੌਜ ਦੇ ਜਥੇਦਾਰ ਰਹੇ ਹਨ ਨਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ। ਮਿਸਲਾਂ ਦੇ ਸਮੇਂ ਸਾਲ ਵਿੱਚ ਦੋ ਵਾਰ ਦੀਵਾਲੀ, ਵੈਸਾਖੀ ਮੌਕੇ ਸਾਰੀਆਂ ਮਿਸਲਾਂ ਦੇ ਮੁਖੀ ਨੁੰਮਾਇੰਦੇ ਸਿੱਖ ਪੰਥ ਵੱਲੋਂ ਕਿਸੇ ਵੱਡੇ ਪੰਥਕ ਮਸਲੇ 'ਤੇ ਫੈਸਲਾ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਇੱਕ ਸਾਂਝੀ ਇਕੱਤ੍ਰਤਾ ਬੁਲਾਉਂਦੇ ਸਨ ਜਿਸ ਨੂੰ ਸਰਬੱਤ ਖ਼ਾਲਸੇ ਦਾ ਨਾਮ ਦਿੱਤਾ ਜਾਂਦਾ ਰਿਹਾ ਹੈ। ਹਰ ਸਮੇਂ ਵੱਖੋ ਵੱਖ ਵੀਚਾਰਧਾਰਾਵਾਂ ਦੇ ਧਾਰਨੀ ਮਿਸਲਾਂ ਦੇ ਨੁੰਮਾਇੰਦੇ ਆਪਣੇ ਵਿੱਚੋਂ ਇਕ ਨੂੰ ਜਥੇਦਾਰ ਚੁਣ ਲੈਂਦੇ ਸਨ, ਜਿਸ ਦੀ ਦੇਖ ਰੇਖ ਹੇਠ ਸਰਬੱਤ ਖ਼ਾਲਸਾ ਦੀ ਕਾਰਵਾਈ ਚਲਦੀ ਸੀ। ਆਪਣੇ ਨਿੱਜੀ ਹਿਤਾਂ ਅਤੇ ਵੀਚਾਰਾਂ ਨੂੰ ਲਾਂਭੇ ਰੱਖ ਕੇ ਕੇਵਲ ਪੰਥਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਗੁਰਮਤਿ ਦੀ ਰੋਸ਼ਨੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਜਦ ਤੱਕ ਸਰਬ ਸੰਮਤੀ ਨਾਲ ਕਿਸੇ ਫੈਸਲੇ 'ਤੇ ਨਹੀਂ ਸੀ ਪੁੱਜਿਆ ਜਾਂਦਾ ਤਦ ਤਕ ਮੀਟਿੰਗ ਨਿਰੰਤਰ ਜਾਰੀ ਰਹਿੰਦੀ ਸੀ। ਸਰਬ ਸੰਮਤੀ ਵਾਲੇ ਫੈਸਲੇ ਨੂੰ ਗੁਰਮਤਾ ਦਾ ਨਾਮ ਦਿੱਤਾ ਜਾਂਦਾ ਸੀ ਜਿਸ ਦਾ ਅਰਥ ਹੈ ਗੁਰੂ ਦੀ ਸਿੱਖਿਆ ਮੁਤਾਬਕ ਪਾਸ ਕੀਤਾ ਗਿਆ ਮਤਾ। ਸਰਬ ਸੰਮਤੀ ਨਾਲ ਪਾਸ ਹੋਏ ਇਸ ਗੁਰਮਤੇ ਨੂੰ ਉਸ ਇਕੱਤ੍ਰਤਾ ਲਈ ਚੁਣਿਆ ਗਿਆ ਜਥੇਦਾਰ ਅਕਾਲ ਤਖ਼ਤ ਦੀ ਫਸੀਲ ਤੋਂ ਪੰਥ ਦੇ ਨਾਮ ਸੰਦੇਸ਼ ਦੇ ਤੌਰ 'ਤੇ ਪੜ੍ਹ ਕੇ ਸੁਣਾ ਦਿੰਦਾ ਸੀ ਜਿਸ ਨੂੰ ਅਕਾਲ ਤਖ਼ਤ ਦਾ ਹੁਕਨਾਮਾ ਕਿਹਾ ਜਾਣ ਲੱਗ ਪਿਆ ਅਤੇ ਜਿਸ ਨੂੰ ਸਾਰਾ ਪੰਥ ਬਿਨਾਂ ਹੀਲ ਹੁਜਤ ਤੋਂ ਮੰਨ ਲੈਂਦਾ ਸੀ। ਭਾਈ ਰਤਨ ਸਿੰਘ ਭੰਗੂ ਪਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਦਾ ਜ਼ਿਕਰ ਇਉਂ ਕਰਦੇ ਹਨ: 'ਅਕਾਲ ਬੁੰਗੇ ਚੜ੍ਹਿ, ਤਖ਼ਤੈ ਬਹਿ ਹੈਂ। ਲਾਇ ਦੀਵਾਨ, ਗੁਰਮਤੇ ਮਤੇ ਹੈਂ।'

ਗਿਆਨੀ ਗਿਆਨ ਸਿੰਘ ਦੇ ਲਫਜ ਹਨ: 'ਕਾਮ ਪਰਤ ਥਾ, ਜੋ ਕਛ ਕਬ ਹੀ। ਕਰਤ ਗੁਰਮਤਾ, ਮਿਲ ਕਰ ਸਭ ਹੀ। ਜਥੇਦਾਰ ਜੋ ਕਛੁ ਕਹਿ ਦੇਤਾ। ਸੋਈ ਪੰਥ ਮਾਨ ਸਭ ਲੇਤਾ।'

ਇਸ ਤਰ੍ਹਾਂ ਸਰਬੱਤ ਖ਼ਾਲਸਾ ਦੀ ਸੰਸਥਾ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਿਰਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਦੇ ਸਿਧਾਂਤ ਨੂੰ ਪਰਪੱਕ ਕਰਦੀ ਹੈ। 1783 ਤੋਂ ਮਗਰੋਂ ਜਦੋਂ ਸਿੱਖ ਮਿਸਲਾਂ ਨੇ ਆਪੋ ਆਪਣੀ ਰਾਖੀ ਵਾਲੇ ਇਲਾਕਿਆਂ ਵਿੱਚ ਹਕੂਮਤਾਂ ਕਾਇਮ ਕਰ ਲਈਆਂ ਤਾਂ ਸਰਬੱਤ ਖ਼ਾਲਸਾ ਇਕੱਠ ਹੋਣੇ ਬੰਦ ਹੋ ਗਏ। 1799 ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਬੋਲਬਾਲਾ ਕਾਇਮ ਹੋ ਗਿਆ। 1805 ਵਿੱਚ ਲਾਰਡ ਲੇਕ ਅਤੇ ਹੋਲਕਰ ਦੇ ਝਗੜੇ ਬਾਰੇ ਇੱਕ ਸਰਬੱਤ ਖ਼ਾਲਸਾ ਬੁਲਾਉਣ ਮਗਰੋਂ ਉਸ ਨੇ ਅਜਿਹੇ ਇਕੱਠ ਬੁਲਾਉਣੇ ਬੰਦ ਕਰ ਦਿੱਤੇ ਸਨ ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਕੋਈ ਉਸ ਨੂੰ ਸਰਬੱਤ ਖ਼ਾਲਸਾ ਦੇ ਨਾਮ 'ਤੇ ਸਲਾਹ ਦੇਵੇ। 1805 ਤੋਂ ਪਿੱਛੋਂ 15 ਨਵੰਬਰ 1920 ਤੱਕ ਕੋਈ ਸਰਬੱਤ ਖ਼ਾਲਸਾ ਇਕੱਠ ਨਹੀਂ ਹੋਇਆ।

ਅਕਾਲ ਤਖ਼ਤ ਸਾਹਿਬ ਇੱਕ ਸਿਧਾਂਤ ਹੈ ਕੋਈ ਗੱਦੀ ਨਹੀਂ। ਇਸ ਦੇ ਮੁੱਖ ਸੇਵਾਦਾਰ ਦੀ ਤੁਲਨਾ 'ਪੋਪ ਜਾਂ ਬਾਦਸ਼ਾਹ' ਦੋਵਾਂ ਵਿੱਚੋਂ ਕਿਸੇ ਨਾਲ ਵੀ ਨਹੀਂ ਕੀਤੀ ਜਾ ਸਕਦੀ। 'ਜਥੇਦਾਰ' ਲਫਜ਼ ਤਾਂ 1920 ਤੋਂ ਕਾਫੀ ਸਮਾਂ ਬਾਅਦ ਵਿੱਚ ਹੋਂਦ ਵਿੱਚ ਆਇਆ ਹੈ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਜਦੋਂ 12 ਅਕਤੂਬਰ 1920 ਨੂੰ ਜਦੋਂ ਪੁਜਾਰੀ ਸੰਗਤਾਂ ਦੇ ਰੋਹ ਨੂੰ ਵੇਖ ਕੇ ਦੌੜ ਗਏ ਤਾਂ ਅਕਾਲ ਤਖ਼ਤ ਸੁੰਞਾ ਤੱਕ ਕੇ ਹਾਜ਼ਿਰ ਸੰਗਤਾਂ ਨੇ ਸੇਵਾ ਸੰਭਾਲ ਲਈ ਇੱਕ 25 ਮੈਂਬਰੀ ਜਥਾ ਨਿਯੁਕਤ ਕੀਤਾ ਤਾਂ ਭਾਈ ਤੇਜਾ ਸਿੰਘ ਭੁੱਚਰ ਇਸ ਦੇ ਜਥੇਦਾਰ ਨਿਯੁਕਤ ਕੀਤੇ ਗਏ ਸਨ। ਉਹ ਸੇਵਾ ਸੰਭਾਲ ਦੇ ਜਥੇਦਾਰ ਸਨ ਨਾ ਕਿ ਅਕਾਲ ਤਖ਼ਤ ਸਾਹਿਬ ਦੇ। ਕਾਬਲੇ-ਜ਼ਿਕਰ ਹੈ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਬਣਾਉਣ ਲਈ 15-16 ਨਵੰਬਰ 1920 ਨੂੰ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਜੋ 'ਸਰਬੱਤ ਖ਼ਾਲਸਾ ਇਕੱਠ' ਬੁਲਾਇਆ ਗਿਆ ਸੀ, ਉਸ ਚਿੱਠੀ ਉਪਰ ਜਥੇਦਾਰ ਵਜੋਂ ਤੇਜਾ ਸਿੰਘ ਭੁੱਚਰ ਦੇ ਦਸਤਖ਼ਤ ਨਹੀਂ ਸਨ ਬਲਕਿ ਡਾ: ਗੁਰਬਖ਼ਸ਼ ਸਿੰਘ ਜੋ 13 ਅਕਤੂਬਰ 1920 ਨੂੰ ਨਾਮਜ਼ਦ ਹੋਏ 9 ਮੈਂਬਰੀ ਸੇਵਾ ਸੰਭਾਲ ਜੱਥੇ ਦੇ ਸਕੱਤਰ ਸਨ; ਦੇ ਦਸਤਖ਼ਤ ਸਨ। ਇਸ ਤੋਂ ਇਹ ਸਿੱਧ ਹੋਇਆ ਕਿ ਇਹ ਵੀ ਕੋਈ ਜਰੂਰੀ ਸ਼ਰਤ ਨਹੀਂ ਹੈ ਕਿ ਸਰਬੱਤ ਖ਼ਾਲਸਾ ਦਾ ਇਕੱਠ ਕੇਵਲ ਅਕਾਲ ਤਖ਼ਤ ਦਾ ਜਥੇਦਾਰ ਹੀ ਬੁਲਾ ਸਕਦਾ ਹੈ ਹੋਰ ਕੋਈ ਨਹੀਂ ਜਿਵੇਂ ਕਿ ਅੱਜ ਕੱਲ੍ਹ (ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ) ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 1926 ਵਿੱਚ ਮਹਾਨ ਕੋਸ਼ ਪੂਰਾ ਕੀਤਾ ਅਤੇ 1930 ਵਿੱਚ ਛਾਪਿਆ। ਇਸ ਵਿੱਚ ਕਿਧਰੇ ਵੀ 'ਅਕਾਲ ਤਖ਼ਤ ਦੇ ਜਥੇਦਾਰ' ਦਾ ਜ਼ਿਕਰ ਨਹੀਂ ਹੈ। 1925 ਵਿੱਚ ਪਾਸ ਹੋਏ 'ਗੁਰਦੁਆਰ ਐਕਟ' ਵਿੱਚ ਜਥੇਦਾਰ ਦਾ ਕੋਈ ਅਹੁਦਾ ਨਹੀ; ਉਸ ਵਿੱਚ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਲਈ 'ਹੈੱਡ ਮਨਿਸਟਰ' ਸ਼ਬਦ ਵਰਤਿਆ ਗਿਆ ਹੈ। 1945 ਵਿੱਚ ਪ੍ਰਵਾਨ ਕੀਤੀ ਸਿੱਖ ਰਹਿਤ ਮਰਿਆਦਾ ਵਿੱਚ ਵੀ ਜਥੇਦਾਰ ਦੇ ਅਹੁੱਦੇ ਦਾ ਕੋਈ ਜ਼ਿਕਰ ਨਹੀਂ ਹੈ। ਜੇ ਪਿਛਲਾ ਇਤਿਹਾਸ ਫਰੋਲੀਏ ਤਾਂ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਭਾਈ ਰਤਨ ਸਿੰਘ ਭੰਗੂ, ਭਾਈ ਮਨੀ ਸਿੰਘ ਲਈ ਵੀ ਜਥੇਦਾਰ ਨਹੀਂ ਬਲਕਿ 'ਪੁਜਾਰਨ ਸਿਓਂ ਵਡੋ ਪੁਜਾਰੀ' ਲਫਜ਼ ਵਰਤਦੇ ਹਨ। ਇਤਿਹਾਸਕਾਰ ਡਾ: ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਜੇ ਇਸ ਤੋਂ ਹੋਰ ਪਿੱਛੇ ਜਾਈਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਅੰਮ੍ਰਿਤਸਰ ਤੋਂ ਗਵਾਲੀਅਰ, ਦਿੱਲੀ, ਡਰੋਲੀ ਭਾਈ ਜਾਂ ਕਿਤੇ ਹੋਰ ਗਏ ਤਾਂ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੀ ਅਤੇ ਭਾਈ ਗੁਰਦਾਸ ਜੀ ਨੂੰ ਸ੍ਰੀ ਅਕਾਲ ਤਖ਼ਤ ਦੀ ਸੇਵਾ ਸੰਭਾਲ ਸੌਂਪ ਕੇ ਗਏ ਸਨ ਨਾ ਕਿ ਇਸ ਦੇ ਜੱਥੇਦਾਰ।

ਇਤਿਹਾਸ ਗਵਾਹ ਹੈ ਕਿ ਚਾਹੇ ਜ਼ਕਰੀਆ ਖਾਨ, ਮੀਰ ਮੰਨੂ ਹੋਵੇ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ 1984 ਦੀ ਭਾਰਤ ਸਰਕਾਰ, ਸਭਨਾਂ ਨੇ ਸਿੱਖ ਕੌਮ ਨੂੰ ਦਬਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾਇਆ। ਸਮਾਂ ਬੀਤਦਾ ਗਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਵੀ ਦਿਨ ਪ੍ਰਤੀ-ਦਿਨ ਨਿਖਰਦੀ ਗਈ। ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਾ ਹੁੰਦਿਆਂ ਹੋਇਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਪ੍ਰਵਾਨ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਧਰਮ ਨੂੰ ਸਿਆਸਤ ਤੋਂ ਉੱਪਰ ਰੱਖਣ ਦੇ ਸਿਧਾਂਤ ਨੂੰ ਅਮਲ ਵਿਚ ਲਿਆਂਦਾ ਜਿਸ ਨੂੰ ਕਿਸੇ ਵੀ ਸਮੇਂ ਦੀ ਸਰਕਾਰ ਖ਼ਤਮ ਨਹੀਂ ਕਰ ਸਕੀ ਤੇ ਨਾ ਹੀ ਕਰ ਸਕੇਗੀ। ਸਮੇਂ-ਸਮੇਂ 'ਤੇ ਲੋੜ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥਕ ਜਥੇਬੰਦੀਆਂ ਦੇ ਇਕੱਠ ਹੁੰਦੇ ਸਨ, ਸਿੱਖ ਕੌਮ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਗੁਰਮਤੇ ਕੀਤੇ ਜਾਂਦੇ ਸਨ ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਥੇਦਾਰ ਜਾਰੀ ਕਰਦੇ ਸਨ; ਜਿਸ ਨੂੰ ਮੰਨਣ ਲਈ ਹਰ ਸਿੱਖ ਪਾਬੰਦ ਹੁੰਦਾ ਸੀ। ਪਰ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਜੋ ਕੰਮ ਦੁਸ਼ਮਨ ਨਹੀਂ ਕਰ ਸਕਿਆ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਾਰਸ ਅਖਵਾਉਣ ਵਾਲੇ ਅਕਾਲੀ ਦਲ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਆਪ ਹੀ ਕਰ ਵਿਖਾਇਆ ਹੈ। ਵੱਖ ਵੱਖ ਵੀਚਾਰਧਾਰਾ ਵਾਲੇ ਜੱਥਿਆਂ (ਮਿਸਲਾਂ) ਦੇ ਇਕੱਠ ਵੱਲੋਂ ਮੌਕੇ 'ਤੇ ਆਰਜ਼ੀ ਤੌਰ 'ਤੇ ਚੁਣੇ ਗਏ ਜਥੇਦਾਰਾਂ ਦੀ ਥਾਂ ਅੱਜ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਬਣ ਕੇ ਰਹਿ ਗਏ ਹਨ ਜਿਨ੍ਹਾਂ ਦੀ ਯੋਗਤਾ, ਨਿਯੁਕਤੀ, ਫੈਸਲੇ ਲੈਣ ਅਤੇ ਅਹੁਦੇ ਤੋਂ ਬਰਤਰਫੀ ਲਈ ਕੋਈ ਵੀ ਵਿਧੀ ਵਿਧਾਨ ਤਹਿ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਕੇਵਲ 15 ਕਾਰਜਕਾਰਨੀ ਮੈਂਬਰ ਮਨਚਾਹੇ ਢੰਗ ਨਾਲ ਕਿਸੇ ਵੀ ਜਥੇਦਾਰ ਨੂੰ ਬੇਇਜ਼ਤੀ ਭਰੇ ਢੰਗ ਨਾਲ ਕਿਸੇ ਵੀ ਸਮੇਂ ਅਹੁਦੇ ਤੋਂ ਬਰਤਰਫ ਕਰ ਸਕਦੇ ਹਨ ਅਤੇ ਬਿਨਾ ਕਿਸੇ ਯੋਗਤਾ ਦੇ ਕਿਸੇ ਵੀ ਵਿਅਕਤੀ ਨੂੰ ਨਵਾਂ ਜਥੇਦਾਰ ਥਾਪ ਸਕਦੇ ਹਨ, ਇਸੇ ਕਾਰਨ ਮੌਜੂਦਾ ਜਥੇਦਾਰ ਸਤਾਧਾਰੀ ਦਲ ਦੀਆਂ ਕਠਪੁਤਲੀਆਂ ਦੇ ਤੌਰ 'ਤੇ ਕੰਮ ਕਰਦੇ ਵਿਖਾਈ ਦਿੰਦੇ ਹਨ। ਇਸ ਦੇ ਬਾਵਜੂਦ ਜਥੇਦਾਰਾਂ ਜਿਨ੍ਹਾਂ ਨੂੰ ਸਿੱਖ ਸਿਧਾਂਤਾਂ ਦੇ ਉਲਟ ਸਿੰਘ ਸਾਹਿਬ ਆਦਿਕ ਦੇ ਲਕਬ ਦੇ ਕੇ ਆਮ ਸੰਗਤਾਂ ਲਈ ਹਉਏ ਦੇ ਤੌਰ 'ਤੇ ਪੇਸ਼ ਕੀਤੇ ਜਾ ਰਹੇ ਹਨ; ਜਿਨ੍ਹਾਂ ਦੇ ਹੁਕਮਨਾਮਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਨਾਮਿਆਂ ਤੋਂ ਉਪਰ ਦੱਸ ਕੇ ਹਰ ਸਿੱਖ ਲਈ ਮੰਨਣਾ ਜਰੂਰੀ ਦੱਸਿਆ ਜਾ ਰਿਹਾ ਹੈ। ਸਿੱਖ ਸਿਧਾਂਤਾਂ ਦੇ ਵਿਰੋਧ ਵਿੱਚ ਜਾਣ ਵਾਲੀ ਇਸ ਕਾਰਵਾਈ ਦੀ ਸ਼ੁਰੂਆਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਸਮੇਂ ਹੋਈ। 1999; ਜਦੋਂ ਤੋਂ ਪ੍ਰਕਾਸ਼ ਸਿੰਘ ਬਾਦਲ ਸਾਰੀਆਂ ਹੀ ਪੰਥਕ ਸੰਸਥਾਵਾਂ 'ਤੇ ਪੂਰੀ ਤਰ੍ਹਾਂ ਕਾਬਜ਼ ਹੋਇਆ ਹੈ; ਤੋਂ ਤਾਂ ਇਸ ਦੀ ਦੁਰਵਰਤੋਂ ਚਰਮ ਸੀਮਾ 'ਤੇ ਪਹੁੰਚ ਗਈ ਹੈ। ਬਾਦਲ ਕਾਲ ਵਿੱਚ ਰਾਜਨੀਤੀ ਤੋਂ ਪ੍ਰੇਰਤ ਹੋ ਕੇ ਜਿਸ ਤਰ੍ਹਾਂ ਦੇ ਫੈਸਲੇ ਅਕਾਲ ਤਖ਼ਤ ਤੋਂ ਕੀਤੇ ਜਾ ਰਹੇ ਹਨ; ਜਿਸ ਤਰ੍ਹਾਂ ਜਥੇਦਾਰਾਂ ਦੀ ਬੇਚਾਰਗੀ ਵਾਲੀ ਹਾਲਤ ਇਨ੍ਹਾਂ ਸਿਆਸਤਦਾਨਾਂ ਨੇ ਬਣਾ ਰੱਖੀ ਹੈ; ਉਨ੍ਹਾਂ ਕਾਰਵਾਈਆਂ ਨੇ ਸਿੱਖੀ ਸਿਧਾਂਤਾਂ ਅਤੇ ਸਿਰਮੌਰ ਸੰਸਥਾਵਾਂ ਦਾ ਬੇਅੰਤ ਨੁਕਸਾਨ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸੰਤ ਸਮਾਜ ਦੇ ਡੇਰੇਦਾਰਾਂ ਜਿਨ੍ਹਾਂ ਨੇ ਅਕਾਲ ਤਖ਼ਤ ਤੋਂ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਨੂੰ ਨਾ ਕਦੀ ਮੰਨਿਆ ਹੈ ਅਤੇ ਨਾ ਹੀ ਕਦੀ ਮੰਨਣ ਲਈ ਤਿਆਰ ਹੋਣਗੇ; ਉਨ੍ਹਾਂ ਨੇ ਬਾਦਲ ਦਲ ਨਾਲ ਸਿਆਸੀ ਗਠਜੋੜ ਕਰਕੇ ਅਕਾਲ ਤਖ਼ਤ ਦੇ ਨਾਮ ਹੇਠ ਐਸੇ ਹੁਕਨਾਮੇ ਜਾਰੀ ਕਰਵਾਏ ਹਨ, ਜਿਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂਆਤੀ ਦੌਰ ਵਿੱਚ ਕੀਤੀ ਸਾਰੀ ਘਾਲਣਾ ਨੂੰ ਖੂਹ ਖਾਤੇ ਸੁੱਟ ਰੱਖਿਆ ਹੈ। ਗੁਰਮਤਿ ਅਤੇ ਸਿੱਖੀ ਸਿਧਾਂਤਾਂ ਦਾ ਵਾਸਤਾ ਪਾਉਣ ਵਾਲੀਆਂ ਉਨ੍ਹਾਂ ਸੰਸਥਾਵਾਂ ਤੇ ਵਿਦਵਾਨਾਂ ਨੂੰ ਸਿੱਖ ਪੰਥ ਵਿੱਚੋਂ ਛੇਕਿਆ ਜਾਂ ਛੇਕਣ ਦੇ ਡਰਾਵੇ ਦਿੱਤੇ ਜਾ ਰਹੇ ਹਨ ਜਿਹੜੇ ਪਿਛਲੀ ਪੌਣੀ ਸਦੀ ਤੋਂ ਸਿੱਖ ਰਹਿਤ ਮਰਿਆਦਾ 'ਤੇ ਸਖਤੀ ਨਾਲ ਪਹਿਰਾ ਦਿੰਦੇ ਆ ਰਹੇ ਹਨ ਤੇ ਪੂਰੀ ਦਿਆਨਦਾਰੀ ਨਾਲ ਸਿੱਖ ਸੰਗਤਾਂ ਵਿੱਚ ਇਸ ਦਾ ਪ੍ਰਚਾਰ ਕਰਦੇ ਆ ਰਹੇ ਹਨ। ਜਿਸ ਅਕਾਲ ਤਖ਼ਤ ਦੀ ਸਿਰਜਣਾ ਹੀ ਧਰਮੀ ਮਨੁੱਖਾਂ ਵੱਲੋਂ ਰਾਜਸੀ ਤਾਕਤ ਅੱਗੇ ਝੁਕਣ ਦੀ ਪ੍ਰੀਵਿਰਤੀ ਨੂੰ ਠੱਲ੍ਹ ਪਾਉਣ ਲਈ ਕੀਤੀ, ਉਸੇ ਅਕਾਲ ਤਖ਼ਤ ਦੇ ਜਥੇਦਾਰਾਂ ਵੱਲੋਂ ਸਤਾਧਾਰੀ ਦਲ ਦੇ ਇਸ਼ਾਰਿਆਂ 'ਤੇ ਹੁਕਨਾਮੇ ਜਾਰੀ ਕਰਨ ਦੀ ਵਧ ਰਹੀ ਪ੍ਰੀਵਿਰਤੀ ਅਕਾਲ ਤਖ਼ਤ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਦੇ ਤੁਲ ਹੈ, ਜਿਸ ਵਿੱਚ ਤੁਰੰਤ ਸੁਧਾਰ ਦੀ ਲੋੜ ਹੈ।

-0-

# ਰੱਬੀ ਗੁਣਾਂ ਨੂੰ ਸਮਝਣਾ...

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਦੀ ਬਾਣੀ ਰਚਕੇ ਜੋ ਮਨੁੱਖਤਾ ਨੂੰ ਸੰਦੇਸ਼ ਦਿੱਤਾ ਹੈ, ਉਸ ਨੂੰ ਬਿਆਨ ਕਰਨਾ ਕਿਸੇ ਵੀ ਮਨੁੱਖ ਦੇ ਹਿੱਸੇ ਨਹੀਂ ਆ ਸਕਦਾ। ਅਸੀਂ ਕੇਵਲ ਤੇ ਕੇਵਲ ਜਪੁਜੀ ਦੀ ਬਾਣੀ ਪੜ੍ਹ ਕੇ ਉਸਨੂੰ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਾਂ ਅਤੇ ਜੇ ਸਾਨੂੰ ਕਿਣਕਾ ਮਾਤਰ ਵੀ ਸਮਝ ਪੈ ਜਾਵੇ ਉਸ ਦੇ ਮੁਤਾਬਿਕ ਜੀਵਨ ਜੀਊਣ ਦਾ ਪ੍ਰਣ ਕਰ ਲਈਏ ਤਾਂ ਅਸੀਂ ਗੁਰੂ ਦੇ ਰਾਹੀਂ ਅਕਾਲ ਪੁਰਖ ਦੇ ਨੇੜੇ ਹੋਣ ਦਾ ਅਹਿਸਾਸ ਕਰ ਸਕਦੇ ਹਾਂ। ਗੁਰੂ ਸਾਹਿਬ ਜੀ ਨੇ ਜਪੁਜੀ ਦੀਆਂ 38 ਪਉੜੀਆਂ ਦਾ ਉਚਾਰਨ ਕਰਕੇ ਮਨੁੱਖ ਨੂੰ ਸੁਚੱਜੀ ਜੀਵਨ ਜਾਚ ਦੱਸੀ ਹੈ।


**-ਕੈਪਟਨ ਅਵਤਾਰ ਸਿੰਘ**
**97819-90206**




ਹਥਲੇ ਲੇਖ ਵਿੱਚ ਸੁਣਿਐ ਦੀਆਂ ਚਾਰ ਪਉੜੀਆਂ ਬਾਰੇ ਵੀਚਾਰ ਕੀਤੀ ਗਈ ਹੈ ਗੁਰੂ ਸਾਹਿਬ ਜੀ ਨੇ ਇਨ੍ਹਾਂ ਤੋਂ ਪਹਿਲਾਂ 7 ਪਉੜੀਆਂ ਉਚਾਰਨ ਕੀਤੀਆਂ ਹਨ, ਜਿਨ੍ਹਾਂ ਵਿੱਚ ਉਸ ਸਮੇਂ ਚਲ ਰਹੇ ਵਹਿਮ ਭਰਮ ਵਿਖਾਵੇ ਬਾਰੇ ਦੱਸਿਆ। ਫਿਰ ਉਸ ਅਕਾਲ ਪੁਰਖ ਜੀ ਦੇ ਹੁਕਮ ਦੀ ਗੱਲ ਕਰਦਿਆਂ ਉਹਦੇ ਗੁਣਾਂ ਨੂੰ ਉਹਦੇ ਵਲੋਂ ਦਿੱਤੀਆਂ ਜਾਣ ਵਾਲੀਆਂ ਦਾਤਾਂ ਅਤੇ ਉਸਦੀ ਵੱਡੀ ਵਡਿਆਈ ਦਾ ਵਰਨਣ ਕੀਤਾ ਹੈ। ਗੁਰੂ ਸਾਹਿਬ ਜੀ ਨੇ ਬਿਨਾਂ ਉਸ ਅਕਾਲ ਪੁਰਖ ਦੀ ਨਦਰਿ ਤੋਂ ਲੰਮੀਆਂ ਉਮਰਾਂ ਵੱਡੇ ਵੱਡੇ ਲਾਮ ਲਸ਼ਕਰ ਕਿਸੇ ਕੰਮ ਦੇ ਨਹੀਂ ਹਨ ਵੀ ਕਿਹਾ ਅਤੇ ਉਸ ਦੀ ਵਡਿਆਈ ਕਰਦਿਆਂ ਹੋਇਆ ਕਿਹਾ:

**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥**

**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥ (2)**

ਅੱਜ ਦੀ ਵੀਚਾਰ 8ਵੀਂ ਪਉੜੀ ਤੋਂ 11ਵੀਂ ਪਉੜੀ ਵਿੱਚੋਂ ਇਹੋ ਸਮਝਣ ਦਾ ਯਤਨ ਕੀਤਾ ਹੈ ਕਿ ਜਿਨ੍ਹਾਂ ਨੇ ਪ੍ਰਭੂ ਦੀ ਯਾਦ ਵਿੱਚ ਚਿੱਤ ਜੋੜਿਆ ਹੈ, ਉਹਨਾਂ ਦੇ ਮਨ ਸਦਾ ਖਿੜੇ ਰਹਿੰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ:

**ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥ (2)**

ਸੁਣਿਐ ਤੋਂ ਭਾਵ ਸੁਣਿਆ, ਸੁਣਨ ਨਾਲ (ਜੇ ਗੁਰਬਾਣੀ ਵੀਚਾਰ ਨੂੰ ਧਿਆਨ ਨਾਲ ਸੁਣਿਆ ਜਾਏ ਤਾਂ ਮਨੁੱਖ ਦੀ ਜਿੰਦਗੀ ਦਾ ਮਹੱਤਵ ਪਤਾ ਲਗਦਾ ਹੈ) ਅਤੇ ਮਨੁੱਖ ਨੂੰ ਜੋਗੀ (ਸਿੱਧ) ਪੀਰਾਂ, ਦੇਵਤਿਆਂ ਅਤੇ ਨਾਥਾਂ ਦੀ ਅਸਲੀਅਤ ਦੀ ਸਮਝ ਆ ਜਾਂਦੀ ਹੈ (ਸੋਝੀ ਪਾ ਲੈਂਦੇ ਹਨ)। ਉਹਨਾਂ ਨੂੰ ਧਰਤੀ ਅਤੇ ਆਕਾਸ਼ ਦੇ ਆਸਰੇ ਪ੍ਰਭੂ ਨੂੰ ਹਰ ਥਾਂ ਵਿਆਪਕ ਹੋਣ ਦੀ ਸਮਝ ਪੈ ਜਾਂਦੀ ਹੈ:

**ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥ (2)**

ਉਹ ਮਨੁੱਖ ਪ੍ਰਮਾਤਮਾ ਦਾ ਨਾਮ ਸੁਣਨ ਭਾਵ ਸੁਰਤਿ ਜੁੜਨ ਕਰਕੇ ਦੀਪ (ਧਰਤੀ ਦੀ ਵੰਡ ਦੇ 7 ਦੀਪ) ਲੋਅ ਭਾਵ ਲੋਕ, ਭਵਨ ਅਤੇ ਪਤਾਲ ਵਿੱਚ ਵਿਆਪਕ ਹੋਣ ਦੀ ਸੋਝੀ ਪਾ ਲੈਂਦਾ ਹੈ। ਜਿਸ ਕਰਕੇ ਉਹਨਾਂ ਭਗਤ ਜਨਾਂ ਦੇ ਹਿਰਦੇ ਅੰਦਰ ਸਦਾ ਖਿੜਾਉ ਬਣਿਆ ਰਹਿੰਦਾ ਹੈ। ਹਰ ਥਾਂ ਪ੍ਰਭੂ ਦਾ ਦੀਦਾਰ ਹੁੰਦਾ ਵੇਖ ਕੇ ਉਨ੍ਹਾਂ ਨੂੰ ਮੌਤ ਦਾ ਡਰ ਵੀ ਪੋਹ ਨਹੀਂ ਸਕਦਾ (ਡਰਾ ਨਹੀਂ ਸਕਦਾ)। ਮੌਤ ਤੋਂ ਭਾਵ ਆਤਮਿਕ ਮੌਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਨਾਂ ਤੇ ਕਾਬੂ ਨਹੀਂ ਪਾ ਸਕਦਾ। ਅਖੀਰ ਦੀਆਂ ਪੰਕਤੀਆਂ ਵਿੱਚ ਗੁਰੂ ਸਾਹਿਬ ਜੀ ਕਹਿੰਦੇ ਹਨ ਹੇ ਨਾਨਕ! ਆਖ ਕਿ ਭਗਤਾਂ ਦੇ ਮਨਾਂ ਵਿੱਚ ਸਦਾ ਖੁਸ਼ੀ ਬਣੀ ਰਹਿੰਦੀ ਹੈ। ਉਸ ਪ੍ਰਭੂ ਦਾ ਨਾਮ (ਗੁਰਬਾਣੀ ਨੂੰ ਸਮਝਿਆਂ) ਸੁਣਿਆਂ ਸਾਰੇ ਦੁਖਾਂ ਦਾ ਵਿਨਾਸ਼ ਹੋ ਜਾਂਦਾ ਹੈ। ਜਿਵੇਂ ਦੁੱਖ ਵਿਛੋੜੇ ਦਾ, ਦੁੱਖ ਭੁੱਖ ਦਾ (ਸਰੀਰਕ, ਮਨ ਦੀ ਭੁੱਖ) ਆਦਿ ਤੋਂ ਛੁਟਕਾਰਾ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

**ਦੁਖੁ ਵੇਛੋੜਾ ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥**

**ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਵੈਦ ਨਾ ਭੋਲੇ ਦਾਰੂ ਲਾਇ॥ (1256)**

ਇਨ੍ਹਾਂ ਚਾਰਾਂ ਪਉੜੀਆਂ ਦੀਆਂ ਅਖੀਰਲੀਆਂ ਪੰਕਤੀਆਂ ਦਾ ਇਕੋ ਹੀ ਅਰਥ ਹੈ। ਅਗਲੀ ਪਉੜੀ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ:

**ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥ (3)**

ਕਿ ਪ੍ਰਭੂ ਦਾ ਨਾਮ ਸੁਣਨ ਨਾਲ ਕਹੇ ਜਾਂਦੇ ਈਸਰ, ਬਰਮਾ ਅਤੇ ਇੰਦਰ ਦੀ ਸਮਝ ਆ ਜਾਂਦੀ ਹੈ। ਸ਼ਿਵ, ਇੰਦਰ ਅਤੇ ਬ੍ਰਹਮਾ ਹਿੰਦੂ ਮੱਤ ਦੇ ਦੇਵਤੇ ਮੰਨੇ ਗਏ ਹਨ। ਉਨ੍ਹਾਂ ਅਨੁਸਾਰ ਮਨੁੱਖ ਨੂੰ ਪਾਲਣਾ, ਮਾਰਨਾ ਆਦਿ ਇਹਨਾਂ ਦੇਵਤਿਆਂ ਦੇ ਹੱਥ ਹੈ ਪਰ ਗੁਰੂ ਸਾਹਿਬ ਜੀ ਨੇ ਸਮਝਾਇਆ ਕਿ ਅਕਾਲ ਪੁਰਖ ਪ੍ਰਮੇਸ਼ਵਰ ਨੂੰ ਧਿਆਨ ਨਾਲ ਸੁਣਨ ਨਾਲ ਇਨ੍ਹਾਂ ਸਾਰਿਆਂ ਦੀ ਅਸਲੀਅਤ/ਹੋਂਦ ਦਾ ਪਤਾ ਲੱਗ ਜਾਂਦਾ ਹੈ। ਗੁਰੂ ਸਾਹਿਬ ਜੀ ਕਹਿੰਦੇ ਹਨ: **ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥ (2)** ਸਮਝ ਪੈਣ ਤੋਂ ਬਾਅਦ ਇਨ੍ਹਾਂ ਦੀ ਪੂਜਾ ਮਿੰਨਤਾਂ ਕਰਨ ਦੀ ਬਜਾਏ ਮਨੁੱਖ ਸਿੱਧਾ ਅਕਾਲ ਪੁਰਖ ਦਾ ਭਗਤ ਬਣ ਜਾਂਦਾ ਹੈ। ਜਿਸ ਮੂੰਹ ਵਿਚੋਂ ਕਦੀ ਚੰਗੇ ਬੋਲ ਨਹੀਂ ਸਨ ਨਿਕਲਦੇ ਉਹ ਵੀ ਪ੍ਰਭੂ ਪ੍ਰਮਾਤਮਾ ਦੀ ਸਿਫਤ ਕਰਨ ਲੱਗ ਪੈਂਦਾ ਹੈ:

**ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ॥**

**ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥ (614)**

**ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥ (3)**

ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਜਦੋਂ ਮਨੁੱਖ ਇੱਕ ਅਕਾਲ ਪੁਰਖ ਦੇ ਗੁਣਾਂ ਨੂੰ ਸੁਣਦਾ ਹੈ ਉਸ ਨੂੰ ਪ੍ਰਭੂ ਨੂੰ ਮਿਲਣ ਦਾ ਤਰੀਕਾ (ਜੁਗਤੀ) ਲੱਭ ਜਾਂਦੀ ਹੈ ਅਤੇ ਉਸ ਦੀ ਥਾਂ-ਥਾਂ ਤੇ ਜਾਣ ਦੀ ਭਟਕਣਾ ਸਮਾਪਤ ਹੋ ਜਾਂਦੀ ਹੈ ਉਸ ਨੂੰ ਸਮਝ ਪੈ ਜਾਂਦੀ ਹੈ

**ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥**

**ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (598)**

ਪ੍ਰਭੂ ਦੇ ਗੁਣਾਂ ਨੂੰ ਸਮਝਣ ਕਰਕੇ ਵੇਦ ਸ਼ਾਸਤਰ ਸਿੰਮ੍ਰਤੀਆਂ ਦੀ ਅਸਲੀਅਤ ਦੀ ਸਮਝ ਪੈ ਜਾਂਦੀ ਹੈ। ਉਸ ਨੂੰ ਆਪਣੇ ਸਰੀਰ ਦੇ ਇੰਦਰਿਆਂ ਦੀ ਭੱਜ ਦੌੜ ਤੇ ਕਾਬੂ ਪਾਉਣ ਦੀ ਜੁਗਤੀ ਆ ਜਾਂਦੀ ਹੈ। ਇਸ ਕਰਕੇ ਉਹ ਭਗਤ ਜਨ ਸਦਾ ਖਿੜਾਉ ਵਿੱਚ ਰਹਿੰਦੇ ਹਨ।

**ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥ (3)**

ਹੁਣ ਗੁਰੂ ਸਾਹਿਬ ਜੀ ਦਸਦੇ ਹਨ ਕਿ ਪ੍ਰਭੂ ਦੇ ਨਾਮ ਨੂੰ ਸੁਣ ਕੇ ਸਮਝਣ ਨਾਲ ਸੱਚਾਈ, ਸਿਦਕ ਅਤੇ ਗਿਆਨ ਦੀ ਸੋਝੀ ਆ ਜਾਂਦੀ ਹੈ। ਸੱਚ ਦੇ ਲੜ ਲੱਗਣ ਨਾਲ ਸਬਰ ਸਿਦਕ ਦੀ ਗੰਢ ਹੋਰ ਕੱਸੀ ਜਾਂਦੀ ਹੈ। ਇਹ ਸਾਰਾ ਗਿਆਨ ਤਥਾ ਆਤਮਿਕ ਸੋਝੀ ਹੋਣ ਕਰਕੇ ਹੀ ਹੋ ਸਕਦਾ ਹੈ।

ਗੁਰੂ ਸਾਹਿਬ ਪ੍ਰਾਣੀ ਨੂੰ ਸਮਝਾਉਂਦੇ ਹਨ ਕਿ ਗੁਰਬਾਣੀ ਨੂੰ ਧਿਆਨ ਨਾਲ ਸੁਣ ਕੇ, ਸਮਝਣ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਬਾਰੇ ਪਤਾ ਲੱਗ ਜਾਂਦਾ ਹੈ ਕਿ ਬਿਨਾਂ ਸੱਚਾਈ ਸਿਦਕ ਤੋਂ ਥਾਂ ਥਾਂ ਨਹਾਉਣ ਨਾਲ ਮਾਨਸਿਕ ਤੌਰ ਤੇ ਸਮਝ ਉੱਚੀ ਨਹੀਂ ਹੋਣੀ:

**ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥ (484)**

ਉਸ ਪ੍ਰਭੂ ਦੀ ਸਿਫਤ ਸਲਾਹ ਸੁਣਨ ਨਾਲ ਉਨ੍ਹਾਂ ਦੇ ਉਪਦੇਸ਼ ਸਮਝ ਕੇ ਜੀਵਨ ਜੀਊਣ ਵਾਲੇ ਮਨੁੱਖ ਨੂੰ ਆਦਰ-ਸਤਿਕਾਰ ਮਿਲਦਾ ਹੈ ਅਤੇ ਮਨੁੱਖ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ (ਪ੍ਰਭੂ) ਨਾਲ

ਮਿਲਾਪ ਸਹਿਜ ਅਵਸਥਾ ਵਿੱਚ ਹੀ ਹੁੰਦਾ ਹੈ, ਚਤੁਰਾਈਆਂ ਨਾਲ ਨਹੀਂ, ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥**

**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥ (918)**

ਇਸੇ ਕਰਕੇ ਪ੍ਰਭੂ ਦੇ ਉਪਦੇਸ਼ ਨੂੰ ਸਮਝਣ ਵਾਲੇ ਭਗਤਾਂ ਦੇ ਮਨਾਂ ਵਿੱਚ ਸਦਾ ਖਿੜਾਉ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਸੁਣਿਐ ਦੀ ਚੌਥੀ ਪਉੜੀ ਵਿੱਚ ਬਿਆਨ ਕਰਦੇ ਹਨ **ਸੁਣਿਐ ਸਰਾ ਗੁਣਾ ਕੇ ਗਾਹ॥**

**ਸੁਣਿਐ ਸੇਖ ਪੀਰ ਪਾਤਿਸਾਹ॥ ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥ (3)** ਕਿ ਗੁਰਬਾਣੀ ਨੂੰ ਸਮਝ ਕੇ ਮਨੁੱਖ ਨੂੰ ਨੇਕੀਆਂ ਦੇ ਸਮੁੰਦਰਾਂ ਦੀਆਂ ਗਹਿਰਾਈਆਂ ਦਾ ਪਤਾ ਲੱਗ ਜਾਂਦਾ ਹੈ ਅਤੇ ਉਸ ਨੂੰ ਵੱਡੇ ਵੱਡੇ ਸ਼ੇਖ, ਪੀਰ ਅਤੇ ਰਹਿਬਰਾਂ ਬਾਰੇ ਗਿਆਨ ਹੋ ਜਾਂਦਾ ਹੈ ਭਾਵ ਉਹਨਾਂ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ ਅਤੇ ਮਨੁੱਖ ਫਿਰ ਏਨਾ ਦੇ ਚੱਕਰ ਛੱਡ ਕੇ ਗੁਰਬਾਣੀ ਨੂੰ ਧਿਆਨ ਨਾਲ ਪੜ੍ਹ ਕੇ, ਸਮਝ ਕੇ, ਉਸ ਮੁਤਾਬਿਕ ਜੀਵਨ ਜੀਊਣ ਲੱਗ ਪੈਂਦਾ ਹੈ। ਜੋ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਦਰ ਦਰ ਭਟਕ ਰਿਹਾ ਸੀ, ਉਸ ਨੂੰ ਪ੍ਰਮਾਤਮਾ ਦੇ ਮਿਲਾਪ ਵਾਲਾ ਰਸਤਾ ਦਿਸ ਪੈਂਦਾ ਹੈ ਭਾਵ ਮਿਲ ਜਾਂਦਾ ਹੈ ਅਤੇ ਪ੍ਰਾਣੀ ਨੂੰ ਉਸ ਅਥਾਹ ਸਾਹਿਬ ਦੀ ਉਸ ਬੇਅੰਤ ਮਾਲਕ ਦੇ ਗੁਣਾਂ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਇਸੇ ਕਰਕੇ ਉਸ ਦੇ ਸੱਚੇ ਭਗਤਾਂ ਦੇ ਮਨ ਵਿੱਚ ਸਦਾ ਖੁਸ਼ੀ ਦੇ ਵਾਜੇ ਵੱਜਦੇ ਰਹਿੰਦੇ ਹਨ।

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ॥**

**ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ॥ (84)**

ਗੁਰੂ ਸਾਹਿਬ ਜੀ ਨੇ ਸਮਝਾਇਆ ਹੈ ਕਿ ਕੇਵਲ ਬਾਣੀ ਪੜ੍ਹਨ ਜਾਂ ਸੁਣਨ ਨਾਲ ਜੀਵਨ ਵਿੱਚ ਤਬਦੀਲੀ ਨਹੀਂ ਆਉਣੀ। ਜੇ ਕੇਵਲ ਬਾਣੀ ਪੜ੍ਹਨ ਜਾਂ ਸੁਣਨ ਨਾਲ ਇਨਸਾਨ ਉੱਚੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਤਾਂ ਅੱਜ ਸਮਾਜ ਵਿੱਚ ਵੇਖ ਸਕਦੇ ਹੋ। ਗ੍ਰੰਥੀ ਵੀਰ ਸਭ ਤੋਂ ਵੱਧ ਬਾਣੀ ਪੜ੍ਹਦੇ ਹਨ, ਵੱਡੇ ਵੱਡੇ ਗੁਰਦੁਆਰਿਆਂ ਵਿੱਚ ਹਜ਼ਾਰਾਂ ਹੀ ਮਨੁੱਖ ਨੌਕਰੀ ਕਰਦੇ ਹਨ ਅਤੇ ਉਹ ਆਪਣੀ ਡਿਊਟੀ ਕਰਦਿਆਂ ਹਰ ਵਕਤ ਬਾਣੀ ਸੁਣਦੇ ਹਨ। ਬਹੁਤ ਸਾਰੇ ਰਾਜਨੀਤਿਕ ਲੀਡਰ ਵੱਡੀ ਗਿਣਤੀ ਵਿੱਚ ਧਾਰਮਿਕ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਬਾਣੀ ਪਾਠ, ਕੀਰਤਨ ਅਤੇ ਕਥਾ ਵੀਚਾਰਾਂ ਸੁਣਦੇ ਹਨ। ਇਨ੍ਹਾਂ ਸਾਰਿਆਂ ਦੀ ਜੀਵਨ ਸ਼ੈਲੀ ਬਾਰੇ ਆਪ ਚੰਗੀ ਤਰ੍ਹਾਂ ਜਾਣਦੇ ਹੋ। ਸਾਰੇ ਨਹੀਂ ਪਰ ਬਹੁਤੀ ਗਿਣਤੀ ਵਿੱਚ ਇਹਨਾਂ ਲੋਕਾਂ ਨੂੰ ਚੋਰੀ, ਰਿਸ਼ਵਤ ਅਤੇ ਲੜਾਈ ਝਗੜੇ ਕਰਦੇ ਵੇਖਿਆ ਜਾਂਦਾ ਹੈ: **ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ (1299)** ਅਤੇ **ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ (917)** ਕੀ ਇਹ ਉਪਦੇਸ਼ ਇਨ੍ਹਾਂ ਕਦੀ ਨਹੀਂ ਸੁਣਿਆ। ਬਹੁਤਾਤ ਵਿੱਚ ਭਾਵੇਂ ਧਾਰਮਿਕ ਜਾਂ ਰਾਜਨੀਤਿਕ ਲੋਕ ਹੋਣ ਉਹ ਪੈਸੇ ਜਾਇਦਾਦ ਦੇ ਮੁੱਕਦਮੇ ਲੜਦੇ ਆਮ ਦੇਖੇ ਜਾ ਸਕਦੇ ਹਨ। ਕੀ ਇਸ ਕਿਸਮ ਦੇ ਲੋਕਾਂ ਦੇ ਮਨ ਖਿੜਾਉ ਵਿੰਚ ਰਹਿ ਸਕਦੇ ਹਨ ? ਪਰ ਜੇ ਗੁਰਬਾਣੀ ਨੂੰ ਧਿਆਨ ਨਾਲ ਸੁਣਿਆ, ਸਮਝਿਆ ਅਤੇ ਜੀਵਿਆ ਹੁੰਦਾ ਤਾਂ **ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥ (589)** ਦੀ ਸਮਝ ਪੈਂਦੀ ਹੈ। ਗੁਰੂ ਨੂੰ ਹਰ ਵਕਤ ਹਾਜ਼ਰ-ਨਾਜ਼ਰ ਸਮਝਿਆ ਹੀ ਨਾਨਕ ਭਗਤਾ ਸਦਾ ਵਿਗਾਸ ਵਾਲੀ ਅਵਸਥਾ ਬਣਦੀ ਹੈ। ਉਨ੍ਹਾਂ ਮਨੁੱਖਾਂ ਨੂੰ ਗੁਰ ਉਪਦੇਸ਼ ਦੀ ਸਮਝ ਪੈ ਜਾਂਦੀ ਹੈ ਕਿ **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (982)**

-0-

# ਨਸ਼ਿਆਂ ਰਾਹੀਂ ਸਰੀਰਕ ਅਤੇ ਆਰਥਿਕ ਬਰਬਾਦੀ

-ਕੈਪਟਨ ਅਵਤਾਰ ਸਿੰਘ 97819-90206



ਨਸ਼ੇ ਬੜੇ ਪੁਰਾਣੇ ਸਮੇਂ ਤੋਂ ਹੀ ਚਲਦੇ ਆ ਰਹੇ ਹਨ, ਉਨ੍ਹਾਂ ਦੀ ਵਰਤੋਂ ਧਾਰਮਿਕ ਲੋਕ, (ਜੋਗੀ ਆਦਿਕ) ਮਜ਼ਦੂਰ ਤਬਕਾ ਜਾਂ ਸ਼ੌਕੀਨ ਲੋਕ ਹੀ ਕਰਦੇ ਸਨ। ਕੁਝ ਨਸ਼ੇ ਜਿਵੇਂ ਭੰਗ, ਅਫ਼ੀਮ ਤੇ ਸ਼ਰਾਬ ਵਗੈਰਾ ਜੋ ਇਨਸਾਨ ਨੂੰ ਇਕ ਦਮ ਮੌਤ ਵੱਲ ਨਹੀਂ ਸਨ ਲੈ ਕੇ ਜਾਂਦੇ ਭਾਵੇਂ ਉਸ ਦਾ ਬੁਰਾ ਅਸਰ ਹੌਲੀ ਹੌਲੀ ਸਰੀਰ ਵਿੱਚ ਹੁੰਦਾ ਰਹਿੰਦਾ ਹੈ, ਜਿਸ ਕਰਕੇ ਕੁਝ ਲੋਕ ਪੱਕੇ ਤੌਰ 'ਤੇ ਇਨ੍ਹਾਂ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ।

ਜੋ ਲੋਕ ਡਾਕਟਰ ਦੀ ਦਵਾ ਵਿੱਚ ਵੀ ਅਲਕੋਹਲ ਜਾਂ ਅਫ਼ੀਮ ਦੇ ਅੰਗ ਦੱਸ ਕੇ ਇਹਨਾਂ ਨਸ਼ਿਆਂ ਦੀ ਵਰਤੋਂ ਤੋਂ ਗੁਰੇਜ ਨਹੀਂ ਕਰਦੇ, ਉਹ ਜ਼ਿਆਦਾਤਰ ਇਸ ਗਲਤ ਭਾਵਨਾ ਨੂੰ ਲੈ ਕੇ ਹੀ ਨਸ਼ੇ ਕਰਨ ਲੱਗ ਪੈਂਦੇ ਹਨ। ਪਰ ਦਵਾਈ ਵਿੱਚ ਖਾਸ ਮਾਤਰਾ ਵਿੱਚ ਹੀ ਅਲਕੋਹਲ ਆਦਿਕ ਹੁੰਦੀ ਹੈ, ਦਵਾਈ ਦੀ ਮਾਤਰਾ ਸੀਮਿਤ ਹੁੰਦੀ ਹੈ ਅਤੇ ਕੇਵਲ ਬਿਮਾਰ ਬੰਦੇ ਲਈ ਹੀ ਹੁੰਦੀ ਹੈ, ਇਸ ਦੇ ਬਾਵਜੂਦ ਜੋ ਇਸ ਆੜ ਵਿੱਚ ਸਿੱਧੇ ਤੌਰ 'ਤੇ ਹੀ ਸ਼ਰਾਬ ਦੀ ਵਰਤੋਂ ਕਰਦੇ ਹਨ ਉਹ ਆਪਣੇ ਆਪ ਨੂੰ ਭੁਲੇਖਾ ਦੇ ਰਹੇ ਹੁੰਦੇ ਹਨ।

ਸਿੱਖ ਰਹਿਤ ਮਰਿਯਾਦਾ ਵਿੱਚ ਚਾਰ ਬੱਜਰ ਕੁਰਹਿਤਾਂ ਵਿੱਚ ਤੰਬਾਕੂ ਅਤੇ ਉਸ ਤੋਂ ਬਣਨ ਵਾਲੀਆਂ ਵਸਤਾਂ ਨੂੰ ਪਹਿਲੇ ਨੰਬਰ 'ਤੇ ਦਰਜ ਕਰਕੇ ਸਿੱਖ ਨੂੰ ਤੰਬਾਕੂ ਦੀ ਵਰਤੋਂ ਤੋਂ ਵਰਜਿਆ ਹੈ। ਸਿੱਖ ਰਹਿਤ ਮਰਿਯਾਦਾ ਦੇ ਪੰਨਾ ਨੰ: 20 (ਙ) ਮਦ ਵਿੱਚ ਸਿੱਖ ਨੂੰ ਹਦਾਇਤ ਕੀਤੀ ਹੈ ਕਿ ਅਮਲ ਕੇਵਲ ਪ੍ਰਸ਼ਾਦੇ ਦਾ ਹੀ ਰੱਖਣਾ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਕੁਝ ਨਸ਼ਿਆਂ ਨੂੰ ਅਖੌਤੀ ਧਾਰਮਿਕ ਮਨੁੱਖਾਂ ਨੇ ਏਥੋਂ ਤੱਕ ਪ੍ਰਵਾਨ ਕਰ ਲਿਆ ਹੈ ਕਿ ਉਹ ਗੁਰਦੁਆਰਾ ਸਾਹਿਬ ਵਿਖੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੀ ਅਫੀਮ ਅਤੇ ਭੰਗ ਵਰਗੇ ਨਸ਼ਿਆਂ ਦਾ ਸੇਵਨ ਕਰਨ ਤੋਂ ਗੁਰੇਜ ਨਹੀਂ ਕਰਦੇ।

ਸ਼ਰਾਬ ਨੂੰ ਸਾਡੇ ਸਮਾਜ ਅਤੇ ਸਰਕਾਰ ਨੇ ਪ੍ਰਵਾਨ ਕੀਤਾ ਹੋਇਆ ਹੈ, ਕਿਉਂਕਿ ਭਾਵੇਂ ਕੋਈ ਆਪ ਇਸ ਦਾ ਸੇਵਨ ਨਾ ਵੀ ਕਰੇ ਪਰ ਉਹ ਆਪਣੇ ਘਰ ਖੁਸ਼ੀ ਦੇ ਸਮੇਂ ਇਸ ਕੋਹੜ ਤੋਂ ਬਚਦਾ ਨਹੀਂ ਅਤੇ ਖੁੱਲੇ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ ਵਿਅਕਤੀਆਂ ਨੂੰ ਪਰੋਸਦਾ ਹੋਇਆ ਜ਼ਰਾ ਵੀ ਗੁਰੂ ਦੇ ਉਪਦੇਸ਼ ਨੂੰ ਯਾਦ ਨਹੀਂ ਕਰਦਾ। ਜੇ ਉਹ ਨਾ ਵੀ ਪਰੋਸਣਾ ਚਾਹੇ ਤਾਂ ਉਸਦੇ ਰਿਸ਼ਤੇਦਾਰ ਅਤੇ ਹੋਰ ਅਸਰ ਰਸੂਖ ਵਾਲੇ ਲੋਕ ਉਸ ਤੋਂ ਇਹ ਕੰਮ ਕਰਵਾ ਹੀ ਲੈਂਦੇ ਹਨ।

ਕਈ ਵਾਰੀ ਸਾਡੇ ਨੌਜਵਾਨ ਵੇਖੋ ਵੇਖੀ ਅਤੇ ਆਪਣੀ ਫੋਕੀ ਟੌਹਰ ਕਾਰਨ ਹੀ ਨਸ਼ੇ ਦਾ ਸੇਵਨ ਕਰਨ ਲੱਗ ਜਾਂਦੇ ਹਨ, ਖਾਸ ਕਰਕੇ ਜੇ ਪੈਸੇ ਦੀ ਖੁੱਲ ਹੋਵੇ ਤਾਂ ਵੀ ਇਹ ਬਿਮਾਰੀ ਕਿਸ਼ੋਰ ਉਮਰ ਵਾਲਿਆਂ ਨੂੰ ਜਿਆਦਾ ਚਿੰਬੜਦੀ ਹੈ। ਜੋ ਨਸ਼ੇ ਸਰਕਾਰੀ ਤੌਰ ਤੇ ਵੇਚੇ ਜਾਂਦੇ ਹਨ ਉਹਨਾਂ ਨੂੰ ਪ੍ਰਾਪਤ ਕਰਨਾ ਵੀ ਸੌਖਾ ਹੁੰਦਾ ਹੈ। ਸਰਕਾਰਾਂ ਆਪਣਾ ਟੈਕਸ




**ਨਸ਼ਿਆ ਵਿਰੁੱਧ ਇਕ ਮੁਹਿੰਮ ਵਿਚ ਸਕੂਲ ਬੱਚੇ ਹਿੱਸਾ ਲੈਂਦੇ ਹੋਏ**

ਵਧਾਉਣ ਦੀ ਖਾਤਰ ਸ਼ਰਾਬ ਦੇ ਠੇਕੇ ਧੜਾਧੜ ਖੋਲ੍ਹੀ ਜਾਂਦੀਆਂ ਹਨ। ਪਰ ਜਿੱਥੇ ਸਰਕਾਰਾਂ ਨੇ ਸ਼ਰਾਬ ਬੰਦੀ ਕੀਤੀ ਹੋਈ ਹੈ, ਉਥੇ ਨਾਜ਼ਾਇਜ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਵੱਧ ਜਾਂਦੀ ਹੈ। ਕਈ ਵਾਰੀ ਘਰਾਂ ਵਿੱਚ ਇਸ ਦੀ ਵਰਤੋਂ ਕਾਰਨ ਵੀ ਨੌਜਵਾਨਾਂ ਨੂੰ ਨਸ਼ੇ ਦਾ ਆਦੀ ਬਣਦਿਆਂ ਦੇਰ ਨਹੀਂ ਲੱਗਦੀ। ਖਾਸ ਕਰਕੇ ਹੋਸਟਲਾਂ ਵਿੱਚ ਰਹਿੰਦੇ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਜਲਦੀ ਆਉਂਦੇ ਹਨ। ਜਦੋਂ ਮਨੁੱਖ ਨਸ਼ੇ ਦਾ ਆਦੀ ਹੋ ਜਾਂਦਾ ਹੈ ਤਾਂ ਉਹ ਕਈ ਬਹਾਨੇ ਬਣਾ ਕੇ ਵੀ ਨਸ਼ੇ ਦਾ ਇਸਤੇਮਾਲ ਕਰਦਾ ਹੈ, ਜਿਵੇਂ ਖੁਸ਼ੀ ਦਾ ਮੌਕਾ, ਗਮ ਵਿੱਚ ਡੁੱਬਿਆ ਹੋਇਆ, ਮਾਨਸਿਕ ਤਨਾਵ ਜਾਂ ਥਕਾਵਟ ਦੂਰ ਕਰਨ ਦਾ ਅਤੇ ਕੋਈ ਭਾਰਾ ਕੰਮ ਕਰਨ ਦਾ ਬਹਾਨਾ ਬਣਾਉਣਾ।

ਕਈ ਵਾਰ ਤਾਂ ਹੈਰਾਨਗੀ ਹੁੰਦੀ ਹੈ ਕਿ ਕਈ ਦੇਵੀਆਂ ਜਾਂ ਬਾਬਿਆਂ ਦੇ ਨਾਂ 'ਤੇ ਨਸ਼ੇ ਧਾਰਮਿਕ ਤੌਰ 'ਤੇ ਵਰਤੇ ਜਾਂਦੇ ਹਨ। ਮੈਂ ਫੌਜ ਦੀ ਨੌਕਰੀ ਕਰਦੇ ਸਮੇਂ ਕੁਝ ਕੁ ਮੰਦਰਾਂ ਵਿੱਚ ਦੇਵੀ ਦੀ ਮੂਰਤੀ ਦੇ ਸਾਹਮਣੇ ਪ੍ਰਸ਼ਾਦ ਦੇ ਤੌਰ 'ਤੇ ਸ਼ਰਾਬ ਵੰਡਦੇ ਆਪ ਵੇਖੇ ਹਨ। ਬੱਕਰੇ ਦੀ ਬਲੀ ਤਾਂ ਆਮ ਹੀ ਗੱਲ ਸੀ। ਕਈ ਜਗ੍ਹਾਂ 'ਤੇ ਸ਼ਰਾਬ ਚੜ੍ਹਾਈ ਜਾਂਦੀ ਹੈ। ਉਥੇ ਸ਼ਰਾਬੀ ਭਗਤਾਂ ਦੀ ਚਾਂਦੀ ਹੁੰਦੀ ਹੈ। ਨਸ਼ਿਆਂ ਦੇ ਆਦੀ ਹੋਣ ਨਾਲ ਬਹੁਤ ਨੁਕਸਾਨ ਹੁੰਦੇ ਹਨ ਜਿਵੇਂ ਮਾਇਕ ਤੰਗੀ, ਲੜਾਈ ਝਗੜੇ, ਐਕਸੀਡੈਂਟ ਸਰੀਰਕ ਪ੍ਰਭਾਵ ਅਤੇ ਨਸ਼ੇੜੀ ਮਨੁੱਖ ਵਿੱਚ ਨੈਤਿਕਤਾ ਦੀ ਘਾਟ ਆ ਜਾਣਾ ਸੁਭਾਵਿਕ ਹੈ।

ਮੇਰਾ ਨਿੱਜੀ ਤਜਰਬਾ ਹੈ ਕਿ ਜਿਹੜੇ ਮਨੁੱਖ ਨਸ਼ੇ ਵਿੱਚ ਜਿਆਦਾ ਧੱਸ ਗਏ ਉਹ ਆਪ ਤਾਂ ਬਾਹਰ ਨਹੀਂ ਨਿਕਲ ਪਾਏ, ਪਰ ਉਹਨਾਂ ਦੀ ਔਲਾਦ ਨਸ਼ੇ ਰਹਿਤ ਹੋ ਗਈ, ਭਾਵੇਂ ਉਸ ਬਾਪ ਨੇ ਵਰਜ ਕੇ ਰੱਖਿਆ ਤੇ ਭਾਵੇਂ ਉਹਨਾਂ ਬੱਚਿਆਂ ਨੇ ਨਸ਼ੇ ਦੇ ਮਾੜੇ ਪ੍ਰਭਾਵ ਵੇਖਦੇ ਹੋਏ ਨਸ਼ਿਆਂ ਤੋਂ ਤੋਬਾ ਕੀਤੀ। ਦੂਸਰਾ ਪੱਖ ਇਹ ਵੀ ਦੇਖਣ ਨੂੰ ਮਿਲਿਆ ਜਿਸ ਘਰ ਵਿੱਚ ਨਸ਼ਾ ਬਿਲਕੁਲ ਨਹੀਂ ਸੀ ਅਤੇ ਪਿਉ ਨੇ ਬੱਚਿਆਂ 'ਤੇ ਭਰੋਸਾ ਕਰਦਿਆਂ ਉਹਨਾਂ ਤੇ ਧਿਆਨ ਹੀ ਨਹੀਂ ਦਿੱਤਾ ਤੇ ਉਹ ਬੱਚੇ ਉਪਰੋਕਤ ਦਿੱਤੇ ਕਈ ਕਾਰਨਾਂ ਕਰਕੇ ਨਸ਼ੇ ਦੀ ਦਲਦਲ ਵਿੱਚ ਫਸ ਗਏ।

ਗੁਰੂ ਨਾਨਕ ਸਾਹਿਬ ਜੀ ਨੇ ਗੁਰਬਾਣੀ ਉਪਦੇਸ਼ ਰਾਹੀਂ ਸਮਝਾਇਆ ਹੈ ਕਿ ਜੋਗੀ ਜੋ ਤੂੰ ਸ਼ਰਾਬ ਮਹੂਏ ਦੇ ਫੁੱਲਾਂ ਅਤੇ ਗੁੜ ਆਦਿ ਤੋਂ ਬਣਾਉਂਦਾ ਹੈ ਉਹ ਇਸ ਤਰੀਕੇ ਨਾਲ ਤਿਆਰ ਕਰ।

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ**
**ਕਰਿ ਕਰਣੀ ਕਸੁ ਪਾਈਐ॥**
**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥1॥**
**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥**
**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ**
**ਸਬਦੁ ਅਨਾਹਦ ਗਹਿਆ॥1॥ ਰਹਾਉ॥**
**ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥**
**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥2॥**
**ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥**
**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥3॥**
**ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥**
**ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ (360)**

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮਨੁੱਖ ਤੂੰ ਉਹ ਨਸ਼ਾ ਨਾ ਕਰ ਜੋ ਤੇਰੀ ਮੱਤ ਮਾਰ ਦਿੰਦਾ ਹੈ ਅਤੇ ਤੈਨੂੰ ਆਪਣੇ ਪਰਾਏ ਭਾਵ ਸਹੀ ਗਲਤ ਦਾ ਪਤਾ ਨਾ ਲੱਗੇ।

**ਮਾਨਸੁ ਭਰਿਆ ਆਣਿਆ ਮਾਨਸੁ ਭਰਿਆ ਆਇ ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥**
**ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥ (554)**

ਸੋ ਸਾਨੂੰ ਗੁਰੂ ਉਪਦੇਸ਼ਾਂ ਤੋਂ ਸੇਧ ਲੈ ਕੇ ਨਸ਼ਿਆਂ ਦੀ ਮਾਰ ਤੋਂ ਬਚਣਾ ਚਾਹੀਦਾ ਹੈ। ਆਪਣੀ ਸਿਹਤ, ਰਿਸ਼ਤੇਦਾਰੀਆਂ ਨੂੰ ਨਿਭਾਉਣ ਅਤੇ ਸਮਾਜ ਦੀਆਂ ਜ਼ਿੰਮੇਵਾਰੀਆਂ ਚੁੱਕਦੇ ਹੋਏ ਸੋਹਣੀ ਅਤੇ ਚੜ੍ਹਦੀ ਕਲਾਂ ਵਾਲੀ ਜ਼ਿੰਦਗੀ ਜਿਉਣੀ ਚਾਹੀਦੀ ਹੈ। -0-

# ਗੁੱਸਾ



**ਬਹਾਦਰ ਸਿੰਘ ਗਿੱਲ (ਮੋਗਾ)**

"ਸਾਹਿਬ ਜੀ, ਗ਼ਲਤੀ ਹੋ ਗਈ......ਆਗੇ ਸੇ ਐਸਾ ਨਹੀਂ ਹੋਗਾ......ਮਾਫ਼ ਕਰ ਦੋ ਹਮੇਂ......" ਰਾਜੂ ਹੱਥ ਜੋੜ ਕੇ ਖੜਾ ਸੀ।

"ਮੂਰਖਾ ਤੈਨੂੰ ਪਤੈ ਦੁੱਧ ਦਾ ਕੀ ਰੇਟ ਏ ? ਪੱਠਿਆਂ ਦਾ ਬੀਜ, ਖਾਦਾਂ ਦਾ ਤੇ ਹੋਰ ਖ਼ਰਚ ......ਤਾਂ ਕਿਤੇ ਜਾ ਕੇ ਦੋ ਸੇਰ ਦੁੱਧ' ਕੱਠਾ ਹੁੰਦੈ, ਤੇਰੇ ਤੋਂ ਦੋ ਮਹੀਨਿਆਂ ਦੀ ਕੱਟੀ ਨਹੀਂ ਬੱਧੀ ਗਈ......ਪੀ ਗਈ ਸਾਰਾ ਦੁੱਧ, ਚੁੰਡਦੀ ਰਹੀ ਸਾਰੀ ਰਾਤ ਮੱਝ ਦੇ ਥਣਾਂ ਨੂੰ। ਬੇਅਕਲ ਕਿਸੇ ਥਾਂ ਦਾ। ਕਲ ਤੋਂ ਤੇਰੀ ਚਾਹ ਵੀ ਬੰਦ, ਤਾਂ ਹੀ ਤੇਰੀ ਅਕਲ ਟਿਕਾਣੇ ਆਊ। ਜਾਹ ਹੁਣ ਪੱਠੇ ਵੱਢ ਕੇ ਲਿਆ......।" ਉਹ ਗੁੱਸੇ ਵਿਚ ਰੋਅਬ ਝਾੜੀ ਜਾ ਰਿਹਾ ਸੀ।

ਕੁਝ ਦਿਨਾਂ ਮਗਰੋਂ ਸਾਰੇ ਪਰਿਵਾਰ ਨੇ ਵਿਆਹ ਪਾਰਟੀ'ਤੇ ਜਾਣਾ ਸੀ। ਘਰ ਵਾਲੀ ਨੇ ਦੁੱਧ ਗੈਸ ਤੇ ਉਬਾਲਣਾ ਧਰ ਦਿਤਾ ਤੇ ਆਪ ਤਿਆਰ ਹੋਣ ਵਿਚ ਰੁੱਝ ਗਈ।

"ਜੀ ਸੁਣੋ......ਲਗਦੈ ਦੁੱਧ ਉਬਲ ਗਿਐ, ਜ਼ਰਾ ਵੇਖੋ ਤਾਂ ਸਹੀ ਜਾ ਕੇ।" ਉਸ ਨੇ ਘਰ ਵਾਲੀ ਨੂੰ ਕਿਹਾ।

"ਮੈਂ ਤਿਆਰ ਹੋ ਰਹੀ ਹਾਂ, ਅਜੇ ਮੈਨੂੰ ਦੇਰ ਲਗੇਗੀ। ਤੁਸੀਂ ਆਪ ਹੀ ਜਾ ਕੇ ਵੇਖ ਲਉ ਰਸੋਈ'ਚ।" ਘਰ ਵਾਲੀ ਨੇ ਜਵਾਬ ਦਿਤਾ।

ਉਸ ਨੇ ਰਸੋਈ ਵਿਚ ਜਾ ਕੇ ਵੇਖਿਆ ਤਾਂ ਦੁੱਧ ਵਾਲਾ ਭਾਂਡਾ ਲਗਭਗ ਖ਼ਾਲੀ ਹੋਇਆ ਪਿਆ ਸੀ। ਏਨੇ ਨੂੰ ਘਰ ਵਾਲੀ ਵੀ ਰਸੋਈ ਵਿਚ ਆ ਗਈ। "ਜੀ ਸੌਰੀ...ਮੈਨੂੰ ਚੇਤਾ ਭੁੱਲ ਗਿਆ।" ਘਰ ਵਾਲੀ ਬੋਲੀ।

"ਚਲੋ ਕੋਈ ਗੱਲ ਨਹੀਂ, ਤੁਸੀ ਬਿਜ਼ੀ ਸੀ। ਪਾਰਟੀ ਤੋਂ ਮੁੜਦੇ ਹੋਏ ਸ਼ਹਿਰੋਂ ਚਾਰ ਪੈਕਟ ਲੈ ਆਵਾਂਗੇ, ਪਲੀਜ਼ ਤੁਸੀਂ ਮੂਡ ਨਾ ਖ਼ਰਾਬ ਕਰੋ ਹੁਣ। ਜਾ ਕੇ ਤਿਆਰ ਹੋਵੋ, ਦੇਰ ਹੋ ਰਹੀ ਹੈ।" ਘਰ ਵਾਲਾ ਬੋਲਿਆ।

ਨੌਕਰਾਣੀ ਅੱਜ ਸਾਹਿਬ ਦੇ ਗੁੱਸੇ ਤੋਂ ਹੈਰਾਨ ਸੀ। ਕੁਝ ਦਿਨ ਪਹਿਲਾਂ ਬੀਤੀ ਰਾਜੂ ਵਾਲੀ ਘਟਨਾ ਉਸ ਦੀਆਂ ਅੱਖਾਂ ਸਾਹਮਣੇ ਘੁੰਮ ਰਹੀ ਸੀ। -0-



# ਨੰਨ੍ਹੇ ਵਾਰਸ

## ਕਿਵੇਂ ਬਣਿਆ ਨੋਬੇਲ ਪੁਰਸਕਾਰ

**ਜੋਧ ਸਿੰਘ ਮੋਗਾ। ਮੋਬਾ: 62802-58057**

ਪਿਆਰੇ ਬੱਚਿਓ! ਜਦੋਂ ਤੁਸੀਂ ਫਸਟ ਆਉਂਦੇ ਹੋ, ਦੌੜ ਜਾਂ ਮੈਚ ਜਿੱਤਦੇ ਹੋ ਜਾਂ ਵਧੀਆ ਚਿੱਤਰ ਬਣਾਉਂਦੇ ਹੋ ਤਾਂ ਤੁਹਾਨੂੰ ਬੇਹੱਦ ਖੁਸ਼ੀ ਹੁੰਦੀ ਹੈ ਅਤੇ ਕੋਈ ਪੁਸਤਕ, ਮੈਡਲ ਜਾਂ ਕੱਪ ਇਨਾਮ ’ਚ ਮਿਲਦਾ ਹੈ, ਪਰ ਇਕ ਇਨਾਮ ਅਜਿਹਾ ਵੀ ਹੈ ਜਿਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਮਹਾਨ ਅਤੇ ਗੌਰਵਮਈ ਮੰਨਿਆ ਜਾਂਦਾ ਹੈ। ਉਹ ਹੈ ਨੋਬੇਲ ਇਨਾਮ ਜਾਂ ਨੋਬੇਲ ਪੁਰਸਕਾਰ। ਇਹ ਇਨਾਮ ਸਾਲਾਨਾ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ ਮਨੁੱਖਤਾ ਦੀ ਭਲਾਈ ਲਈ ਅਤੇ ਦੁਨੀਆਂ ਦੇ ਦੁੱਖ-ਦਰਦ ਮਿਟਾਉਣ ਲਈ ਕੰਮ ਕਰਦੇ ਹਨ, ਨਵੀਆਂ ਖੋਜਾਂ ਕਰਦੇ ਹਨ ਅਤੇ ਦੁਨੀਆਂ ਵਿਚ ਅਮਨ ਸ਼ਾਂਤੀ ਲਈ ਯਤਨ ਕਰਦੇ ਹਨ।

ਨੋਬੇਲ ਪੁਰਸਕਾਰ ਛੇ ਤਰ੍ਹਾਂ ਦੇ ਹੁੰਦੇ ਹਨ। ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ, ਦਵਾਈਆਂ, ਬਿਮਾਰੀਆਂ ਅਤੇ ਕੀਟਾਣੂਆਂ ਦੀ ਖੋਜ ਲਈ, ਚੌਥਾ ਵਧੀਆ ਸਾਹਿਤ ਰਚਨਾ ਲਈ ਅਤੇ ਇਕ ਰੁਪਏ-ਪੈਸੇ ਅਤੇ ਆਰਥਿਕ ਖੇਤਰ ਦੀ ਉੱਨਤੀ ਲਈ। ਹੁਣ ਛੇਵਾਂ ਇਨਾਮ ਅਮਨ-ਸ਼ਾਂਤੀ ਲਈ ਵੀ ਦਿੱਤਾ ਜਾਂਦਾ ਹੈ। ਭਾਰਤ ਦੇ ਵੀ ਪੰਜ ਮਹਾਨ ਲੋਕਾਂ ਨੂੰ ਇਹ ਇਨਾਮ ਮਿਲ ਚੁੱਕਾ ਹੈ। ਸਭ ਤੋਂ ਪਹਿਲਾਂ ਰਾਬਿੰਦਰ ਨਾਥ ਟੈਗੋਰ ਨੂੰ ਕਵਿਤਾਵਾਂ ਦੀ ਪੁਸਤਕ ‘ਗੀਤਾਂਜਲੀ’ ਲਈ ਮਿਲਿਆ। ਫਿਰ ਸੀ.ਵੀ. ਰਮਨ, ਮਦਰ ਟੈਰੇਸਾ ਅਤੇ ਅਮਰੱਤਿਆ ਸੇਨ ਨੂੰ। 1914 ਵਿਚ ਇਹ ਇਨਾਮ ਸਤਿਆਰਥੀ ਜੀ ਨੂੰ ਮਿਲਿਆ ਜੋ ਪਾਕਿਸਤਾਨ ਦੀ ਇਕ 17 ਸਾਲ ਦੀ ਕੁੜੀ ‘ਮਲਾਲਾ’ ਨਾਲ ਸਾਂਝਾ ਸੀ। ਮਲਾਲਾ ਸਿਰਫ਼ 15 ਸਾਲ ਦੀ ਸੀ ਅਤੇ ਉਹ ਕੁੜੀਆਂ ਦੀ ਪੜ੍ਹਾਈ ਦਾ ਪ੍ਰਚਾਰ ਕਰਦੀ ਸੀ। ਅਤਿਵਾਦੀਆਂ ਨੇ ਉਸਦੇ ਬੱਸ ਵਿਚ ਬੈਠੀ ਦੇ ਸਿਰ ’ਚ ਗੋਲੀ ਮਾਰ ਦਿੱਤੀ, ਪਰ ਉਹ ਬਚ ਗਈ। ਮਲਾਲਾ ਦੁਨੀਆਂ ਦੀ ਸਭ ਤੋਂ ਛੋਟੀ ਉਮਰ ਦੀ ਨੋਬੇਲ ਇਨਾਮ ਜੇਤੂ ਕੁੜੀ ਹੈ।

ਇਸ ਇਨਾਮ ਵਿਚ ਹਰ ਜੇਤੂ ਨੂੰ ਇਕ ਪ੍ਰਮਾਣ-ਪੱਤਰ, ਇਕ ਸੋਨੇ ਦਾ ਐਲਫਰਡ ਨੋਬੇਲ ਦੀ ਤਸਵੀਰ ਵਾਲਾ ਮੈਡਲ ਅਤੇ ਲਗਪਗ 8 ਕਰੋੜ ਰੁਪਏ ਨਕਦ ਮਿਲਦੇ ਹਨ ਤਾਂ ਜੋ ਉਹ ਮਹਾਨ ਵਿਅਕਤੀ ਸੌਖਾ ਜੀਵਨ ਬਿਤਾ ਸਕੇ ਅਤੇ ਹੋਰ ਕੰਮ ਕਰ ਸਕੇ।



ਐਲਫਰਡ ਨੋਬੇਲ ਸਵੀਡਨ ਦਾ ਉੱਘਾ ਵਿਗਿਆਨੀ ਸੀ, ਜਿਸ ਨੇ ਸੈਂਕੜੇ ਨਵੀਆਂ ਖੋਜਾਂ ਕੀਤੀਆਂ, ਪਰ ਉਸ ਦੀ ਸਭ ਤੋਂ ਵੱਡੀ ਖੋਜ ਬਾਰੂਦ ਦੀ ਸੀ, ਜਿਸ ਦੀ ਵਰਤੋਂ ਬੰਬ, ਤੋਪਾਂ ਦੇ ਗੋਲੇ ਅਤੇ ਬੰਦੂਕ ਦੀਆਂ ਗੋਲੀਆਂ ਵਾਸਤੇ ਕੀਤੀ ਜਾਂਦੀ ਹੈ। ਸਭ ਵੱਡੇ ਦੇਸ਼ਾਂ ਨੇ ਮਣਾਂਮੂੰਹੀ ਬਾਰੂਦ ਨੋਬੇਲ ਤੋਂ ਖ਼ਰੀਦਿਆ, ਬੰਬ, ਤੋਪ ਗੋਲੇ ਅਤੇ ਬੰਦੂਕੀ ਕਾਰਤੂਸ ਬਣਾਏ ਅਤੇ ਸਭ ਵੱਡੀਆਂ ਜੰਗਾਂ ਵਿਚ ਵਰਤ ਕੇ ਤਬਾਹੀ ਕੀਤੀ। ਲੱਖਾਂ ਲੋਕ ਬੰਬਾਂ ਅਤੇ ਬਾਰੂਦ ਕਾਰਨ ਮਾਰੇ ਗਏ। ਲੋਕ ਨੋਬੇਲ ਨੂੰ ਨਫ਼ਰਤ ਨਾਲ ਮਨੁੱਖਤਾ ਦਾ ਦੁਸ਼ਮਣ ਅਤੇ ‘ਮੌਤ ਦਾ ਸੌਦਾਗਰ’ ਕਹਿਣ ਲੱਗੇ, ਪਰ ਬਾਰੂਦ ਕਾਰਨ ਉਹ ਬੜਾ ਅਮੀਰ ਬਣ ਚੁੱਕਿਆ ਸੀ ਅਤੇ ਉਸ ਕੋਲ ਅਰਬਾਂ ਰੁਪਏ ਜਮ੍ਹਾਂ ਹੋ ਗਏ ਸਨ। ਇਕ ਦਿਨ ਸਵੇਰੇ-ਸਵੇਰੇ ਉਸ ਨੇ ਅਖ਼ਬਾਰ ਦੇਖਿਆ, ਉਸ ਵਿਚ ਇਕ ਮੋਟੀ ਖ਼ਬਰ ਛਪੀ ਹੋਈ ਸੀ, ‘‘ਮੌਤ ਦਾ ਸੌਦਾਗਰ ਨੋਬੇਲ ਮਰ ਗਿਆ ਹੈ, ਸ਼ੁਕਰ ਹੋਇਆ।’’ ਆਪਣੀ ਮੌਤ ਦੀ ਝੂਠੀ ਖ਼ਬਰ ਪੜ੍ਹ ਕੇ ਉਸ ਨੂੰ ਬੜਾ ਦੁੱਖ ਹੋਇਆ ਅਤੇ ਹੈਰਾਨੀ ਵੀ। ਉਹ ਸੋਚੀਂ ਪੈ ਗਿਆ।

1896 ਵਿਚ ਉਹ ਕਿਸੇ ਖੋਜ ਸਬੰਧੀ ਇਟਲੀ ਗਿਆ ਹੋਇਆ ਸੀ, ਜਿੱਥੇ 10 ਦਸੰਬਰ ਨੂੰ ਦਿਮਾਗ਼ ਦੀ ਨਾੜ ਫਟਣ ਕਾਰਨ ਉਸ ਦੀ ਮੌਤ ਹੋ ਗਈ, ਪਰ ਮਰਨ ਤੋਂ ਪਹਿਲਾਂ ਉਹ ਆਪਣੀ ਵਸੀਅਤ ’ਚ ਲਿਖ ਗਿਆ ਸੀ, ‘‘ਮੇਰੀ ਸਾਰੀ ਦੌਲਤ ਨੂੰ ਮਨੁੱਖਤਾ ਦੀ ਭਲਾਈ ਵਾਸਤੇ ਵਰਤਿਆ ਜਾਵੇ।’’

ਕਿਵੇਂ ਵਰਤੀ ਜਾਵੇ ਸਭ ਕੁਝ ਲਿਖਿਆ ਹੋਇਆ ਸੀ। ਸੋ ਇਕ ਕਮੇਟੀ ਅਤੇ ਟਰੱਸਟ ਬਣਾਇਆ ਗਿਆ ਜੋ ਸਾਰੇ ਪੈਸੇ ਨੂੰ ਸਾਂਭਦਾ ਹੈ ਅਤੇ ਉਸ ਵਿਚੋਂ ਸਾਲਾਨਾ ਛੇ ਨੋਬੇਲ ਇਨਾਮ ਦਿੱਤੇ ਜਾਂਦੇ ਹਨ। ਇਹ ਇਨਾਮ 1901 ਤੋਂ ਸ਼ੁਰੂ ਹੋਏ ਅਤੇ ਸਵੀਡਨ ਦੀ ਰਾਜਧਾਨੀ ਓਸਲੋ ਵਿਚ ਹਰ ਸਾਲ 10 ਦਸੰਬਰ ਨੂੰ ਨੋਬੇਲ ਦੀ ਬਰਸੀ ਸਮੇਂ ਵੱਡਾ ਸਮਾਗਮ ਕਰਕੇ ਦਿੱਤੇ ਜਾਂਦੇ ਹਨ।

ਇਹ ਨਾ ਸਮਝਿਓ ਕਿ ਬਾਰੂਦ ਨੇ ਆਪਾਂ ਨੂੰ ਦੁੱਖ ਹੀ ਦਿੱਤਾ ਹੈ। ਦੁਨੀਆਂ ਦੀਆਂ ਪਹਾੜਾਂ ਥੱਲੇ ਬਣੀਆਂ ਵੱਡੀਆਂ ਲੰਮੀਆਂ ਸੁਰੰਗਾਂ, ਉੱਚੇ ਪਹਾੜਾਂ ’ਤੇ ਚੌੜੀਆਂ ਸੜਕਾਂ, ਵੱਡੇ-ਵੱਡੇ ਡੈਮ ਅਤੇ ਪਹਾੜਾਂ ਨੂੰ ਕੱਟਣ ਦੇ ਔਖੇ ਕੰਮ ਬਾਰੂਦ ਨਾਲ ਹੀ ਹੁੰਦੇ ਹਨ। ਇਸ ਲਈ ਐਲਫਰਡ ਨੋਬੇਲ ਦਾ ਮਨੁੱਖੀ ਜੀਵਨ ਦੀ ਭਲਾਈ ਲਈ ਦਿੱਤਾ ਯੋਗਦਾਨ ਬੜਾ ਮਹਾਨ ਹੈ।

**ਕਰਨੈਲ ਸਿੰਘ ਰਾਮਗੜ੍ਹ**
**–79864-99563**

## ਗਰਮੀਆਂ ਵਿਚ ਭੋਜਨ ਪਦਾਰਥ ਖਰਾਬ ਕਿਉਂ ਹੋ ਜਾਂਦੇ ਹਨ?

ਬੱਚਿਓ! ਬੈਕਟੀਰੀਆ ਹਰ ਥਾਂ ਪਾਏ ਜਾਂਦੇ ਹਨ। ਜਿਵੇਂ ਹਵਾ, ਪਾਣੀ, ਧਰਤੀ ਅਤੇ ਭੋਜਨ ਪਦਾਰਥਾਂ ਵਿਚ ਪਾਏ ਜਾਂਦੇ ਹਨ। ਸੂਖਮਜੀਵ ਜਿਵੇਂ ਬੈਕਟੀਰੀਆ, ਕੀਟਾਣੂ ਅਤੇ ਉੱਲੀ ਉੱਚੇ ਤਾਪਮਾਨ ’ਤੇ ਬਹੁਤ ਜ਼ਿਆਦਾ ਵਾਧਾ ਕਰਦੇ ਹਨ। ਘੱਟ ਤਾਪਮਾਨ ’ਤੇ ਇਨ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਬੈਕਟੀਰੀਆ ਜਿਵੇਂ ਸਾਲਮੋਨੇਲਾ, ਈ-ਕੋਲੀ, ਲਿਸਟੇਰੀਆ, ਕਲੌਸਟਰਿਡੀਅਮ, ਨੋਰੋਵਾਇਰਸ ਅਤੇ ਉੱਲੀ ਭੋਜਨ ਪਦਾਰਥਾਂ ਨੂੰ ਖ਼ਰਾਬ ਕਰਦੇ ਹਨ। ਇਹ ਸੂਖਮਜੀਵ ਇਕ ਨਿਸ਼ਚਤ ਤਾਪਮਾਨ ਸੀਮਾ 5 ਤੋਂ 60 ਡਿਗਰੀ ਸੈਂਟੀਗ੍ਰੇਡ ਵਿਚਕਾਰ ਵਾਧਾ ਕਰਦੇ ਹਨ। ਇਸ ਤਾਪਮਾਨ ਰੇਂਜ ਨੂੰ ਖ਼ਤਰੇ ਦਾ ਜ਼ੋਨ ਕਹਿੰਦੇ ਹਨ। ਗਰਮੀਆਂ ਵਿਚ ਤਾਪਮਾਨ ਵਧ ਜਾਂਦਾ ਹੈ। ਬੈਕਟੀਰੀਆ 21 ਤੋਂ 47 ਡਿਗਰੀ ਸੈਂਟੀਗ੍ਰੇਡ ਤਾਪਮਾਨ ’ਤੇ ਤੇਜ਼ੀ ਨਾਲ ਵਾਧਾ ਕਰਦੇ ਹਨ। ਇਹ ਭੋਜਨ ਪਦਾਰਥਾਂ ਨੂੰ ਆਪਣਾ ਭੋਜਨ ਬਣਾਉਂਦੇ ਹਨ ਅਤੇ ਤੇਜ਼ਾਬ ਅਤੇ ਹੋਰ ਹਾਨੀਕਾਰਕ ਪਦਾਰਥ ਪੈਦਾ ਕਰਦੇ ਹਨ ਜਿਸ ਕਾਰਨ ਭੋਜਨ ਪਦਾਰਥ ਖ਼ਰਾਬ ਹੋ ਜਾਂਦੇ ਹਨ।


# ਸੰਸਾਰ ਦੇ ਵੱਖ-ਵੱਖ ਖੇਤਰਾਂ ਸਬੰਧੀ ਜਾਣਕਾਰੀ





* ਆਸਟ੍ਰੇਲੀਆ ਵਿਚ ਕਾਲੇ ਮੂੰਹ ਵਾਲੇ ਬਾਂਦਰ ਦੀ ਨਸਲ ਪਾਈ ਜਾਂਦੀ ਹੈ। ਇਹ ਕਾਲੇ ਮੂੰਹ ਵਾਲੇ ਬਾਂਦਰ 17 ਤਰ੍ਹਾਂ ਦੀਆਂ ਆਵਾਜ਼ਾਂ ਕੱਢਦੇ ਹਨ। ਖ਼ਤਰੇ ਵੇਲੇ ਆਪਣੇ ਸਾਥੀਆਂ ਨੂੰ ਬੁਲਾਉਣ ਤੇ ਸਾਵਧਾਨ ਕਰਨ ਲਈ, ਕਿਤੇ ਭੋਜਨ ਹੋਵੇ ਤਾਂ ਖਾਣ ਵਾਸਤੇ ਹੋਰ ਸਾਥੀਆਂ ਨੂੰ ਸੱਦਣ ਆਦਿ ਹੋਰ ਕੰਮਾਂ ਲਈ ਅਲੱਗ-ਅਲੱਗ ਆਵਾਜ਼ਾਂ ਕੱਢੀਆਂ ਜਾਂਦੀਆਂ ਹਨ। ਹੈ ਨਾ ਹੈਰਾਨੀਜਨਕ ਗੱਲ।

* ਸਵੀਡਨ ਤੇ ਨਾਰਵੇ ਦੇ ਬਰਫ਼ੀਲੇ ਸਥਾਨ ਟੁੰਡਾ ਵਿਚ ਹਰ ਸਾਲ ਸੈਂਕੜੇ ਚੂਹੇ ਸਮੂਹਿਕ ਰੂਪ ਨਾਲ ਖ਼ੁਦਕੁਸ਼ੀ ਕਰਦੇ ਹਨ। ਇਹ ਚੂਹੇ 'ਲੇਮਿੰਗ' ਨਾਂਅ ਨਾਲ ਵੀ ਜਾਣੇ ਜਾਂਦੇ ਹਨ। ਇਨ੍ਹਾਂ ਚੂਹਿਆਂ ਦੇ ਪਰਿਵਾਰ ਦਾ ਇਕ ਜੋੜਾ ਤਿੰਨ ਸਾਲਾਂ ਵਿਚ ਤਕਰੀਬਨ ਦੋ ਕਰੋੜ ਚੂਹਿਆਂ ਦਾ ਪਰਿਵਾਰ ਪੈਦਾ ਕਰ ਲੈਂਦਾ ਹੈ। ਵਧਦੀ ਆਬਾਦੀ ਦੇ ਕਾਰਨ ਜਦੋਂ ਖਾਣ ਤੇ ਰਹਿਣ ਦੀ ਸਮੱਸਿਆ ਆਉਂਦੀ ਹੈ ਤਾਂ ਐਟਲਾਂਟਿਕ ਮਹਾਂਸਾਗਰ ਵਿਚ ਛਲਾਂਗ ਲਗਾ ਕੇ ਖ਼ੁਦਕੁਸ਼ੀ ਕਰ ਲੈਂਦੇ ਹਨ।



* ਨੀਦਰਲੈਂਡ ਦੇ ਸ਼ਬਦਕੋਸ਼ ਨਿਰਮਾਤਾਵਾਂ ਨੇ ਸੰਸਾਰ ਦਾ ਸਭ ਤੋਂ ਵੱਡਾ ਸ਼ਬਦਕੋਸ਼ ਤਿਆਰ ਕੀਤਾ ਹੈ। ਇਹ ਦਸ ਖੰਡਾਂ ਵਿਚ ਹੈ ਅਤੇ ਇਸ ਵਿਚ 45,000 ਸਫ਼ੇ ਹਨ, ਇਸ ਨੂੰ ਬਣਾਉਣ ਵਿਚ ਤਕਰੀਬਨ 147 ਸਾਲ ਲੱਗੇ।

-ਅਜੇਸ਼ ਗੋਇਲ ਬਿੱਟੂ (ਗਿੱਦੜਬਾਹਾ) # 98140-97917.

# ਕੀ ਤੁਸੀਂ ਜਾਣਦੇ ਹੋ ?

**ਜੋਗਾ ਸਿੰਘ ਬਠੁੱਲਾ # 98727-99376**

* **ਬਾਈਕਾਟ :** ਬਰਤਾਨੀਆ ਦੀ ਹਕੂਮਤ ਅਧੀਨ ਆਇਰਲੈਂਡ ਵਿਚ ਅਕਾਲ ਪੈਣ ਕਾਰਨ ਕਿਸਾਨਾਂ ਨੇ ਸਰਕਾਰ ਨੂੰ ਮਾਲੀਆ ਨਾ ਦਿੱਤਾ। ਸਰਕਾਰ ਨੇ ਇਕ ਅਫ਼ਸਰ ਸਰ ਬਾਈਕਾਟ ਨੂੰ ਮਾਲੀਆ ਉਗਰਾਹੁਣ ਲਈ ਭੇਜਿਆ, ਪਰ ਕਿਸਾਨਾਂ ਨੇ ਉਸ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਉਸ ਸਮੇਂ ਤੋਂ ਹੀ ਬਾਈਕਾਟ ਸ਼ਬਦ ਪ੍ਰਚੱਲਿਤ ਹੋ ਗਿਆ।




* **ਕਰਫ਼ਿਊ :** ਇਸ ਦਾ ਅਰਥ ਹੈ ਕਵਰ ਫਾਇਰ ਅਰਥਾਤ ਅੱਗ ਨੂੰ ਢਕਣਾ। ਯੂਰਪ ਦੇ ਕੁਝ ਖੇਤਰਾਂ ਵਿਚ ਜਦੋਂ ਕਿਸੇ ਅਣਹੋਣੀ ਦੀ ਅਫ਼ਵਾਹ ਫੈਲਦੀ ਸੀ ਤਾਂ ਲੋਕ ਅੱਗ ਨੂੰ ਢੱਕ ਕੇ ਅੰਦਰੀਂ ਵੜ ਜਾਂਦੇ ਸਨ ਅਤੇ ਸੁੰਨ ਮਸਾਣ ਹੋ ਜਾਂਦੀ ਸੀ।

* **ਐਚ. ਬੀ. :** ਪੈਨਸਿਲ ਉੱਤੇ ਐਚ. ਬੀ. ਲਿਖਿਆ ਹੁੰਦਾ ਹੈ, ਜਿਸ ਦਾ ਅਰਥ 'ਹਾਰਡ ਐਂਡ ਬਲੈਕ' ਹੈ।

* **ਓ. ਕੇ. :** ਅਮਰੀਕਾ ਅਤੇ ਕੁਝ ਹੋਰ ਮੁਲਕਾਂ ਵਿਚ ਅੰਗਰੇਜ਼ੀ ਜਿਵੇਂ ਬੋਲੀ ਜਾਂਦੀ ਹੈ, ਉਵੇਂ ਹੀ ਲਿਖੀ ਜਾਂਦੀ ਹੈ। All Correct ਨੂੰ Oll Korrect ਲਿਖਿਆ ਜਾਂਦਾ ਹੈ, ਜਿਸ ਤੋਂ ਓ. ਕੇ. ਸ਼ਬਦ ਬਣਿਆ।

* ਅੰਗਰੇਜ਼ੀ ਵਿਚ **Set** ਅਜਿਹਾ ਸ਼ਬਦ ਹੈ ਜਿਸ ਦੇ ਸਭ ਤੋਂ ਵੱਧ 108 ਅਰਥ ਜਾਂ ਪਰਿਭਾਸ਼ਾਵਾਂ ਹਨ।

* ਇੰਗਲੈਂਡ ਦੇ ਰਾਜੇ ਹੈਲਰੀ (ਪਹਿਲਾ) ਦੀ ਬਾਂਹ ਫੈਲਾਅ ਕੇ ਉਸ ਦੇ ਨੱਕ ਅਤੇ ਵੱਡੀ ਉਂਗਲੀ ਦੇ ਵਿਚਕਾਰਲੀ ਦੂਰੀ ਨੂੰ ਮਿਣ ਕੇ ਗਜ਼ Yard ਦਾ ਨਾਂਅ ਦਿੱਤਾ ਗਿਆ।

* **Rhythm** ਸਭ ਤੋਂ ਵੱਡਾ ਅਜਿਹਾ ਸ਼ਬਦ ਹੈ, ਜਿਹੜਾ Vowel ਤੋਂ ਬਿਨਾਂ ਹੈ।

**ਬਾਲ ਕਵਿਤਾ:**

# ਆਨਲਾਈਨ ਪੜ੍ਹਾਈ

ਆਓ ਬੱਚਿਓ, ਸਾਰੇ ਕਰੀਏ ਆਨਲਾਈਨ ਹੈ ਪੜ੍ਹਾਈ,
ਘਰ ਬੈਠ ਕੇ ਨਵੇਂ ਢੰਗਾਂ ਨਾਲ ਪੜ੍ਹਨ ਦੀ ਰੁੱਤ ਹੈ ਆਈ।
ਤੁਹਾਡੇ ਪਾਪਾ ਦੇ ਫੋਨ ਤੇ ਜਮਾਤ ਦਾ ਗਰੁੱਪ ਹੈ ਬਣਾਇਆ,
ਸਾਰਾ ਕੰਮ ਗਰੁੱਪ ਵਿਚ ਆਉਂਦਾ ਨਾਲ-ਨਾਲ ਸਮਝਾਇਆ,
ਹਰ ਰੋਜ਼ ਅੱਜ ਦਾ ਵਿਚਾਰ, ਸ਼ਬਦ ਅਤੇ ਪ੍ਰਾਰਥਨਾ ਵੀ ਹੈ ਆਈ,
ਆਓ ਬੱਚਿਓ, ਸਾਰੇ ਕਰੀਏ ਆਨਲਾਈਨ ਪੜ੍ਹਾਈ...।
ਹਰ ਵਿਸ਼ੇ ਦਾ ਕੰਮ ਸਮਾਂ ਸਾਰਣੀ ਮੁਤਾਬਿਕ ਨਿੱਤ ਹੈ ਆਉਂਦਾ,
ਹਰ ਪਾਠ ਨੂੰ ਨਾਲ ਵੀਡੀਓ ਅਧਿਆਪਕ ਹੈ ਸਮਝਾਉਂਦਾ,
ਤੁਹਾਨੂੰ ਚੰਗੀ ਤਰ੍ਹਾਂ ਸਮਝ ਆ ਜਾਵੇ ਹੁੰਦੀ ਨਾਲ ਹੈ ਦੁਹਰਾਈ,
ਆਓ ਬੱਚਿਓ, ਸਾਰੇ ਕਰੀਏ ਆਨਲਾਈਨ ਪੜ੍ਹਾਈ...।
ਘਰ ਦਾ ਕੰਮ ਤੇ ਅਭਿਆਸ ਕਿਰਿਆਵਾਂ ਰੋਜ਼ ਭੇਜੀਆਂ ਤੁਹਾਨੂੰ,
ਜੇਕਰ ਕੁਝ ਵੀ ਸਮਝ ਨਾ ਆਵੇ ਫੋਨ ਕਰਨਾ ਜ਼ਰੂਰ ਸਾਨੂੰ,
ਕੀਤੇ ਕੰਮ ਦੀ ਫੋਟੋ ਭੇਜ ਕੇ ਆਪਣੀ ਕਾਪੀ ਚੈੱਕ ਹੈ ਕਰਵਾਈ।
ਆਓ ਬੱਚਿਓ, ਸਾਰੇ ਕਰੀਏ ਆਨਲਾਈਨ ਪੜ੍ਹਾਈ...।



ਸਮਝਾਏ ਕੰਮ ਨੂੰ ਕਾਪੀ ਤੇ ਲਿਖਣਾ ਤੇ ਸੁੰਦਰ ਲਿਖਾਈ ਕਰਨੀ,
ਸੁੰਦਰ ਸੁੰਦਰ ਡਰਾਇੰਗ ਬਣਾ ਕੇ ਗਰੁੱਪ ਵਿਚ ਸੈਂਡ ਹੈ ਕਰਨੀ,
ਅਸੀਂ ਤੁਹਾਡਾ ਕੰਮ ਚੈੱਕ ਕਰਕੇ ਨਾਲ ਕਰਨੀ ਹੈ ਹੌਸਲਾ ਅਫ਼ਜ਼ਾਈ,
ਆਓ ਬੱਚਿਓ, ਸਾਰੇ ਕਰੀਏ ਆਨਲਾਈਨ ਹੈ ਪੜ੍ਹਾਈ,
ਘਰ ਬੈਠ ਕੇ ਨਵੇਂ ਢੰਗਾਂ ਨਾਲ ਪੜ੍ਹਨ ਦੀ ਰੁੱਤ ਹੈ ਆਈ। -0-

# ਸਾਡਾ ਇਤਿਹਾਸ ਨੰ. 2

## ਅਸੀਂ ਕੁਝ ਰੀਸ ਹੀ ਕਰੀਏ!

ਪਿਛਲੇ ਨੰਬਰ ਵਿਚ ਮੈਂ ਦੱਸ ਚੁੱਕਾ ਹਾਂ ਕਿ ਸਾਡਾ ਇਤਿਹਾਸ ਕਿਸ ਹੱਦ ਤਕ ਸੰਪੂਰਨ ਹੋ ਚੁੱਕਾ ਹੈ। ਮੈਂ ਆਪਣੀ ਸਮਝ ਅਨੁਸਾਰ ਦੱਸਿਆ ਸੀ ਕਿ ਅਸੀਂ ਅਜੇ ਕੋਲਾ ਫੜ ਕੇ ਕੰਧਾਂ ਉੱਤੇ ਮੋਰ ਹੀ ਬਣਾ ਰਹੇ ਹਾਂ।

ਕੁਝ ਕੁ ਸੱਜਣਾਂ ਨੂੰ ਮੇਰਾ ਇਹ ਕਹਿਣਾ ਸ਼ਾਇਦ ਬੁਰਾ ਲੱਗਾ ਹੋਵੇਗਾ ਅਤੇ ਉਹ ਸਮਝਦੇ ਹੋਣਗੇ ਕਿ ਸਾਡੇ ਇਤਿਹਾਸ ਦੇ ਇਤਨੇ-ਇਤਨੇ ਭਾਰੇ ਗ੍ਰੰਥ ਪਏ ਹਨ ਕਿ ਚੁੱਕਿਆ ਚੁੱਕੇ ਵੀ ਨਹੀਂ ਜਾ ਸਕਦੇ, ਕੀ ਅਸੀਂ ਅਜੇ ਕੰਧਾਂ ਉੱਤੇ ਮੋਰ ਬਣਾ ਰਹੇ ਹਾਂ? ਜੇ ਉਹ ਸੱਜਣ ਰਤਾ ਗਹੁ ਨਾਲ ਠੰਡੇ ਦਿਲ ਨਾਲ ਵਿਚਾਰ ਕਰਨਗੇ ਤਾਂ ਉਹਨਾਂ ਨੂੰ ਪਤਾ ਲੱਗੇਗਾ ਕਿ ਅਸੀਂ ਅਜੇ ਮੋਰ ਵੀ ਬਨਾਉਣ ਨਹੀਂ ਲੱਗੇ।

ਆਪਣੀ ਥਾਂ ਹਰ ਕੋਈ ਉੱਚਾ, ਸੁਹਣਾ ਤੇ ਪੂਰਾ ਹੈ, ਪਰ ਅਸਲ ਪਤਾ ਉਦੋਂ ਲੱਗਦਾ ਹੈ, ਜਦ ਦੂਜੇ ਨਾਲ ਟਾਕਰਾ ਕਰ ਕੇ ਵੇਖੀਏ। ਟਾਕਰੇ ਦੀ ਖਾਤਰ ਮੈਂ ਮਰਹੱਟਿਆਂ ਦਾ ਹਾਲ ਦੱਸਦਾ ਹਾਂ, ਜਿਸ ਤੋਂ ਹਰ ਕੋਈ ਸਿੱਟਾ ਕੱਢ ਸਕੇਗਾ ਕਿ ਅਸੀਂ ਆਪਣੇ ਇਤਿਹਾਸ ਸੰਬੰਧੀ ਕਿਤਨਾ ਕੁ ਕੰਮ ਕੀਤਾ ਹੈ।

ਮਰਹੱਟਿਆਂ ਦਾ ਸਭ ਤੋਂ ਪਹਿਲਾਂ ਹਾਲ ਮਰਹੱਟਿਆਂ ਨੇ ਨਹੀਂ, ਸਗੋਂ ਇਕ ਅੰਗਰੇਜ਼ ਨੇ ਲਿਖਿਆ ਸੀ। ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਕੌਮੀ ਇਤਿਹਾਸ ਨੂੰ ਉਸ ਕੌਮ ਦਾ ਬੰਦਾ ਹੀ ਠੀਕ ਲਿਖ ਸਕਦਾ ਹੈ, ਦੂਜੀ ਕੌਮ ਦਾ ਆਦਮੀ ਅੰਦਰਲੀਆਂ ਗੱਲਾਂ ਨੂੰ ਸਮਝ ਹੀ ਨਹੀਂ ਸਕਦਾ। ਗਰੈਂਡ ਡਫ ਨੇ ਮਰਹੱਟਿਆਂ ਦਾ ਇਤਿਹਾਸ ਲਿਖਿਆ ਤੇ ਸੁਹਣਾ ਲਿਖਿਆ, ਪਰ ਮਰਹੱਟਾ ਆਦਰਸ਼ ਨੂੰ ਉਹ ਸਮਝ ਨਾ ਸਕਿਆ।

ਇਹ ਵੇਖ-ਮਰਹੱਟਿਆਂ ਦੇ ਦਿਲ ਵਿਚ ਚਾਹ ਉੱਠੀ ਕਿ ਆਪਣਾ ਇਤਿਹਾਸ ਅਸੀਂ ਆਪ ਕਿਉਂ ਨਾ ਸੰਪੂਰਨ ਕਰੀਏ ? ਉਤਸ਼ਾਹੀਆਂ ਦਾ ਇੱਕ ਜਥਾ ਬਣ ਗਿਆ ਅਤੇ ਉਹ ਮਸਾਲਾ ਇਕੱਠਾ ਕਰਨ ਲੱਗ ਪਏ। ਇਸ ਜਥੇ ਦੇ ਬਹੁਤੇ ਮੈਂਬਰ ਸਕੂਲਾਂ ਦੇ ਉਸਤਾਦ ਹੀ ਸਨ। ਜੋ ਜਿਥੇ ਰਹਿੰਦੇ ਸਨ, ਆਪਣੇ ਆਂਢੋਂ-ਗੁਆਂਢੋਂ ਇਤਿਹਾਸਿਕ ਮਸਾਲਾ ਇਕੱਠਾ ਕਰ ਕੇ ਆਪਣੇ ਕੇਂਦਰ ਵੱਲ ਘੱਲੀ ਜਾਂਦੇ ਸਨ। ਇਨ੍ਹਾਂ ਨੇ 'ਇਤਿਹਾਸ ਸੰਗ੍ਰਹਿ' ਨਾਮੇ ਇੱਕ ਰਸਾਲਾ ਵੀ ਜਾਰੀ ਕਰ ਦਿੱਤਾ, ਜਿਸ ਵਿੱਚ ਉਹ ਇਕੱਠਾ ਕੀਤਾ ਮਸਾਲਾ ਛਪਦਾ ਰਹਿੰਦਾ ਤੇ ਇਹ ਅੱਡੋ-ਅੱਡ ਕਿਤਾਬਾਂ ਦੀ ਸ਼ਕਲ ਵਿਚ ਵੀ ਇਕੱਠਾ ਕੀਤਾ ਮਸਾਲਾ ਛਾਪਦੇ ਰਹਿੰਦੇ। ਇਸ ਤਰ੍ਹਾਂ ਇਹਨਾਂ ਨੇ ਤੀਹ ਕਿਤਾਬਾਂ ਛਾਪੀਆਂ ਤੇ ਆਪਣੇ ਕੌਮੀ ਇਤਿਹਾਸ ਦਾ ਸਾਰਾ ਮਸਾਲਾ ਇਕੱਠਾ ਕਰ ਦਿੱਤਾ, ਪਰ ਇਹ ਕੰਮ ਹੁੰਦੇ ਹਨ, ਮਾਇਆ ਦੇ ਤੇ ਨਿਸ਼ਕਾਮ ਸੇਵਾਦਾਰਾਂ ਦੇ। ਮਾਇਆ ਦੀ ਸਹਾਇਤਾ ਨਾ ਮਿਲੀ ਤੇ ਨਿਸ਼ਕਾਮ ਸੇਵਾਦਾਰ ਗੁਜ਼ਰ ਗਏ। ਸੋ ਇਹ ਕੰਮ ਬੰਦ ਹੋ ਗਿਆ। ਬੰਦ ਤਾਂ ਹੋ ਗਿਆ, ਪਰ ਕੌਮ ਨੂੰ ਆਪਣਾ ਕੌਮੀ-ਇਤਿਹਾਸ ਸੰਪੂਰਨ ਕਰਨ ਦੀ ਚਾਟ ਲੱਗ ਗਈ।

ਵਿਸ਼ਵ ਨਾਥ ਕਾਸ਼ੀ ਨਾਥ ਰਾਜਵਾਦੇ ਨੇ ਜਦ ਬੀ.ਏ. ਪਾਸ ਕੀਤੀ ਤਾਂ ਉਸ ਨੇ ਆਪਣੇ ਕੌਮੀ-ਇਤਿਹਾਸ ਦਾ ਮਸਾਲਾ ਇਕੱਠਾ ਕਰਨ ਲਈ ਕਮਰਕੱਸਾ ਕਰ ਲਿਆ। ਕਿਸੇ ਉਸ ਨੂੰ ਪੈਸੇ ਦੀ ਸਹਾਇਤਾ ਨਾ ਦਿੱਤੀ, ਉਹ ਪਿੰਡੋ-ਪਿੰਡ ਫਿਰਿਆ। ਮੰਗ-ਪਿੰਨ ਕੇ ਢਿੱਡ ਭਰਦਾ ਤੇ ਮਸਾਲਾ ਇਕੱਠਾ ਕਰੀ ਜਾਂਦਾ। ਉਸ ਦੀ ਇਹ ਸ਼ਰਧਾ ਵੇਖ ਕੇ ਕੰਮ ਕਰਨ ਵਾਲੇ ਉਸ ਦੇ ਉਦਾਲੇ ਮੱਖੀਆਂ ਵਾਂਗ ਆ ਇਕੱਠੇ ਹੋਏ। ਕੋਈ ਮਸਾਲਾ ਇਕੱਠਾ ਕਰਨ ਵਿਚ ਸਹਾਇਤਾ ਦੇਂਦਾ, ਕੋਈ ਪੜ੍ਹਦਾ, ਕੋਈ ਉਸ ਲਈ ਉਤਾਰਾ ਕਰਦਾ, ਕੋਈ ਛਾਪਦਾ, ਕੋਈ ਵੇਚਦਾ। ਇਸ ਤਰ੍ਹਾਂ ਰਾਜਵਾਦੇ ਦਾ ਇਕ ਜਥਾ ਬਣ ਗਿਆ। ਇਹ ਅਜੇ ਤੀਕ ਕੰਮ ਕਰੀ ਜਾਂਦਾ ਹੈ ਤੇ ਇਸ ਵੇਲੇ ਤੀਕ ਕੋਈ ਪੰਦਰਾਂ ਹਜ਼ਾਰ ਸਫੇ ਦੀਆਂ 22 ਕਿਤਾਬਾਂ ਛਾਪ ਚੁੱਕਾ ਹੈ ਤੇ ਅਜੇ ਬਹੁਤ ਸਾਰਾ ਮਸਾਲਾ (ਦਸ ਕੁ ਕਿਤਾਬਾਂ ਦਾ) ਇਸ ਦੇ ਪਾਸ ਜਮ੍ਹਾਂ ਪਿਆ ਹੈ।

ਰਾਜਵਾਦੇ ਵੱਲ ਵੇਖ ਕੇ ਸਤਾਰਾ ਦੇ ਰਾਉ ਬਹਾਦਰ ਪਾਰਸਨੀਸ ਨੇ ਵੀ ਇਹ ਕੰਮ ਕਰਨਾ ਆਰੰਭ ਦਿੱਤਾ। ਇਸ ਨੇ ਪੁਰਾਣੀਆਂ ਕਿਤਾਬਾਂ, ਪੁਰਾਣੀਆਂ ਲਿਖਤਾਂ, ਪੁਰਾਣੀਆਂ ਤਸਵੀਰਾਂ ਤੇ ਇਸ ਤਰ੍ਹਾਂ ਦਾ ਬਹੁਤ ਸਾਰਾ ਮਸਾਲਾ ਇਕੱਠਾ ਕੀਤਾ ਤੇ ਇਕ ਅਜਾਇਬ ਘਰ ਬਣਾ ਦਿੱਤਾ, ਜਿਸ ਨੂੰ ਸਤਾਰਾ ਪਾਰਸਨੀਸ ਦਾ ਅਜਾਇਬ ਘਰ ਆਖਦੇ ਹਨ। ਇਸ ਮਸਾਲੇ ਨੂੰ ਹਰ ਕੋਈ ਵੇਖ ਕੇ ਵਰਤ ਸਕਦਾ ਹੈ ਅਤੇ 'ਇਤਿਹਾਸ ਸੰਗ੍ਰਹਿ' ਨਾਮੇ ਰਸਾਲਿਆਂ ਵਿਚ ਕੋਈ ਚਾਲੀ ਕਿਤਾਬਾਂ ਦਾ ਮਸਾਲਾ ਛਪਵਾ ਦਿੱਤਾ, ਜਿਸ ਦੀ ਗਿਣਤੀ ਕੋਈ ਪੰਦਰਾਂ ਹਜ਼ਾਰ ਸਫੇ ਦੀ ਹੋਵੇਗੀ।

ਮਿਰਾਜ ਹਾਈ ਸਕੂਲ ਦਾ ਇਕ ਸੰਸਕ੍ਰਿਤ ਦਾ ਉਸਤਾਦ ਵਾਸਦੇਵ ਵਾਮਨ ਸ਼ਾਸਤਰੀ ਖਾਰੇ ਸੀ। ਉਸ ਨੇ ਵੇਖਿਆ ਕਿ ਮੇਰੇ ਹੀ ਕਸਬੇ ਵਿਚ ਇਕ ਸਰਦਾਰਾਂ ਦਾ ਘਰਾਣਾ ਵਸਦਾ ਹੈ, ਜਿਨ੍ਹਾਂ ਪਾਸ ਬਹੁਤ ਸਾਰਾ ਪੁਰਾਣਾ ਮਸਾਲਾ ਪਿਆ ਹੈ। ਇਸ ਮਸਾਲੇ ਨੂੰ ਖਾਰੇ ਨੇ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਤੇ ਇਸ ਵੇਲੇ ਤੀਕ ਛੇ ਛੇ ਸੌ ਸਫੇ ਦੀਆਂ ਚੌਦਾਂ ਕਿਤਾਬਾਂ ਛਪ ਚੁੱਕੀਆਂ ਹਨ।

ਹੁਣ ਤੀਕ ਸਾਰੀ ਕੌਮ ਵਿਚ ਇਤਿਹਾਸ ਦੀ ਖੋਜ ਦੀ ਅੱਗ ਲੱਗ ਚੁੱਕੀ ਸੀ। ਸੋ ਅੰਤ ਨੂੰ ਇਕ ਵੱਡਾ ਜਥਾ ਬਣਿਆ, ਜਿਸ ਦਾ ਨਾਮ ਹੈ 'ਭਾਰਤ ਇਤਿਹਾਸ ਸੰਸ਼ੋਧਕ ਮੰਡਲ।' ਇਸ ਦੇ ਕਈ ਹਜ਼ਾਰ ਤੋਂ ਉੱਤੇ ਐਸੇ ਮੈਂਬਰ ਹਨ, ਜੋ ਚੰਦਾ ਦੇਂਦੇ ਹਨ ਤੇ ਕੰਮ ਕਰਦੇ ਹਨ। ਇਨ੍ਹਾਂ ਨੇ ਆਪਣੇ ਮਸਾਲੇ ਲਈ ਇਕ ਪੱਕੀ ਇਮਾਰਤ ਬਣਾਈ ਹੋਈ ਹੈ, ਜਿਸ ਨੂੰ ਅੱਗ ਨਹੀਂ ਲੱਗ ਸਕਦੀ। ਇਸ ਵੇਲੇ ਤੀਕ ਇਹ ਤੀਹ ਕਿਤਾਬਾਂ ਛਾਪ ਚੁਕੇ ਹਨ ਤੇ ਬਹੁਤ ਮਸਾਲਾ ਅਜੇ ਛਪਣ ਵਾਲਾ ਪਿਆ ਹੈ। ਇਨ੍ਹਾਂ ਦੇ ਮੈਂਬਰ ਸਾਲ ਵਿਚ ਇਕ ਵਾਰ ਇਕੱਠੇ ਹੋ ਕੇ ਸਾਰੇ ਮਸਾਲੇ ਨੂੰ ਸੋਧ ਕੇ, ਵਾਚਦੇ ਤੇ ਛਪਵਾਉਂਦੇ ਹਨ। ਇਨ੍ਹਾਂ ਦੀਆਂ ਕਈ ਸ਼ਹਿਰਾਂ ਵਿਚ ਅੱਡ-ਅੱਡ ਸ਼ਾਖਾਂ ਹਨ ਤੇ ਹਰ ਇਕ ਸ਼ਾਖ ਨੇ ਆਪਣੇ ਜ਼ਿੰਮੇ ਅੱਡ-ਅੱਡ ਕੰਮ ਲਏ ਹੋਏ ਹਨ।

ਇਸ ਵੇਲੇ ਤੀਕ ਮਰਹੱਟਿਆਂ ਦੇ ਕੌਮੀ ਇਤਿਹਾਸ ਦੇ ਮਸਾਲੇ ਦੀਆਂ ਲਗ-ਪਗ ਤਿੰਨ ਸੌ ਕਿਤਾਬਾਂ ਛਪ ਚੁੱਕੀਆਂ ਹਨ, ਜਿਨ੍ਹਾਂ ਦੇ ਸਫਿਆਂ ਦੀ ਗਿਣਤੀ ਇਕ ਲੱਖ ਸਫੇ ਤੋਂ ਵਧੇਰੇ ਹੋਵੇਗੀ। ਇਸ ਤੋਂ ਬਿਨਾਂ ਅਜੇ ਛਪਣ ਵਾਲਾ ਮਸਾਲਾ ਇਤਨਾ ਪਿਆ ਹੈ ਕਿ ਲਗ-ਪਗ ਪੰਝੀ ਹਜ਼ਾਰ ਸਫਾ ਹੋਰ ਛਪ ਜਾਵੇਗਾ। ਚੇਤੇ ਰਹੇ, ਇਹ ਸਭ ਨਵਾਂ ਮਸਾਲਾ ਹੈ, ਜੋ ਅੱਡ-ਅੱਡ ਥਾਵਾਂ ਤੋਂ ਖੋਜੀਆਂ ਨੇ ਇਕੱਠਾ ਕੀਤਾ ਹੈ। ਇਹ ਪੁਰਾਣੀਆਂ ਚਿੱਠੀਆਂ, ਪੁਰਾਣੀਆਂ ਕਿਤਾਬਾਂ ਤੇ ਪੁਰਾਣੀਆਂ ਲਿਖਤਾਂ ਹੀ ਹਨ। ਮੂੰਹ ਜ਼ਬਾਨੀ ਦਾ ਇਕੱਠਾ ਕੀਤਾ ਮਸਾਲਾ ਇਸ ਵਿਚ ਸ਼ਾਮਲ ਨਹੀਂ।

ਰਤਾ ਅਨੁਮਾਨ ਲਾਵੋ ਕਿ ਇਹ ਕਿਤਨਾ ਕੁ ਮਸਾਲਾ ਹੈ। ਇਉਂ ਸਮਝ ਲਵੋ ਕਿ ਜੇਕਰ "ਫੁਲਵਾੜੀ" ਜਿਹੇ ਤੇਰਾਂ ਸੌ ਰਸਾਲਿਆਂ ਨੂੰ ਹੇਠਾਂ ਉੱਤੇ ਕਰ ਕੇ ਰੱਖ ਦੇਈਏ ਤਾਂ ਇਤਨਾ ਮਸਾਲਾ ਬਣਦਾ ਹੈ। ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਅਸਾਂ ਕਿਤਨਾ ਕੁ ਮਸਾਲਾ ਆਪਣੇ ਕੌਮੀ ਇਤਿਹਾਸ ਦਾ ਇਕੱਠਾ ਕੀਤਾ ਹੈ।

ਮਰਹੱਟਿਆਂ ਪਾਸ ਇਤਨਾ ਮਸਾਲਾ ਇਕੱਠਾ ਹੋ ਚੁੱਕਾ ਹੈ ਕਿ ਉਨ੍ਹਾਂ ਨੂੰ ਫਿਕਰ ਹੋਰ ਮਸਾਲਾ ਇਕੱਠਾ ਕਰਨ ਦਾ ਨਹੀਂ, ਸਗੋਂ ਇਹ ਫਿਕਰ ਹੈ ਕਿ ਇਸ ਮਸਾਲੇ ਨੂੰ ਸੁਲਝਾ ਕੇ ਸੋਧਿਆ ਤੇ ਥੋੜ੍ਹਾ ਕੀਤਾ ਜਾਵੇ। ਗੋਬਿੰਦ ਸਖਾ ਰਾਮ ਸਰ ਦੇਸਾਈ ਬੀ.ਏ. ਇਸ ਕੰਮ ਉਤੇ ਲੱਗ ਪਿਆ ਹੈ, ਜੋ ਕਿ ਬੜੀ ਮਿਹਨਤ ਨਾਲ ਇਸ ਮਸਾਲੇ ਨੂੰ ਵਾਚੀ ਤੇ ਸੁਲਝਾਈ ਜਾ ਰਿਹਾ ਹੈ। ਜੋ ਕਾਗਜ਼ ਤੇ ਲਿਖਤ ਆਮ ਆਦਮੀਆਂ ਦੀ ਸਮਝ ਵਿਚ ਨਹੀਂ ਆਉਂਦੀ ਸਰ ਦੇਸਾਈ ਉਨ੍ਹਾਂ ਨੂੰ ਪੜ੍ਹਦਾ ਹੀ

ਸਮਝ ਜਾਂਦਾ ਹੈ ਕਿ ਇਸ ਦਾ ਸੰਬੰਧ ਫਲਾਣੀ ਗੱਲ ਨਾਲ ਹੈ। ਇਸ ਨੇ ਆਪਣੇ ਕੌਮੀ-ਇਤਿਹਾਸ ਨੂੰ ਇਤਨਾ ਵਾਚਿਆ ਹੈ ਕਿ ਹੁਣ ਇਹ ਆਪ ਜੀਉਂਦਾ ਜਾਗਦਾ ਮਰਹੱਟਾ-ਇਤਿਹਾਸ ਹੈ ਅਤੇ ਸਾਰੀ ਕੌਮ ਨੇ ਮੰਨ ਲਿਆ ਹੈ ਕਿ ਕੇਵਲ ਸਰ ਦੇਸਾਈ ਹੀ ਸਾਰੇ ਮਸਾਲੇ ਨੂੰ ਸੁਲਝਾ ਸਕਦਾ ਹੈ, ਹੋਰ ਕੋਈ ਨਹੀਂ।

ਸਰ ਦੇਸਾਈ ਇਸ ਵੇਲੇ ਤੀਕ 'ਮਰਹੱਟਾ ਰਿਆਸਤ' ਦੀਆਂ ਪੰਜ ਸੈਂਚੀਆਂ ਛਪਵਾ ਚੁੱਕਾ ਹੈ ਤੇ ਛੇਵੀਂ ਛਪਣ ਨੂੰ ਤਿਆਰ ਹੈ। ਇਹ ਮਰਹੱਟਾ ਕੌਮ ਦਾ ਪ੍ਰਮਾਣੀਕ ਇਤਿਹਾਸ ਹੈ।

**ਅਸੀਂ ਕੁਝ ਰੀਸ ਹੀ ਕਰੀਏ !**

ਇਸ ਵੇਲੇ ਹਿੰਦੁਸਤਾਨ ਦੀ ਹਰ ਇਕ ਕੌਮ ਆਪਣੇ-ਆਪਣੇ ਇਤਿਹਾਸ ਨੂੰ ਸੰਪੂਰਨ ਕਰ ਰਹੀ ਹੈ ਤੇ ਆਪਣੀ ਕੌਮ ਦੇ ਚੰਗੇ ਗੁਣਾਂ ਨੂੰ ਦੂਜੀਆਂ ਕੌਮਾਂ ਉੱਤੇ ਪਰਗਟ ਕਰ ਰਹੀ ਹੈ। ਮਰਹੱਟੇ, ਜੋ ਪਹਿਲਾਂ ਜ਼ਾਲਮ, ਡਾਕੂ ਤੇ ਵਹਿਸ਼ੀ ਲੁਟੇਰੇ ਸਮਝੇ ਜਾਂਦੇ ਸਨ, ਹੁਣ ਹੋਰ ਦੇ ਹੋਰ ਹੀ ਬਣਦੇ ਜਾ ਰਹੇ ਹਨ। ਉਹ ਹੁਣ ਹਿੰਦੂ ਧਰਮ ਦੇ ਰੱਖਕ ਤੇ ਦੇਸ਼ ਹਿਤੈਸ਼ੀ ਸਿੱਧ ਹੋ ਰਹੇ ਹਨ। ਇਸੇ ਤਰ੍ਹਾਂ ਛੇਤੀ ਹੀ ਇਕ ਹਿੰਦ ਦਾ ਇਤਿਹਾਸ ਬਣੇਗਾ, ਜਿਸ ਵਿਚ ਸਾਰੀਆਂ ਕੌਮਾਂ ਦਾ ਇਤਿਹਾਸ ਮਸਾਲਾ ਢਲ ਕੇ ਇਕ ਨਵੀਂ ਸ਼ਕਲ ਧਾਰਨ ਕਰ ਲਏਗਾ। ਸਭ ਕੌਮਾਂ ਉਸ ਵੇਲੇ ਲਈ ਤਿਆਰੀਆਂ ਕਰ ਰਹੀਆਂ ਹਨ, ਪਰ ਅਸੀਂ ਘੁਰਾੜੇ ਮਾਰ ਰਹੇ ਹਾਂ। ਸਾਡਾ ਇਤਿਹਾਸ ਸਾਰਿਆਂ ਨਾਲੋਂ ਵਧੇਰੇ ਸ਼ਾਨਦਾਰ ਹੈ ਤੇ ਅਸੀਂ ਸਾਰੀਆਂ ਕੌਮਾਂ ਨਾਲੋਂ ਨਿਸ਼ਕਾਮ ਸੇਵਾ ਕੀਤੀ ਹੈ ਪਰ ਮੈਨੂੰ ਡਰ ਹੈ ਕਿ ਅਸੀਂ ਆਪਣੀ ਸ਼ਾਨ ਨੂੰ ਪਰਗਟ ਨਹੀਂ ਕਰ ਸਕਾਂਗੇ ਤੇ ਨਾ ਹਿੰਦ ਦੇ ਕੌਮੀ-ਇਤਿਹਾਸ ਵਿਚ ਸਾਡੀ ਕੋਈ ਪੁੱਛ-ਗਿੱਛ ਰਹੇਗੀ।

ਸਾਡੇ ਸਾਹਮਣੇ ਬੜਾ ਭਾਰੀ ਕੰਮ ਪਿਆ ਹੈ, ਪਰ ਅਸੀਂ ਉਸ ਨੂੰ ਕੰਮ ਹੀ ਨਹੀਂ ਸਮਝਦੇ। ਅਸੀਂ ਦੂਜਿਆਂ ਵਲ ਵੇਖ ਕੇ ਹੀ ਕੁਝ ਰੀਸ ਕਰੀਏ।

ਨਿਰਸੰਦੇਹ ਸਾਨੂੰ ਆਪਣੇ ਇਤਿਹਾਸ ਨੂੰ ਸੰਪੂਰਨ ਕਰਨ ਦੀ ਲੋੜ ਹੈ। ਇਸ ਕਰ ਕੇ ਹੀ ਨਹੀਂ ਕਿ ਅਸੀਂ ਗੁਆਂਢੀ ਕੌਮਾਂ ਦੀ ਨਜ਼ਰ ਵਿੱਚ ਮਾਨ ਪਾਈਏ, ਸਗੋਂ ਇਸ ਕਰ ਕੇ ਵੀ ਕਿ ਇਤਿਹਾਸ ਤੋਂ ਬਿਨਾਂ ਕੋਈ ਕੌਮ ਜੀਅ ਨਹੀਂ ਸਕਦੀ। ਕੌਮਾਂ ਦੀ ਜਾਨ ਇਤਿਹਾਸ ਹੀ ਹੈ।

ਹਰ ਕੰਮ ਵਾਸਤੇ ਰੁਪਏ ਦੀ ਜ਼ਰੂਰਤ ਜ਼ਰੂਰ ਹੈ, ਪਰ ਰੁਪਿਆ ਹੀ ਹਰ ਲੋੜ ਦਾ ਦਾਰੂ ਨਹੀਂ। ਕੌਮੀ ਕੰਮ ਸਦਾ ਗਰੀਬਾਂ ਨੇ ਸ਼ੁਰੂ ਕੀਤੇ, ਗਰੀਬਾਂ ਨੇ ਹੀ ਸਿਰੇ ਚੜ੍ਹਾਏ, ਗਰੀਬਾਂ ਨੇ ਹੀ ਕੁਰਬਾਨੀਆਂ ਕੀਤੀਆਂ, ਗਰੀਬਾਂ ਨੇ ਹੀ ਕੌਮਾਂ ਬਣਾਈਆਂ, ਪਰ ਜਦ ਉਹ ਗਰੀਬ ਅਮੀਰ ਹੋ ਗਏ, ਉਨ੍ਹਾਂ ਸਾਰੇ ਕੰਮ ਚੌੜ ਕਰ ਦਿੱਤੇ। ਚੇਤੇ ਰੱਖੋ, ਜਿਸ ਕੰਮ ਵਿੱਚ ਅਮੀਰ ਆ ਵੜੇ ਉਹ ਕੰਮ ਬੇ-ਜਾਨ ਹੋ ਗਿਆ, ਲੋਪ ਹੋ ਗਿਆ। ਪਰ ਜਿਸ ਕੰਮ ਵਿਚ ਗਰੀਬਾਂ ਦਾ ਹੱਥ ਰਿਹਾ ਉਹ ਕੰਮ ਜੀਉਂਦਾ, ਜਾਗਦਾ ਤੇ ਵਧਦਾ-ਫੁੱਲਦਾ ਰਿਹਾ। ਸਾਡੇ ਇਤਿਹਾਸ ਦਾ ਕੰਮ ਵੀ ਗਰੀਬ ਹੀ ਕਰਨਗੇ, ਅਮੀਰ ਨਹੀਂ ਕਰਨਗੇ।

ਹਿੰਮਤ ਕਰੋ, ਹਿੰਮਤ ਦਾ ਸਹਾਈ ਸਤਿਗੁਰੂ ਆਪ ਹੈ। ਮਰਹੱਟਿਆਂ ਦਾ ਇਤਿਹਾਸਕ ਮਸਾਲਾ ਗਰੀਬਾਂ ਇਕੱਠਾ ਕੀਤਾ ਹੈ, ਅਮੀਰਾਂ ਦਾ ਇਸ ਵਿਚ ਕੋਈ ਹੱਥ ਨਹੀਂ। ਕੀ ਕਿਰਤੀ ਸਿੱਖ ਇਸ ਕੰਮ ਨੂੰ ਨਹੀਂ ਕਰ ਸਕਦੇ ?

ਸਾਰੇ ਪੰਜਾਬ ਵਿਚ ਸਾਡੇ ਸਕੂਲ ਖਿਲਰੇ ਪਏ ਹਨ, ਸਕੂਲਾਂ ਦੇ ਉਸਤਾਦ ਆਪਣੇ ਆਂਢੋਂ-ਗੁਆਂਢੋਂ ਬਹੁਤ ਸਾਰਾ ਮਸਾਲਾ ਇਕੱਠਾ ਕਰ ਸਕਦੇ ਹਨ। ਪਿੰਡਾਂ ਦੇ ਮਾਮੂਲੀ ਪੜ੍ਹੇ ਲਿਖੇ ਇਹ ਕੰਮ ਕਰ ਸਕਦੇ ਹਨ। ਜੋ ਕੋਈ, ਜਿਥੇ ਬੈਠਾ ਹੈ, ਉਹ ਇਸ ਕੰਮ ਵਿਚ ਸਹਾਈ ਹੋ ਸਕਦਾ ਹੈ। ਕਿਸੇ ਨੂੰ ਕੋਈ ਖਾਸ ਖੇਚਲ ਜਾਂ ਖਰਚ ਨਹੀਂ ਕਰਨਾ ਪੈਂਦਾ, ਕੇਵਲ ਕੌਮੀ ਕੰਮ ਲਈ ਕੁਝ ਸਮਾਂ ਦੇਣ ਦੀ ਲੋੜ ਹੈ।

ਸਾਡੀਆਂ ਥਾਂ-ਥਾਂ ਸਿੰਘ ਸਭਾਵਾਂ ਹਨ, ਥਾਂ-ਥਾਂ ਸਕੂਲ ਹਨ, ਥਾਂ-ਥਾਂ ਗੁਰਦੁਆਰੇ ਹਨ, ਜੇ ਅਸੀਂ ਰਲ ਕੇ ਕੰਮ ਕਰਨ ਲੱਗੀਏ ਤਾਂ ਸਾਡੇ ਲਈ ਇਹ ਕੋਈ ਔਖਾ ਕੰਮ ਨਹੀਂ ਤੇ ਅਸੀਂ ਛੇਤੀ ਹੀ ਬਹੁਤ ਸਾਰਾ ਮਸਾਲਾ ਇਕੱਠਾ ਕਰ ਸਕਦੇ ਹਾਂ।

ਮੈਂ ਫਿਰ ਕਹਿੰਦਾ ਹਾਂ, ਕਿ ਇਹ ਕੰਮ ਜਦ ਵੀ ਹੋਇਆ, ਗਰੀਬਾਂ ਪਾਸੋਂ ਹੀ ਹੋਵੇਗਾ। ਵੱਡੀਆਂ-ਵੱਡੀਆਂ ਤਨਖਾਹਾਂ ਪਾਉਣ ਵਾਲੇ ਅਹੁਦੇਦਾਰਾਂ ਤੋਂ ਨਹੀਂ ਹੋਣਾ। ਵੱਡੇ-ਵੱਡੇ ਜਥੇਦਾਰਾਂ ਤੇ ਸਰਦਾਰਾਂ ਤੋਂ ਨਹੀਂ ਹੋਣਾ। ਉਹ ਜੋ ਕਰਨਗੇ ਵੀ ਤਾਂ ਵਿਖਾਵੇ ਦੀ ਖਾਤਰ, ਮਾਨ ਦੀ ਖਾਤਰ, ਨਮੂਜ ਦੀ ਖਾਤਰ ਉਹ ਕੁਝ ਨਹੀਂ ਕਰ ਸਕਣਗੇ, ਉਹਨਾਂ ਪਾਸੋਂ ਹੋ ਹੀ ਨਹੀਂ ਸਕਦਾ। ਇਹ ਕੰਮ ਗਰੀਬਾਂ ਤੇ ਕਿਰਤੀਆਂ ਦਾ ਹੈ, ਜੋ ਦੋ ਵੇਲੇ ਊਣੇ ਢਿੱਡ ਰੋਟੀ ਖਾਂਦੇ ਹਨ। ਗਰੀਬ ਹੀ ਇਸ ਨੂੰ ਕਰਨਗੇ, ਗਰੀਬਾਂ ਦਾ ਸਹਾਈ ਸਤਿਗੁਰੂ ਆਪ ਹੈ।

**ਰੀਸ ਹੀ ਸਹੀ**

'ਫੁਲਵਾੜੀ' ਦੇ ਪਿਛਲੇ ਪਰਚੇ ਵਿਚ ਮੈਂ ਲਿਖਿਆ ਸੀ ਕਿ ਸਿੱਖ-ਇਤਿਹਾਸ ਦਾ ਮਸਾਲਾ ਇਕੱਠਾ ਕਰਨ ਲਈ ਅਸੀਂ ਕੁਝ ਰੀਸ ਹੀ ਕਰੀਏ ਤੇ ਦੂਜਿਆਂ ਤੋਂ ਅੱਗੇ-ਅੱਗੇ ਨਹੀਂ ਤਾਂ ਪਿੱਛੇ-ਪਿੱਛੇ ਹੀ ਤੁਰੀਏ। ਨਾਲ ਹੀ ਮੈਂ ਇਹ ਵੀ ਦੱਸਿਆ ਸੀ ਕਿ ਹਰ ਇੱਕ ਸੱਜਣ ਭਾਵੇਂ ਉਹ ਕਿਤੇ ਹੋਵੇ, ਇਸ ਕੰਮ ਵਿਚ ਸਹਾਈ ਹੋ ਸਕਦਾ ਹੈ।

ਇਹ ਪੜ੍ਹ ਕੇ ਕੁਝ ਕੁ ਸੱਜਣਾਂ ਨੇ ਮੈਥੋਂ ਪੁੱਛਿਆ ਹੈ ਕਿ ਅਸੀਂ ਆਪੋ ਆਪਣੀ ਥਾਈਂ ਬੈਠੇ ਕੀ ਸਹਾਇਤਾ ਕਰ ਸਕਦੇ ਹਾਂ ? ਮੈਂ ਉਨ੍ਹਾਂ ਨੂੰ ਲਿਖ ਦਿੱਤਾ ਹੈ ਕਿ ਉਹ ਆਹ ਆਹ ਕਰ ਸਕਦੇ ਹਨ। ਜੇਕਰ ਏਸੇ ਤਰ੍ਹਾਂ ਬਹੁਤ ਸਾਰੇ ਪੜ੍ਹੇ ਲਿਖੇ ਸੱਜਣ ਇਸ ਕੰਮ ਦੇ ਮਗਰ ਪੈ ਜਾਣ ਤਾਂ ਸਾਡਾ ਕੰਮ ਬਹੁਤ ਚਲ ਸਕਦਾ ਹੈ।

ਖਾਲਸਾ ਜੀ ਦਾ ਉੱਦਮ, ਜਗਤ ਪ੍ਰਸਿੱਧ ਗੱਲ ਹੈ। ਜਿਸ ਪਾਸੇ ਖਾਲਸਾ ਜੀ ਨੇ ਮੂੰਹ ਕੀਤਾ, ਮੋਰਚਾ ਮਾਰ ਕੇ ਹੀ ਛੱਡਿਆ। ਮੈਨੂੰ ਨਿਸ਼ਚਾ ਹੈ ਕਿ ਜੇ ਖਾਲਸਾ ਜੀ ਇਤਿਹਾਸ ਵੱਲ ਲੱਗਣ, ਤਾਂ ਇਹ ਕੰਮ ਛੇਤੀ ਹੀ ਸਿਰੇ ਚੜ੍ਹ ਜਾਏਗਾ।

ਕੋਈ ਸੱਜਣ ਇਹ ਨਾ ਸਮਝੇ ਕਿ ਇਹ ਕੰਮ ਫਲਾਣੇ ਦੇ ਹੀ ਕਰਨ ਦਾ ਹੈ, ਮੈਥੋਂ ਕੁਝ ਨਹੀਂ ਹੋ ਸਕਦਾ। ਹਰ ਇਕ ਸੱਜਣ ਆਪੋ ਆਪਣੀ ਥਾਂ ਸਿਰ ਬੈਠਾ ਬਹੁਤ ਕੁਝ ਕਰ ਸਕਦਾ ਹੈ। ਲੋੜ ਕੇਵਲ ਉਤਸ਼ਾਹ, ਉੱਦਮ ਤੇ ਥੋੜ੍ਹਾ ਜਿਹਾ ਸਮਾਂ ਦੇਣ ਦੀ ਹੈ।

ਜੋ ਸੱਜਣ ਇਸ ਸੇਵਾ ਵਿਚ ਹਿੱਸਾ ਲੈਣਾ ਚਾਹੇ, ਉਹ ਮੈਨੂੰ ਖਤ ਪਾ ਦੇਵੇ, ਮੈਂ ਉਸ ਨੂੰ ਦੱਸ ਦੇਵਾਂਗਾ ਕਿ ਉਹ ਆਪਣੇ ਆਂਢੋਂ-ਗੁਆਂਢੋਂ ਕਿਸ ਪ੍ਰਕਾਰ ਦਾ ਇਤਿਹਾਸਕ ਮਸਾਲਾ ਇਕੱਠਾ ਕਰ ਸਕਦਾ ਹੈ। ਲੋੜੀਂਦੇ ਤੇ ਜ਼ਰੂਰੀ ਖਰਚਾਂ ਲਈ ਮੈਂ ਮਾਇਕ ਸਹਾਇਤਾ ਦੇਣ ਨੂੰ ਤਿਆਰ ਹਾਂ। ਮੈਂ ਕਿਸੇ ਪਾਸੋਂ ਰੁਪਿਆ, ਪੈਸਾ, ਟਕਾ ਨਹੀਂ ਮੰਗਦਾ, ਮੈਂ ਥੋੜ੍ਹਾ ਜਿਹਾ ਵਕਤ ਮੰਗਦਾ ਹਾਂ। ਵਿਹਲ ਦਾ ਵਕਤ ਅਜਾਈਂ ਗਵਾਇਆ ਜਾਂਦਾ ਹੈ।

ਆਮ ਸੱਜਣ ਸਮਝਦੇ ਹਨ ਕਿ ਅਸੀਂ ਕੁਝ ਨਹੀਂ ਕਰ ਸਕਦੇ, ਪਰ ਜਦ ਉਹ ਮੈਥੋਂ ਪੁੱਛਣਗੇ ਕਿ ਅਸੀਂ ਇਥੇ ਬੈਠੇ ਕੀ ਕੁਝ ਕਰ ਸਕਦੇ ਹਾਂ, ਤਾਂ ਉਨ੍ਹਾਂ ਨੂੰ ਪਤਾ ਲੱਗ ਜਾਊ ਕਿ ਅਸੀਂ ਸਿੱਖ-ਇਤਿਹਾਸ ਲਈ ਐਤਨਾ ਕੁਝ ਕਰ ਸਕਦੇ ਹਾਂ, ਜਿਸ ਦਾ ਸਾਨੂੰ ਅੱਗੇ ਕਦੇ ਚਿਤ-ਚੇਤਾ ਵੀ ਨਹੀਂ ਸੀ।

ਕੱਖ ਉਹਲੇ ਲੱਖ ਹੈ, ਤਿਲ ਦੀ ਓਟ ਪਹਾੜ। ਤੁਸੀਂ ਮੈਥੋਂ ਪੁੱਛੋਂ ਕਿ ਤੁਹਾਡੇ ਆਂਢ-ਗੁਆਂਢ ਕੀ ਕੁਝ ਖਿਲਰਿਆ ਪਿਆ ਹੈ, ਹਰ ਐਤਵਾਰ ਦੇ ਕੁਝ ਕੁ ਘੰਟੇ ਜੇਕਰ ਆਪ ਇਸ ਕੰਮ 'ਤੇ ਲਾ ਦਿਆ ਕਰੋ, ਤਾਂ ਥੋੜ੍ਹੇ ਹੀ ਸਮੇਂ ਵਿਚ ਸਾਡੇ ਪਾਸ ਇਤਨਾ ਮਸਾਲਾ ਇਕੱਠਾ ਹੋ ਜਾਵੇਗਾ ਕਿ ਅਸੀਂ ਵੀ ਆਪਣੇ ਇਤਿਹਾਸਕ ਮਸਾਲੇ 'ਤੇ ਫ਼ਖ਼ਰ ਕਰਨ ਜੋਗੇ ਹੋ ਜਾਵਾਂਗੇ।

ਅੱਜ ਦਿੱਲੀ ਦੇ ਇਕ ਸੱਜਣ ਨੇ ਮੈਥੋਂ ਪੁੱਛਿਆ ਕਿ ਇਥੇ ਬੈਠਾ ਮੈਂ ਸਿੱਖ ਇਤਿਹਾਸ ਦੀ ਕੀ ਸੇਵਾ ਕਰ ਸਕਦਾ ਹਾਂ? ਮੈਂ ਉਸ ਨੂੰ ਇਹ ਉੱਤਰ ਦਿੱਤਾ ਹੈ-

ਆਪ ਦਿੱਲੀ ਵਿਚੋਂ ਬਹੁਤ ਸਾਰਾ ਮਸਾਲਾ ਇਕੱਠਾ ਕਰ ਸਕਦੇ ਹੋ, ਵੰਨਗੀ ਮਾਤਰ ਮੈਂ ਕੁਝ ਗੱਲਾਂ ਦੱਸਦਾ ਹਾਂ :

1. ਇਹ ਪਤਾ ਕਰਨਾ ਕਿ ਸ੍ਰੀ ਅਨੰਦਪੁਰ ਜੀ ਦੇ ਯੁੱਧ ਤੋਂ ਮਗਰੋਂ ਜਦ ਸਤਿਗੁਰ ਜੀ ਦੇ ਮਹਿਲ ਦਿੱਲੀ ਨੂੰ ਆਏ ਤਾਂ ਕੀ ਇਹ ਕੰਮ ਦਿੱਲੀ ਦੀ ਸੰਗਤ ਨੇ ਕੀਤਾ ਸੀ, ਜਾਂ ਕਿ ਭਾਈ ਮਨੀ ਸਿੰਘ ਜੀ ਨੇ। ਮੈਨੂੰ ਦੱਸਿਆ ਗਿਆ ਹੈ ਕਿ ਮਾਤਾ

**ਬਾਕੀ ਸਫਾ 27 'ਤੇ**

# ਪਰਾਲੀ ਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਦਾ ਇਕੋ ਇਕ ਹੱਲ ਡਰਾਈ ਫਰਮੈਨਟੇਸ਼ਨ ਤਕਨੀਕ

**ਡਾ. ਮਲਕੀਅਤ ਸਿੰਘ**



ਇਸ ਸਮੇਂ ਪਰਾਲੀ ਦੀ ਸਮੱਸਿਆ ਦਾ ਜ਼ਿਕਰ ਪੰਜਾਬ, ਹਰਿਆਣਾ ਤੇ ਉੱਤਰੀ ਭਾਰਤ ਦੇ ਹੋਰ ਰਾਜਾਂ ਤੱਕ ਸੀਮਤ ਨਾ ਰਹਿ ਕੇ ਕੇਂਦਰ ਸਰਕਾਰ ਤੇ ਸਰਵਉੱਚ ਅਦਾਲਤ ਤੱਕ ਵੀ ਜਾ ਪੁੱਜਾ ਹੈ। ਪੰਜਾਬ ਦੀ ਕਿਸਾਨੀ, ਸਰਕਾਰਾਂ, ਸਾਰੀਆਂ ਸਿਆਸੀ ਪਾਰਟੀਆਂ, ਆਮ ਲੋਕ ਤੇ ਦੇਸ਼ ਦੀ ਸਿਰਮੌਰ ਅਦਾਲਤ ਵੀ ਸਭ ਇਕ ਦੂਜੇ ਦੀ ਆਲੋਚਨਾ ਵਿਚ ਮਸਰੂਫ਼ ਹਨ। ਸਾਲ ਵਿਚ ਦੋ ਵਾਰ ਇਸ ਮਸਲੇ 'ਤੇ ਖ਼ੂਬ ਕਾਵਾਂ ਰੌਲੀ ਪੈਂਦੀ ਹੈ- ਪਹਿਲੀ ਝੋਨਾ ਬੀਜਣ ਵੇਲੇ ਅਤੇ ਦੂਜੀ ਵਾਰ ਝੋਨਾ ਵੱਢਣ ਵੇਲੇ ਅਰਥਾਤ ਪਰਾਲੀ ਨੂੰ ਸਾੜਣ ਤੇ ਪ੍ਰਦੂਸ਼ਣ ਦੇ ਨਜ਼ਰੀਏ ਤੋਂ ਪਰ ਡਾਹਢਾ ਅਫ਼ਸੋਸ ਹੈ ਕਿ ਇਨ੍ਹਾਂ ਦੋਹਾਂ ਸਮੱਸਿਆਵਾਂ ਦਾ ਸਥਾਈ ਹੱਲ ਕਿਸੇ ਕੋਲ ਵੀ ਨਹੀਂ ਹੈ। ਇਹ ਸਿਲਸਿਲਾ ਹੋਰ ਕਿੰਨਾ ਚਿਰ ਇਸੇ ਤਰ੍ਹਾਂ ਚੱਲੇਗਾ, ਕੁਝ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਹੁਣ ਇਹ ਸਿਆਸਤ ਦਾ ਮੁੱਦਾ ਬਣ ਚੁੱਕਾ ਹੈ ਤੇ ਸਿਆਸਤ ਦੇ ਮੁੱਦੇ, ਸਹਿਜੇ ਕੀਤੇ ਕਦੇ ਮਰਦੇ ਜਾਂ ਦੱਬਦੇ ਨਹੀਂ ਹੁੰਦੇ।



ਪੰਜਾਬ ਦੇ ਕੁਝ ਮਸਲੇ ਕੋਹਜੀ ਅਤੇ ਸੋਚੀ ਸਮਝੀ ਰਾਜਨੀਤੀ ਦੇ ਢਹੇ ਚੜ੍ਹ ਕੇ, ਵੋਟ-ਬੈਂਕ ਨਾਲ ਜੁੜ ਗਏ ਹਨ ਜਿਵੇਂ ਕਿ ਪਰਾਲੀ ਸਾੜਣ ਨਾਲ ਹੋਣ ਵਾਲਾ ਪ੍ਰਦੂਸ਼ਣ, ਦਰਿਆਵਾਂ, ਨਹਿਰਾਂ ਤੇ ਜ਼ਮੀਨਦੋਜ ਪਾਣੀ ਦੀ ਸਮੱਸਿਆ, ਨਸ਼ਿਆਂ ਦੀ ਤਸਕਰੀ ਤੇ ਕਿਸਾਨ-ਖ਼ੁਦਕਸ਼ੀਆਂ ਆਦਿ ਜਿਨ੍ਹਾਂ ਬਾਰੇ ਦਿਨ-ਰਾਤ ਸਿਆਸੀ ਦੂਸ਼ਣਬਾਜ਼ੀ, ਗੋਸ਼ਟੀਆਂ, ਟੀ.ਵੀ. ਚੈਨਲਾਂ ਅਤੇ ਬਹਿਸਾਂ, ਸੋਸ਼ਲ ਮੀਡੀਏ ਦੀ ਡਰਾਮੇਬਾਜੀ, ਕਾਨਫਰੰਸਾਂ, ਲੋਕ-ਮੇਲੇ, ਸਰਕਾਰੀ ਸੈਮੀਨਾਰ, ਭਾਸ਼ਣਬਾਜੀ ਤੇ ਵੱਡੇ ਇਕੱਠ ਕੀਤੇ ਤੇ ਕਰਵਾਏ ਜਾ ਰਹੇ ਹਨ ਭਾਵੇਂ ਇਨ੍ਹਾਂ ਸਮੱਸਿਆਵਾਂ ਦਾ ਕੋਈ ਪ੍ਰਵਾਨਯੋਗ ਹੱਲ ਹੁੰਦਾ ਕਿਤੇ ਦੂਰ-ਦੂਰ ਤੱਕ ਵੀ ਨਜ਼ਰ ਨਹੀਂ ਆਉਂਦਾ। ਇਸ ਲਈ, ਉਪਰੋਕਤ ਵਿਸ਼ਿਆਂ 'ਤੇ ਗੱਲ ਕਰਨੀ ਪਾਣੀ ਨੂੰ ਰਿੜਕਣ ਬਰਾਬਰ ਹੀ ਹੈ। ਹਾਂ, ਝੋਨੇ ਦੀ ਪਰਾਲੀ ਤੇ ਬਾਕੀ ਫ਼ਸਲੀ ਰਹਿੰਦ ਖੂੰਹਦ ਦੇ ਨਿਪਟਾਰੇ ਬਾਰੇ ਬਹੁਤ ਕਾਰਗਰ ਸੁਝਾਅ ਦਿੱਤੇ ਜਾ ਸਕਦੇ ਹਨ।

ਕਹਿਣ ਨੂੰ ਤਾਂ ਜੋ ਮਰਜ਼ੀ ਹੀ ਆਖੀ ਜਾਈਏ ਪਰੰਤੂ ਪਰਾਲੀ ਨੂੰ ਮਸ਼ੀਨਾਂ ਦੀ ਮਦਦ ਨਾਲ, ਖੇਤਾਂ ਵਿਚ ਜਜ਼ਬ ਕਰਨਾ ਜਾਂ ਖਪਾਉਣਾ ਐਨਾ ਸਹਿਜ ਤੇ ਸਸਤਾ ਕੰਮ ਨਹੀਂ ਹੈ। ਇਹ ਕਾਫੀ ਮਹਿੰਗਾ ਤੇ ਛੋਟੀ ਕਿਸਾਨੀ ਦੇ ਵੱਸ ਤੋਂ ਬਾਹਰਲੀ ਗੱਲ ਹੈ। ਇਸ ਦਾ ਅਗਲੀ ਫ਼ਸਲ ਦੇ ਝਾੜ 'ਤੇ ਕੀ ਅਸਰ ਪੈਂਦਾ ਹੈ, ਇਕ ਵੱਖਰਾ ਵਿਸ਼ਾ ਹੈ (ਜਿਸ ਬਾਰੇ ਇੱਥੇ ਗੱਲ ਕਰਨੀ ਬੇਮਾਅਨੀ ਹੋਵੇਗੀ) ਪਰਾਲੀ ਸਾਂਭਣ ਅਤੇ ਵਰਤਣ ਦੇ ਬਹੁਤ ਸਾਰੇ ਹੋਰ ਵਿਕਲਪਾਂ ਵਿਚ, ਇਸ ਤੋਂ ਬਿਜਲੀ ਪੈਦਾ ਕਰਨਾ, ਕੋਇਲਾ ਬਣਾਉਣਾ, ਗਿੱਟੀਆਂ ਤਿਆਰ ਕਰਨੀਆਂ, ਥਰਮਲ ਪਲਾਂਟਾਂ, ਬੁਆਇਲਰਾਂ, ਤੇ ਗੱਤਾਂ ਮਿਲਾਂ ਵਿਚ ਵਰਤਣਾ, ਪਸ਼ੂਆਂ ਦੇ ਚਾਰੇ ਵਜੋਂ ਵਰਤੋਂ, ਖੰਡ-ਮਿੱਲਾਂ ਵਿਚ ਜਾਲਣਾ ਤੇ ਜਾਂ ਫਿਰ ਬਾਇਓ ਸੀ.ਐਨ.ਜੀ. ਤੇ ਇਥੇਨੌਲ ਪੈਦਾ ਕਰਨਾ ਸ਼ਾਮਲ ਹਨ ਜੋ ਬਹੁਤ ਸਾਰੀ ਪਰਾਲੀ ਨੂੰ ਬਿੱਲੇ ਲਾਉਣ ਵਿਚ ਸਹਾਈ ਹੋ ਰਹੇ ਹਨ ਤੇ ਹੋ ਸਕਦੇ ਹਨ ਪਰ ਇਨ੍ਹਾਂ ਸਾਰਿਆਂ ਵਿਚ ਇਕ ਗੱਲ ਸਾਂਝੀ ਹੈ ਕਿ ਇਹ ਪਰਾਲੀ ਤੋਂ ਇਕੋ ਕੰਮ ਲੈਂਦੇ ਹਨ। ਭੌਂ ਛੰਘ ਜਾਂ ਇਥੇਨੌਲ ਦੇ ਪਲਾਂਟ ਵੈੱਟ ਡਾਈਜੈਸ਼ਨ (ਪਾਣੀ ਦੀ ਬਹੁਲਤਾ) 'ਤੇ ਆਧਾਰਿਤ ਹਨ ਜਿਨ੍ਹਾਂ ਵਿਚੋਂ ਸਲੱਰੀ (ਗਾੜ੍ਹਾ) ਦੀ ਸ਼ਕਲ ਵਿਚ ਬਹੁਤ ਸਾਰਾ ਗੰਦਾ ਪਾਣੀ ਨਿਕਲਦਾ ਹੈ। ਇਸ ਨੂੰ ਖਪਾਉਣਾ ਵੀ ਬੇਹੱਦ ਜ਼ੋਖ਼ਮ ਵਾਲਾ ਕੰਮ ਹੈ। ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਇੱਕੋ ਇਕ ਪੱਕਾ ਹੱਲ ਹੈ- ਡਰਾਈ ਡਾਇਜੈਸ਼ਨ ਟੈਕਨੌਲੋਜੀ ਜੋ ਯੋਰਪੀਨ ਦੇਸਾਂ ਵਿਚ ਪੂਰੀ ਕਾਮਯਾਬੀ ਨਾਲ ਚੱਲ ਰਹੀ ਹੈ ਪਰੰਤੂ ਸਾਡੇ ਦੇਸ਼ ਲਈ ਇਹ ਬਿਲਕੁਲ ਨਵੀਂ ਤਕਨੀਕ ਹੈ। ਇਸ ਟੈਕਨੌਲੋਜੀ 'ਤੇ ਆਧਾਰਿਤ ਭਾਰਤ ਭਰ ਦਾ ਪਹਿਲਾਂ ਪਲਾਂਟ, ਪਟਿਆਲਾ ਸਰਹਿੰਦ ਸੜਕ 'ਤੇ ਉਸਾਰੀ ਅਧੀਨ ਹੈ ਜੋ ਸਵਿੱਟਜਰਲੈਂਡ ਦੀ ਸਰਪ੍ਰਸਤੀ ਹੇਠ ਅਤੇ ਯੂ.ਐਨ.ਓ. ਦੀ ਛਤਰ ਛਾਇਆ ਅਧੀਨ, ਆਉਂਦੇ ਕੁਝ ਮਹੀਨਿਆਂ ਵਿਚ ਚਾਲੂ ਹੋ ਕੇ, ਪੰਜਾਬ ਹੀ ਨਹੀਂ ਉੱਤਰੀ ਭਾਰਤ ਦੀ ਨਸੂਰ ਬਣਦੀ ਜਾ ਰਹੀ ਸਮੱਸਿਆ ਨੂੰ ਕਾਬੂ ਕਰਨ ਵਿਚ ਮੋਹਰੀ ਰੋਲ ਨਿਭਾਏਗਾ। ਇਸ ਪਲਾਂਟ ਦੀਆਂ ਖ਼ਾਸ ਵਿੱਲਖਣਤਾਵਾਂ ਇਹ ਹਨ :-

1. ਪਰਾਲੀ ਦੇ ਨਾਲ-ਨਾਲ, ਇਹ ਬਾਕੀ ਸਾਰੀਆਂ ਫ਼ਸਲਾਂ, ਸਬਜ਼ੀਆਂ, ਫਲਾਂ, ਫੁੱਲਾਂ, ਘਾਹ ਫੂਸ ਤੇ ਰੁੱਖਾਂ ਦੇ ਗਿੱਲੇ ਸੁੱਕੇ ਪੱਤਿਆਂ ਨੂੰ ਸਮੇਟਣ ਦੇ ਸਮਰੱਥ ਹੋਵੇਗਾ।

2. ਇਸ ਵਿਚ ਸ਼ਹਿਰਾਂ ਤੇ ਕਸਬਿਆਂ ਦਾ ਗਿੱਲਾ ਤੇ ਸੁੱਕਾ ਕੂੜਾ ਖਪਾਇਆ ਜਾ ਸਕੇਗਾ।

3. ਪਸ਼ੂਆਂ ਦਾ ਗੋਹਾ ਤੇ ਮੁਰਗੀਆਂ ਦੀਆਂ ਬਿੱਠਾਂ ਇਸ ਵਿਚ ਬਾਖ਼ੂਬੀ ਵਰਤੀਆਂ ਜਾ ਸਕਣਗੀਆਂ, ਜਿਸ ਨਾਲ ਕਸਬਿਆਂ ਤੇ ਸ਼ਹਿਰਾਂ ਨੂੰ ਗੰਦਗੀ ਤੋਂ ਰਾਹਤ ਮਿਲ ਸਕੇਗੀ।

4. ਪਾਣੀ ਦਾ ਇਸ ਵਿਚ ਨਾਮਾਤਰ ਇਸਤੇਮਾਲ ਹੁੰਦਾ ਹੈ ਜੋ ਕਿ ਪੰਜਾਬ ਦੇ ਮੌਜੂਦਾ ਹਾਲਾਤ ਦੇ ਅਨੁਕੂਲ ਹੈ।

5. ਭੌਂ ਛੰਘ ਦੇ ਨਾਲ-ਨਾਲ ਇਹ ਬੇਸ਼ਕੀਮਤੀ ਆਰਗੈਨਿਕ ਖਾਦ ਦੀ ਪੈਦਾ ਕਰੇਗਾ ਜੋ ਮੌਜੂਦਾ ਸਮਿਆਂ ਦੀ ਲੋੜ ਅਤੇ ਮੰਗ ਹੈ।

6. ਬਿਲਕੁਲ ਕੋਈ ਪ੍ਰਦੂਸ਼ਣ ਪੈਦਾ ਨਹੀਂ ਹੁੰਦਾ ਤੇ ਨਾ ਕੋਈ ਗੰਦਾ ਪਾਣੀ ਨਿਕਲਦਾ ਹੈ।

7. ਕਾਰਬਨ ਕਰੈਡਿਟ ਦੇ ਪੱਖ ਤੋਂ ਵੀ ਇਹ ਬੇਹੱਦ ਲਾਹੇਵੰਦ ਟੈਕਨੌਲੋਜੀ ਹੈ।

8. ਇਹ ਟੈਕਨੌਲੋਜੀ ਸਵਿਟਜਰਲੈਂਡ ਤੋਂ ਬੜੇ ਜ਼ੋਖ਼ਮ ਤੇ ਮਿਹਨਤ ਨਾਲ ਲਿਆਂਦੀ ਗਈ ਹੈ।

ਦੁਨੀਆਂ ਭਰ ਦੀ ਇਸ ਨਵੀਨਤਮ ਅਤੇ ਸਮਰੱਥ ਤਕਨੀਕ 'ਤੇ ਆਧਾਰਿਤ ਇਹ ਪਲਾਂਟ, ਇਸ ਵੇਲੇ ਤਿੰਨ ਸਾਲਾਂ ਤੋਂ ਉਸਾਰੀ ਅਧੀਨ ਹੈ ਤੇ ਸੰਚਾਲਕਾਂ ਨੂੰ ਆਸ ਹੈ ਕਿ ਇਹ ਜੂਨ 2024 ਤੱਕ ਕਾਰਜਸ਼ੀਲ ਹੋ ਜਾਵੇਗਾ। ਇਸ ਦੀ ਸੰਖੇਪ ਜਾਣਕਾਰੀ ਕੁਝ ਇਸ ਤਰ੍ਹਾਂ ਹੈ।

'ਸਿਟੀਜ਼ ਇਨੋਵੇਟਿਵ ਬਾਇਓ ਫਿਊਲ ਪ੍ਰਾਈਵੇਟ ਲਿਮਟਿਡ ਕੰਪਨੀ' (ਜਿਸ ਦੇ ਮੁਖ ਪ੍ਰਬੰਧਕ ਡਾ. ਗੁਰਜੋਤ ਸਿੰਘ, ਐਮ.ਬੀ.ਬੀ.ਐਸ.) ਵਲੋਂ ਬਾਇਓ ਸ਼ਕਤੀ (ਭੌਂ ਸ਼ਹਓਕਟੀ) ਦੇ ਨਾਂ ਹੇਠ, ਸਾਢੇ ਪੰਜ ਏਕੜ ਜ਼ਮੀਨ ਵਿਚ ਲੱਗ ਰਿਹਾ ਇਹ ਪਲਾਂਟ, ਪਟਿਆਲਾ ਤੋਂ 15 ਕਿਲੋਮੀਟਰ ਦੂਰ (ਟਾਊਨ ਪਲੈਨਿੰਗ ਦੇ ਆਦੇਸ਼ਾਂ ਕਾਰਨ) ਸਰਹਿੰਦ-ਸੜਕ 'ਤੇ ਪਿੰਡ ਮਾਲਾਹੇੜੀ ਨਜ਼ਦੀਕ ਸਥਿਤ ਹੈ। ਇਹ ਪਲਾਂਟ, ਹਰ ਵਰ੍ਹੇ ਤਕਰੀਬਨ 9000 ਏਕੜ ਦੀ 18000 ਟਨ ਪਰਾਲੀ ਜਾਂ ਬਾਕੀ ਫ਼ਸਲੀ ਰਹਿੰਦ-ਖੂੰਹਦ ਨੂੰ ਗੋਹੇ ਤੇ ਮੁਰਗੀਆਂ ਦੀਆਂ ਬਿੱਠਾਂ ਵਿਚ ਮਿਲਾ ਕੇ, ਹਰ ਰੋਜ਼ 5-6 ਟਨ ਬਾਇਓ ਸੀ.ਐਨ.ਜੀ. ਅਤੇ 60 ਤੋਂ 70 ਟਨ ਆਹਲਾ ਜੈਵਿਕ ਖਾਦ ਪੈਦਾ ਕਰ ਸਕੇਗਾ। ਬਿਲਕੁਲ ਵੀ ਕੋਈ ਹੋਰ ਵੇਸਟ ਇਸ ਵਿਚੋਂ ਨਹੀਂ ਨਿਕਲੇਗੀ। ਇਹ ਪਲਾਂਟ, ਇਸ ਦੇ ਸਮਰੱਥ ਹੈ ਕਿ ਇਸ 'ਤੇ ਹੋਇਆ ਖ਼ਰਚਾ ਪੰਜ ਕੁ ਸਾਲਾਂ ਵਿਚ ਪੂਰਾ ਹੋ ਸਕੇਗਾ। ਇਹ ਪਲਾਂਟ ਜਿੱਥੇ ਡਾ. ਗੁਰਜੋਤ ਸਿੰਘ ਦੀਆਂ ਵਿਅਕਤੀਗਤ ਯੋਗਤਾਵਾਂ ਕਾਰਨ ਸਵਿੱਟਰਜ਼ਰਲੈਂਡ ਸਰਕਾਰ ਵਲੋਂ ਨਿੱਜੀ ਤੌਰ 'ਤੇ ਅਲਾਟਿਆ ਗਿਆ ਹੈ ਉੱਥੇ ਸੰਯੁਕਤ ਰਾਸ਼ਟਰ (ਯੂ.ਐਨ.ਓ.) ਦੀ ਇੰਸਟਰੀਅਲ ਡਿਵੈਲਪਮੈਂਟ ਸਕੀਮ ਹੇਠ ਭਾਰਤ ਭਰ ਵਿਚੋਂ ਚੁਣੇ ਗਏ ਪੰਜ ਪਲਾਟਾਂ ਵਿਚੋਂ ਇਕ ਹੈ। ਯੂ.ਐਨ.ਓ., ਬੈਂਕਾਂ ਤੋਂ ਲਏ ਕਰਜ਼ੇ ਦੇ ਵਿਆਜ ਦਾ ਚਾਰ ਫੀਸਦੀ ਸਿੱਧਾ ਬੈਂਕ ਨੂੰ ਅਦਾ ਕਰੇਗਾ। ਇਹ ਪਲਾਂਟ ਸਿੱਧੇ ਤੌਰ 'ਤੇ 40 ਤੋਂ 50 ਬੰਦਿਆਂ ਨੂੰ ਰੁਜ਼ਗਾਰ ਦੇਵੇਗਾ ਤੇ ਹੋਰ ਢੋਆ-ਢੁਆਈ ਵਾਲੇ ਸਾਰੇ ਕਾਮੇ ਅਲੱਗ ਰੋਟੀ ਕਮਾਉਣਗੇ। ਇਸ ਨੂੰ ਕਿਸੇ ਵੀ ਹੱਦ ਤੱਕ ਵੱਡਾ ਕੀਤਾ ਜਾ ਸਕਦਾ ਹੈ। ਪੰਜਾਬ ਦੇ ਹਰ ਜ਼ਿਲ੍ਹਾ ਹੈਡਕੁਆਟਰ 'ਤੇ, ਇਹੋ ਜਿਹੇ ਦੋ ਦੋ ਪਲਾਂਟ ਲੱਗ ਜਾਣ ਉਪਰੰਤ, ਪੰਜਾਬ ਦੀ ਪਰਾਲੀ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕੇਂਦਰ ਤੇ ਰਾਜ ਸਰਕਾਰ, ਇਹੋ ਜਿਹੇ ਵਿਲੱਖਣ, ਵਿਸ਼ੇਸ਼ ਅਤੇ ਲੋੜੀਂਦੇ ਪਲਾਂਟ ਦੀ ਪੁਸ਼ਤ ਪਨਾਹੀ ਕਰੇ ਤਾਂ ਪਰਾਲੀ ਦੀ ਬਹੁਤ ਵੱਡੀ ਸਿਰਦਰਦੀ ਤੋਂ ਕਾਫੀ ਰਾਹਤ ਮਿਲ ਸਕਦੀ ਹੈ। ਇੰਞ, ਪੰਜਾਬ ਭੌਂ ਛੰਘ ਅਤੇ ਜੈਵਿਕ ਖਾਦ ਦੇ ਖੇਤਰ ਵਿਚ ਮੋਹਰੀ ਸੂਬਾ ਬਣ ਸਕਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਵਿਦੇਸ਼ੀ ਟੈਕਨੌਲੋਜੀ ਲਿਆ ਕੇ ਪੰਜਾਬ ਦੇ ਉਦਯੋਗਿਦ ਖੇਤਰ ਵਿਚ ਤਹਿਲਕਾ ਮਚਾ ਦੇਣ ਵਾਲੇ ਅਜਿਹੇ ਪਲਾਂਟ ਲਾਉਣ ਵਾਲਿਆਂ ਦੀ ਬਾਂਹ ਫੜੇ।

-0-

# ਕੀ ਰੱਬ ਹੁੰਦਾ ਹੈ?

**ਬਲਰਾਜ ਸਿੰਘ**
**ਏ.ਆਈ.ਜੀ. (ਰਿਟਾ.)**

ਪਿੰਡ ਬੋਹੜੂ ਦੀ ਖੁੰਡ ਪੰਚਾਇਤ ਜੁੜੀ ਹੋਈ ਸੀ। ਅਸਮਾਨ 'ਤੇ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਸਨ ਤੇ ਕਈ ਦਿਨਾਂ ਤੋਂ ਰੁਕ ਰੁਕ ਕੇ ਬਾਰਸ਼ ਹੋ ਰਹੀ ਸੀ। ਜਿਹਨਾਂ ਨੇ ਕਣਕਾਂ ਸਾਂਭ ਲਈਆਂ ਸਨ, ਉਹਨਾਂ ਦੀ ਵੱਖੀ 'ਚੋਂ ਗੱਲਾਂ ਨਿਕਲ ਰਹੀਆਂ ਸਨ। ਪਰ ਜਿਹਨਾਂ ਨੇ ਕਣਕ ਅਜੇ ਵੱਢਣੀ ਸੀ, ਉਹਨਾਂ ਦੇ ਚਿਹਰਿਆਂ 'ਤੇ ਹਵਾਈਆਂ ਉੱਡ ਰਹੀਆਂ ਸਨ। ਗੱਲ ਇਸ ਪਾਸੇ ਮੁੜ ਗਈ ਕਿ ਇਹ ਕਰੋਪੀ ਰੱਬ ਨੇ ਕੀਤੀ ਹੈ ਕਿ ਕੁਦਰਤ ਨੇ? ਬਹੁਤੇ ਕਹਿਣ ਲੱਗ ਪਏ ਕਿ ਜੇ ਰੱਬ ਹੁੰਦਾ ਤਾਂ ਉਸ ਨੂੰ ਪਤਾ ਨਾ ਲੱਗਦਾ ਕਿ ਕਣਕਾਂ ਪੱਕੀਆਂ ਖੜੀਆਂ ਹਨ, ਮੀਂਹ ਨਹੀਂ ਪਾਉਣਾ ਚਾਹੀਦਾ। ਨੰਗ ਪੈਰਿਆਂ ਦੇ ਦੀਪੇ ਨੇ ਪਿੰਡ ਦੇ ਇੱਕ ਸਿਆਣੇ ਬੰਦੇ ਕੱਲੂ ਸ਼ਾਹ ਨੂੰ ਪੁੱਛਿਆ, "ਸ਼ਾਹ ਜੀ, ਰੱਬ ਵਾਕਿਆ ਈ ਹੁੰਦਾ ਏ ਜਾਂ ਬਾਬੇ ਐਵੇਂ ਲੋਕਾਂ ਨੂੰ ਡਰਾ ਕੇ ਪੈਸੇ 'ਕੱਠੇ ਕਰਨ ਲਈ ਜੱਕੜ ਵੱਢੀ ਜਾਂਦੇ ਨੇ।" ਸ਼ਾਹ ਨੇ ਹੱਸ ਕੇ ਜਵਾਬ ਦਿੱਤਾ, "ਦੀਪਿਆ ਇਸ ਬਹਿਸ ਦਾ ਕੋਈ ਅੰਤ ਨਈਂ। ਹਰ ਬੰਦਾ ਆਪਣੇ ਹਿਸਾਬ ਨਾਲ ਰੱਬ ਦੀ ਹੋਂਦ ਬਾਰੇ ਰਾਏ ਤਿਆਰ ਕਰਦਾ ਆ। ਇਸ ਬਾਰੇ ਪਹਿਲਾਂ ਤਾਂ ਜਾ ਕੇ ਉਸ ਜੱਟ ਨੂੰ ਪੁੱਛੀਂ ਜਿਸ ਦੀ ਕਣਕ ਇਸ ਬੇਮੌਸਮੀ ਮੀਂਹ ਨੇ ਬਰਬਾਦ ਕਰ ਦਿੱਤੀ ਹੋਵੇ। ਉਹ ਚਾਲੀ ਗਾਲ੍ਹਾਂ ਤੈਨੂੰ ਕੱਢੂਗਾ ਤੇ ਸੌ ਤੇਰੇ ਇਸ ਰੱਬ ਨੂੰ। ਇਸ ਤੋਂ ਬਾਅਦ ਸ਼ਾਮ ਨੂੰ ਅੰਬਰਸਰ ਦੇ ਕੰਪਨੀ ਬਾਗ ਵਿੱਚ ਲਾਲੀ ਸਮੇਤ ਸੈਰ ਕਰਦੇ ਕਿਸੇ ਲਾਲੇ ਨੂੰ ਪੁੱਛੀਂ। ਉਹ ਰੱਬ ਦਾ ਸੌ ਵਾਰ ਸ਼ੁਕਰੀਆ ਕਰਦਿਆਂ ਹੋਇਆਂ ਕਹੂਗਾ ਕਿ ਸ਼ੁਕਰ ਆ ਉਹਨੇ ਮੀਂਹ ਪਵਾ ਕੇ ਮੌਸਮ ਠੰਡਾ ਕਰ ਦਿੱਤਾ ਆ। ਫਿਰ ਨਤੀਜਾ ਤੂੰ ਆਪ ਈ ਕੱਢ ਲਈਂ ਕਿ ਰੱਬ ਹੁੰਦਾ ਆ ਕਿ ਨਈਂ?" -0-



**ਸਫਾ 25 ਦਾ ਬਾਕੀ**

ਸਾਹਿਬਾਨ ਨੂੰ ਭਾਈ ਮਨੀ ਸਿੰਘ ਜੀ ਲੈ ਕੇ ਦਿੱਲੀ ਆਏ ਸਨ ਤੇ ਆਪਣੇ ਨਾਲ ਅੱਠ ਦਸ ਟੱਬਰ ਕੰਬੋਅ ਸਿੰਘਾਂ ਦੇ ਸੇਵਾ ਲਈ ਆਏ ਸਨ। ਉਹਨਾਂ ਕੰਬੋਆਂ ਦੇ ਟੱਬਰਾਂ ਵਿਚੋਂ ਕੁਝ ਟੱਬਰ ਅਜੇ ਵੀ ਦਿੱਲੀ ਵਿਚ ਵਸਦੇ ਹਨ। ਇਸ ਸਾਰੀ ਗੱਲ ਦਾ ਪੂਰਾ ਪੂਰਾ ਨਿਰਨਾ ਕਰਨਾ।

2. ਸਰਦਾਰ ਬਘੇਲ ਸਿੰਘ ਜੀ ਨੇ ਜਦ ਸ਼ਹਿਰ ਵਿਚ ਗੁਰਦੁਆਰੇ ਬਣਾਏ, ਉਦੋਂ ਜੋ ਫੁਰਮਾਨ ਪਾਤਸ਼ਾਹ ਵਲੋਂ ਦਿੱਤੇ ਗਏ ਸਨ, ਉਨ੍ਹਾਂ ਦੀਆਂ ਨਕਲਾਂ ਫਾਰਸੀ ਵਿਚ, ਗੁਰਦੁਆਰੇ ਕਿਹੜੇ ਸੰਮਤ ਤੇ ਮਹੀਨੇ ਵਿਚ ਬਣਾਏ ਗਏ ਸਨ, ਕਿਸ-ਕਿਸ ਤਰ੍ਹਾਂ ਬਣਾਏ ਸਨ ਤੇ ਹੋਰ ਕੀ ਕੁਝ ਦਿੱਲੀ ਵਿਚ ਕੀਤਾ ਸੀ ? ਜਿਥੋਂ ਤੀਕ ਹੋ ਸਕੇ, ਸਭ ਸਾਖੀਆਂ ਸੁਣ-ਸੁਣਾ ਕੇ ਇਕੱਠੀਆਂ ਕਰਨੀਆਂ ਚਾਹੀਦੀਆਂ ਹਨ।

3. ਦਿੱਲੀ ਵਿਚਲੇ ਹਰ ਇਕ ਗੁਰਦੁਆਰੇ ਦੀ ਸਾਖੀ ਕਿ ਕਿੱਥੇ ਕੀ ਗੱਲ ਹੋਈ ਸੀ।

4. ਮਾਤਾ ਸੁੰਦਰੀ ਜੀ ਮਾਤਾ ਸਾਹਿਬ ਦੇਵਾਂ ਜੀ ਦੇ ਹਾਲ, ਕਿ ਦਿੱਲੀ ਵਿਚ ਕਿਸ-ਕਿਸ ਤਰ੍ਹਾਂ ਰਹੇ, ਕੀ ਕੌਤਕ ਕੀਤੇ, ਕਦੋਂ ਸਮਾਏ ਆਦਿ।

5. ਦਿੱਲੀ ਦੇ ਪੁਰਾਣੇ ਸਿੱਖ-ਟੱਬਰਾਂ ਪਾਸੋਂ ਸਿੱਖਾਂ ਸੰਬੰਧੀ ਪੁਰਾਣੇ ਹਾਲਾਂ ਦੀ ਪੁੱਛ-ਗਿੱਛ। ਪੁਰਾਣੀਆਂ ਲਿਖਤਾਂ ਦੀ ਪੜਤਾਲ, ਕਿਸੇ ਪੁਰਾਣੀ ਲਿਖਤ, ਪੁਸਤਕ, ਜਨਮ ਸਾਖੀ ਜਾਂ ਹੁਕਮਨਾਮੇ ਦੀ ਭਾਲ ਆਦਿ।

ਇਹ ਮੋਟੇ-ਮੋਟੇ ਕੰਮ ਹਨ, ਜੋ ਆਪ ਦਿੱਲੀ ਬੈਠੇ ਵਿਹਲੇ ਵੇਲੇ ਕਰ ਸਕਦੇ ਹੋ। ਆਪ ਸਾਲ ਭਰ ਲਗਾਤਾਰ ਕੰਮ ਕਰਦੇ ਰਹੋ ਤਦ ਵੀ ਇਹ ਕੰਮ ਨਹੀਂ ਮੁੱਕਦੇ। ਦਿੱਲੀ ਸੰਬੰਧੀ ਹੋਰ ਵੀ ਅਨੇਕਾਂ ਕੰਮ ਹਨ, ਪਰ ਮੈਂ ਹਾਲ ਦੀ ਘੜੀ ਆਪ ਨੂੰ ਮੋਟੇ-ਮੋਟੇ ਕੰਮ ਹੀ ਲਿਖੇ ਹਨ। ਸੱਚ ਜਾਣੋ, ਜੇਕਰ ਆਪ ਆਪਣਾ ਕੁਝ ਸਮਾਂ ਇਧਰ ਲਾਓਗੇ ਤਾਂ ਪੰਥ ਦੀ ਬੜੀ ਨਿੱਗਰ ਸੇਵਾ ਕਰ ਸਕੋਗੇ।

ਮੈਂ ਫੇਰ ਕਹਿੰਦਾ ਹਾਂ ਕਿ ਇਸ ਖਿਆਲ ਨੂੰ ਦਿਲ ਵਿਚੋਂ ਕੱਢ ਦੇਵੇ ਕਿ ਇਹ ਕੰਮ ਫਲਾਣਾ ਜਥਾ ਹੀ ਕਰ ਸਕਦਾ ਹੈ, ਹੋਰਸ ਕਿਸੇ ਪਾਸੋਂ ਇਸ ਕੰਮ ਦਾ ਨਜਿੱਠਿਆ ਜਾਣਾ ਔਖਾ ਹੈ। ਇਹ ਢਹਿੰਦੀਆਂ ਕਲਾਂ ਦੇ ਖਿਆਲ ਹਨ। ਕੋਈ ਜਥਾ ਕਲਗੀ ਲਾ ਕੇ ਨਹੀਂ ਬੈਠਾ ਹੋਇਆ, ਕੋਈ ਆਦਮੀ ਦੇ ਸਿਰਾਂ ਵਾਲਾ ਨਹੀਂ। ਜੋ ਕੁਝ ਸਾਡੇ ਸਾਹਮਣੇ ਹੈ, ਉਸ ਨੂੰ ਹਰ ਕੋਈ ਕਰ ਸਕਦਾ ਹੈ।

ਕਿਸੇ ਦੀ ਆਸ ਨਾ ਤੱਕੋ, ਆਪਣੀ ਆਸ ਤੱਕੋ। ਨਿਰਾਸਤਾ ਨੂੰ ਦਿਲ ਵਿਚੋਂ ਕੱਢ ਦੇਵੋ। ਤੁਸੀਂ ਸਭ ਕੁਝ ਕਰ ਸਕਦੇ ਹੋ। ਹਿੰਮਤ ਦਾ ਸਹਾਈ ਸਤਿਗੁਰੂ ਆਪ ਹੈ।

-0-

# ਜੰਗ ਦਾ ਖਮਿਆਜ਼ਾ ਹਮੇਸ਼ਾਂ ਬੇਕਸੂਰ ਔਰਤਾਂ ਅਤੇ ਮਾਸੂਮ ਬੱਚਿਆਂ ਨੂੰ ਹੀ ਭੁਗਤਣਾ ਪੈਂਦਾ ਹੈ

**ਬਲਰਾਜ ਸਿੰਘ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**





ਵਿਸ਼ਵ ਵਿੱਚ ਇਸ ਵੇਲੇ ਹੱਮਾਸ- ਇਜ਼ਰਾਈਲ ਅਤੇ ਰੂਸ-ਯੂਕਰੇਨ, ਦੋ ਵੱਡੀਆਂ ਜੰਗਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਬਰਮਾ, ਯਮਨ, ਸੁਡਾਨ, ਨਾਈਜ਼ੀਰੀਆ ਅਤੇ ਮਾਲੀ ਆਦਿ ਦੇਸ਼ਾਂ ਵਿੱਚ ਵੀ ਫੌਜ ਅਤੇ ਬਾਗੀਆਂ ਦਰਮਿਆਨ ਗਹਿਗੱਚ ਝੜਪਾਂ ਚੱਲ ਰਹੀਆਂ ਹਨ। ਪਰ ਅੱਜ ਕਲ੍ਹ ਦੀਆਂ ਜੰਗਾਂ ਦੀ ਹੈਰਾਨੀਜਨਕ ਗੱਲ ਇਹ ਹੈ ਕਿ ਸੈਨਿਕ ਸੈਂਕੜਿਆਂ ਦੀ ਗਿਣਤੀ ਵਿੱਚ ਜਦ ਕਿ ਆਮ ਜਨਤਾ ਹਜ਼ਾਰਾਂ ਦੀ ਗਿਣਤੀ ਵਿੱਚ ਮੌਤ ਦੇ ਮੂੰਹ ਪੈ ਰਹੀ ਹੈ। ਜੰਗ ਦਾ ਜ਼ਿੰਮੇਵਾਰ ਚਾਹੇ ਕੋਈ ਵੀ ਹੋਵੇ, ਖਮਿਆਜ਼ਾ ਆਖਰ ਬੇਕਸੂਰ ਔਰਤਾਂ, ਬੱਚਿਆਂ, ਬਿਮਾਰਾਂ ਤੇ ਬਜ਼ੁਰਗਾਂ ਨੂੰ ਹੀ ਭੁਗਤਣਾ ਪੈਂਦਾ ਹੈ।

ਪ੍ਰਚੀਨ ਅਤੇ ਮੱਧ ਕਾਲ ਦੀਆਂ ਜੰਗਾਂ ਸਮੇਂ ਜਿੱਤਣ ਵਾਲੀਆਂ ਫੌਜਾਂ ਹਾਰਨ ਵਾਲੇ ਦੇਸ਼ ਵਿੱਚ ਰੱਜ ਕੇ ਲੁੱਟ ਮਾਰ, ਕਤਲੇਆਮ ਅਤੇ ਔਰਤਾਂ ਦੀ ਬੇਇੱਜ਼ਤੀ ਕਰਦੀਆਂ ਸਨ। ਮੰਗੋਲ ਬਾਦਸ਼ਾਹ ਚੰਗੇਜ਼ ਖਾਨ ਅਤੇ ਸੁਲਤਾਨ ਤੈਮੂਰ ਲੰਗੜੇ ਵਰਗੇ ਜ਼ਾਲਮ ਹਾਕਮ ਤਾਂ ਆਪਣੇ ਪਿੱਛੇ ਸਿਰਫ ਸੜੇ ਹੋਏ ਸ਼ਹਿਰ ਅਤੇ ਲਾਸ਼ਾਂ ਦੇ ਢੇਰ ਹੀ ਛੱਡਦੇ ਸਨ। ਪਰ ਜਦੋਂ ਸੰਸਾਰ ਵਿੱਚ ਯੂਰਪੀਨ ਦੇਸ਼ਾਂ ਦੀ ਚੜ੍ਹਾਈ ਹੋਈ ਤਾਂ ਜੰਗਾਂ ਸਿਰਫ ਫੌਜਾਂ ਦਰਮਿਆਨ ਹੋਣ ਲੱਗੀਆਂ। ਦੋ ਚਾਰ ਵਾਕਿਆਤ ਨੂੰ ਛੱਡ ਦਿੱਤਾ ਜਾਵੇ ਤਾਂ ਜਿੱਤੇ ਹੋਏ ਦੇਸ਼ ਵਿੱਚ ਲੁੱਟ ਮਾਰ ਅਤੇ ਕਤਲੇਆਮ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਪਹਿਲੇ ਸੰਸਾਰ ਯੁੱਧ (1914 ਤੋਂ 1918 ਈਸਵੀ) ਵੇਲੇ ਵੀ ਜਰਮਨੀ ਅਤੇ ਇੰਗਲੈਂਡ - ਫਰਾਂਸ ਨੇ ਇੱਕ ਦੂਸਰੇ ਦੇ ਸੈਨਿਕ ਟਿਕਾਣਿਆਂ 'ਤੇ ਹੀ ਗੋਲਾਬਾਰੀ ਕੀਤੀ ਸੀ।ਸ਼ਹਿਰੀ ਅਬਾਦੀ 'ਤੇ ਬੰਬਾਰੀ ਕਰਨਾ ਦੂਸਰੇ ਸੰਸਾਰ ਯੁੱਧ ਵੇਲੇ ਸ਼ੁਰੂ ਹੋਇਆ ਸੀ, ਉਹ ਵੀ ਇੱਕ ਜਰਮਨ ਪਾਇਲਟ ਦੀ ਗਲਤੀ ਕਾਰਨ।

7 ਸਤੰਬਰ 1940 ਦੀ ਰਾਤ ਨੂੰ ਇੱਕ ਜਰਮਨ ਪਾਇਲਟ ਨੇ ਲੰਡਨ 'ਤੇ ਬੰਬਾਰੀ ਕਰਦੇ ਸਮੇਂ ਗਲਤੀ ਨਾਲ ਨਿਸ਼ਚਿਤ ਨਿਸ਼ਾਨੇ (ਇੱਕ ਸੈਨਿਕ ਅੱਡੇ) ਦੀ ਬਜਾਏ ਨਜ਼ਦੀਕ ਦੇ ਸ਼ਹਿਰੀ ਇਲਾਕੇ'ਤੇ ਬੰਬ ਸੁੱਟ ਦਿੱਤੇ ਜਿਸ ਕਾਰਨ ਅਨੇਕਾਂ ਘਰ ਨਸ਼ਟ ਹੋ ਗਏ ਤੇ 100 ਤੋਂ ਵੱਧ ਨਾਗਰਿਕ ਮਾਰੇ ਗਏ। ਇਸ ਦੇ ਜਵਾਬ ਵਿੱਚ ਇਤਿਹਾਦੀ ਫੌਜਾਂ ਨੇ ਵੀ ਜਰਮਨੀ ਅਤੇ ਇਟਲੀ ਦੇ ਸ਼ਹਿਰਾਂ ਵਿੱਚ ਤਬਾਹੀ ਮਚਾ ਦਿੱਤੀ ਜੋ 2 ਸਤੰਬਰ 1945 ਨੂੰ ਜਰਮਨੀ ਦੀ ਹਾਰ ਤੱਕ ਚੱਲਦੀ ਰਹੀ। ਇਸ ਦੇ ਸਿੱਟੇ ਵਜੋਂ ਲੱਖਾਂ ਦੀ ਗਿਣਤੀ ਵਿੱਚ ਬੇਕਸੂਰ ਲੋਕ ਮਾਰੇ ਗਏ ਤੇ ਲੰਡਨ, ਸਟਾਲਿਨਗਰਾਦ (ਹੁਣ ਵੋਲਗੋਗਰਾਦ) ਅਤੇ ਬਰਲਿਨ ਵਰਗੇ ਇਤਿਹਾਸਿਕ ਸ਼ਹਿਰ ਮਲਬੇ ਦਾ ਢੇਰ ਬਣ ਗਏ। ਇਸ ਜੰਗ ਵਿੱਚ ਇਤਿਹਾਦੀ ਦੇਸ਼ਾਂ ਦੇ ਕਰੀਬ ਸਾਢੇ ਚਾਰ ਕਰੋੜ ਅਤੇ ਜਰਮਨੀ ਤੇ ਸਾਥੀਆਂ ਦੇ ਕਰੀਬ 40 ਲੱਖ ਆਮ ਸ਼ਹਿਰੀ ਮਾਰੇ ਗਏ ਸਨ। ਇਕੱਲੇ ਰੂਸ ਦੇ 87 ਲੱਖ ਫੌਜੀ ਅਤੇ ਦੋ ਕਰੋੜ ਦੇ ਕਰੀਬ ਆਮ ਸ਼ਹਿਰੀ ਮਾਰੇ ਗਏ ਸਨ ਜੋ ਕੁੱਲ ਅਬਾਦੀ ਦਾ ਚੌਥਾ ਹਿੱਸਾ ਬਣਦੇ ਸਨ। ਹਿਟਲਰ ਯਹੂਦੀਆਂ ਨੂੰ ਬੇਹੱਦ ਨਫਰਤ ਕਰਦਾ ਸੀ। ਉਸ ਨੇ ਫਾਇਰਿੰਗ ਸੁਕੈਡਾਂ ਅਤੇ ਗੈਸ ਚੈਂਬਰਾਂ ਵਿੱਚ ਸੁੱਟ ਕੇ 60 ਲੱਖ ਦੇ ਕਰੀਬ ਯਹੂਦੀਆਂ ਨੂੰ ਕਤਲ ਕਰ ਦਿੱਤਾ ਸੀ ਤੇ ਹੋਰ ਲੱਖਾਂ ਨੂੰ ਭੁੱਖੇ ਮਰਨ ਲਈ ਤਸੀਹਾ ਕੈਂਪਾਂ ਵਿੱਚ ਬੰਦ ਕਰ ਦਿੱਤਾ ਸੀ। ਉਨ੍ਹਾਂ ਯਹੂਦੀਆਂ ਦੇ ਵਾਰਸਾਂ ਨੇ ਹੀ 1948 ਈਸਵੀ ਵਿੱਚ ਇਜ਼ਰਾਈਲ ਦੇਸ਼ ਦੀ ਸਥਾਪਨਾ ਕੀਤੀ ਸੀ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੀਆਂ ਦੋ ਕੌਮਾਂ ਨੇ ਨਾਜ਼ੀ ਜਰਮਨੀ ਦੇ ਸਭ ਤੋਂ ਵੱਧ ਜ਼ੁਲਮ ਸਹਾਰੇ ਸਨ, ਹੁਣ ਉਹ ਹੀ ਉਸ ਤਰਾਂ ਦਾ ਵਿਹਾਰ ਯੂਕਰੇਨ ਅਤੇ ਗਾਜ਼ਾ ਪੱਟੀ ਵਿੱਚ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਤਵਾਦੀ ਜਥੇਬੰਦੀ ਹੱਮਾਸ ਨੇ 7 ਅਕਤੂਬਰ 2023 ਨੂੰ ਜੋ 1200 ਦੇ ਕਰੀਬ ਇਜ਼ਰਾਈਲੀ ਮਰਦਾਂ, ਔਰਤਾਂ ਤੇ ਮਾਸੂਮ ਬੱਚਿਆਂ ਦੀ ਹੱਤਿਆ ਕੀਤੀ ਸੀ ਤੇ 247 ਨੂੰ ਬੰਦੀ ਬਣਾ ਲਿਆ ਸੀ, ਉਹ ਵਹਿਸ਼ਿਆਨਾ ਅਤੇ ਇਖਲਾਕ ਤੋਂ ਬੇਹੱਦ ਗਿਰੀ ਹੋਈ ਘਟਨਾ ਸੀ। ਪਰ ਹੁਣ ਜੋ ਇਜ਼ਰਾਈਲੀ ਫੌਜ ਗਾਜ਼ਾ ਪੱਟੀ ਦੇ ਪਹਿਲਾਂ ਤੋਂ ਹੀ ਨਰਕ ਵਰਗੀ ਜ਼ਿੰਦਗੀ ਭੋਗ ਰਹੇ 24 ਲੱਖ ਦੇ ਕਰੀਬ ਮਰਦਾਂ, ਔਰਤਾਂ ਅਤੇ ਬੱਚਿਆਂ ਨਾਲ ਕਰ ਰਹੀ ਹੈ, ਉਸ ਨੂੰ ਵੀ ਕਿਸੇ ਤਰਾਂ ਨਾਲ ਠੀਕ ਨਹੀਂ ਠਹਿਰਾਇਆ ਜਾ ਸਕਦਾ। ਸਿਰਫ 20-25 ਹਜ਼ਾਰ ਮੈਂਬਰਾਂ ਵਾਲੀ ਹੱਮਾਸ ਅੱਤਵਾਦੀ ਜਥੇਬੰਦੀ ਵੱਲੋਂ ਕੀਤੀ ਕਰਤੂਤ ਦੀ ਸਜ਼ਾ ਬੇਕਸੂਰ ਲੋਕਾਂ ਨੂੰ ਦੇਣਾ ਅਣਮਨੁੱਖੀ ਤੇ ਵਿਆਨਾ ਕੰਨਵੈਨਸ਼ਨ ਦੇ ਅਸੂਲਾਂ ਦੀ ਘੋਰ ਉਲੰਘਣਾ ਹੈ। ਗਾਜ਼ਾ ਪੱਟੀ ਸਿਰਫ 45 ਕਿ.ਮੀ. ਲੰਬਾ ਤੇ 6 ਤੋਂ 10 ਕਿ.ਮੀ. ਚੌੜਾ (365 ਸੁਕੇਅਰ ਕਿ.ਮੀ) ਧਰਤੀ ਦਾ ਇੱਕ ਛੋਟਾ ਜਿਹਾ ਟੁਕੜਾ ਹੈ ਜੋ ਦੋ ਪਾਸਿਆਂ ਤੋਂ ਇਜ਼ਰਾਈਲ, ਤੀਸਰੇ ਪਾਸੇ ਤੋਂ ਸਮੁੰਦਰ ਤੇ ਚੌਥੇ ਪਾਸੇ ਤੋਂ ਮਿਸਰ ਨਾਲ ਘਿਰਿਆ ਹੋਇਆ ਹੈ। ਸਮੁੰਦਰ ਵੀ ਪੂਰੀ ਤਰਾਂ ਇਜ਼ਰਾਈਲ ਦੇ ਕੰਟਰੋਲ ਹੇਠ ਹੈ। ਗਾਜ਼ਾ ਪੱਟੀ ਦਾ ਇਲਾਕਾ ਦੁਨੀਆਂ ਦਾ ਇੱਕ ਸਭ ਤੋਂ ਵੱਧ ਸੰਘਣੀ ਅਬਾਦੀ ਵਾਲਾ ਇਲਾਕਾ ਹੈ। ਇਥੇ ਕੋਈ ਉਦਯੋਗ ਜਾਂ ਰੋਜ਼ਗਾਰ ਨਹੀਂ ਹੈ ਤੇ ਇਹ ਪੂਰੀ ਤਰਾਂ ਨਾਲ ਯੂ.ਐਨ.ਉ., ਦਾਨੀ ਸੰਸਥਾਵਾਂ, ਇਜ਼ਰਾਈਲ ਅਤੇ ਮਿਸਰ ਦੀ ਮਦਦ 'ਤੇ ਨਿਰਭਰ ਹੈ।

ਹਰੇਕ ਜੰਗ ਜਾਂ ਗੜਬੜ ਸਮੇਂ ਸਭ ਤੋਂ ਵੱਧ ਮੁਸੀਬਤ ਔਰਤਾਂ ਅਤੇ ਬੱਚਿਆਂ ਨੂੰ ਸਹਿਣੀ ਪੈਂਦੀ ਹੈ ਤੇ ਗਾਜ਼ਾ ਵਿੱਚ ਵੀ ਇਹ ਕੁਝ ਹੀ ਹੋ ਰਿਹਾ ਹੈ। ਇਸ ਜੰਗ ਵਿੱਚ ਹੁਣ ਤੱਕ 14000 ਦੇ ਕਰੀਬ ਗਾਜ਼ਾ ਵਾਸੀਆਂ ਦੀ ਮੌਤ ਹੋ ਚੁੱਕੀ



ਹੈ ਤੇ ਲੱਖਾਂ ਲੋਕ ਬੇਘਰ ਹੋ ਗਏ ਹਨ ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਤੇ ਬੱਚਿਆਂ ਦੀ ਹੈ। ਔਰਤਾਂ ਅਤੇ ਬੱਚਿਆਂ ਸਾਹਮਣੇ ਸਭ ਤੋਂ ਵੱਡੀ ਮੁਸ਼ਕਿਲ ਪਾਣੀ, ਖਾਣੇ ਅਤੇ ਦਵਾਈਆਂ ਦੀ ਪੇਸ਼ ਆ ਰਹੀ ਹੈ ਕਿਉਂਕਿ ਇਜ਼ਰਾਈਲ ਨੇ ਬਾਰਡਰ ਦੀ ਬਿਲਕੁਲ ਨਾਕਾਬੰਦੀ ਕਰ ਦਿੱਤੀ ਹੈ। ਧਾਰਮਿਕ ਅਕੀਦਿਆਂ ਅਤੇ ਨਿੱਤ ਦੀਆਂ ਜੰਗਾਂ ਕਾਰਨ ਗਾਜ਼ਾ ਪੱਟੀ ਦੀਆਂ ਜਿਆਦਾਤਰ ਔਰਤਾਂ ਨੇ ਹੁਣ ਤੱਕ ਪਰਦੇ ਵਾਲੀ ਜ਼ਿੰਦਗੀ ਬਿਤਾਈ ਹੈ। ਬੇਘਰ ਹੋਣ ਤੋਂ ਬਾਅਦ ਹੁਣ ਉਹ ਆਰਥਿਕ ਮਦਦ,ਘਰ, ਪਾਣੀ ਅਤੇ ਖਾਣੇ ਤੋਂ ਮਹਿਰੂਮ ਹੋ ਗਈਆਂ ਹਨ। ਗਰਭਵਤੀ ਔਰਤਾਂ ਦੇ ਹਾਲਾਤ ਤਾਂ ਹੋਰ ਵੀ ਬੁਰੇ ਹਨ। ਥਕਾਵਟ, ਭੁੱਖ, ਪਿਆਸ, ਕਮਜ਼ੋਰੀ, ਮੈਡੀਕਲ ਸਹੂਲਤਾਂ ਦੀ ਅਣਹੋਂਦ ਅਤੇ ਤਣਾਅ ਕਾਰਨ ਹਜ਼ਾਰਾਂ ਔਰਤਾਂ ਦਾ ਗਰਭਪਾਤ ਹੋ ਗਿਆ ਹੈ, ਸੈਂਕੜੇ ਬੱਚੇ ਮੁਰਦਾ ਪੈਦਾ ਹੋ ਰਹੇ ਹਨ ਜਾਂ ਪੈਦਾ ਹੋਣ ਤੋਂ ਬਾਅਦ ਜਰੂਰੀ ਦਵਾਈਆਂ ਤੇ ਟੀਕੇ ਆਦਿ ਨਾ ਮਿਲਣ ਕਾਰਨ ਅਣਿਆਈ ਮੌਤੇ ਮਰ ਰਹੇ ਹਨ।

ਗਾਜ਼ਾ ਦੀਆਂ ਅੱਧ ਤੋਂ ਵੱਧ ਬੇਸਹਾਰਾ ਔਰਤਾਂ ਭੈਅ ਅਤੇ ਡਿਪਰੈਸ਼ਨ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਕਿਸੇ ਦਾ ਪਤੀ ਮਰ ਗਿਆ ਹੈ, ਕਿਸੇ ਦੇ ਬੱਚੇ ਤੇ ਕਿਸੇ ਦੇ ਭੈਣ ਭਰਾ ਤੇ ਨਜ਼ਦੀਕੀ ਰਿਸ਼ਤੇਦਾਰ। ਔਰਤਾਂ ਦੀਆਂ ਅੱਖਾਂ ਦੇ ਹੰਝੂ ਸੁੱਕ ਗਏ ਹਨ। ਇੱਕ ਰਿਸ਼ਤੇਦਾਰ ਦਾ ਅਫਸੋਸ ਅਜੇ ਮਨਾਇਆ ਜਾ ਰਿਹਾ ਹੁੰਦਾ ਹੈ ਕਿ ਦੂਸਰੇ ਦੇ ਮਰਨ ਦੀ ਖਬਰ ਪਹੁੰਚ ਜਾਂਦੀ ਹੈ। ਕੈਂਪਾਂ ਵਿੱਚ ਸ਼ਰਨ ਲਈ ਬੈਠੀਆਂ ਔਰਤਾਂ ਨੂੰ ਹਰ ਵੇਲੇ ਸ਼ੋਹਦਿਆਂ ਕੋਲੋਂ ਆਪਣੀ ਤੇ ਬੱਚੀਆਂ ਦੀ ਇੱਜ਼ਤ ਬਚਾਉਣ ਦਾ ਫਿਕਰ ਲੱਗਾ ਰਹਿੰਦਾ ਹੈ। ਗਾਜ਼ਾ ਵਿੱਚ ਪਾਣੀ ਦੀ ਬੇਹੱਦ ਕਮੀ ਹੋਣ ਕਾਰਨ ਇਜ਼ਰਾਈਲ ਨੇ ਸਭ ਤੋਂ ਪਹਿਲਾ ਵਾਰ ਪਾਣੀ 'ਤੇ ਕੀਤਾ ਹੈ। ਇਹ ਇਜ਼ਰਾਈਲ ਤੋਂ ਸਪਲਾਈ ਹੁੰਦਾ ਸੀ ਤੇ ਇਜ਼ਰਾਈਲ ਨੇ ਪਾਈਪ ਲਾਈਨ ਬੰਦ ਕਰ ਦਿੱਤੀ ਹੈ।ਗਾਜ਼ਾ ਵਿੱਚ ਕੋਈ ਦਰਿਆ ਜਾਂ ਪੀਣ ਯੋਗ ਧਰਤੀ ਹੇਠਲਾ ਪਾਣੀ ਨਹੀਂ ਹੈ।ਪਾਣੀ ਦੀ ਕਮੀ ਕਾਰਨ ਸੈਂਕੜੇ ਔਰਤਾਂ ਅਤੇ ਬੱਚਿਆਂ ਨੇ ਦਮ ਤੋੜ ਦਿੱਤਾ ਹੈ। ਪਰ ਹੱਮਾਸ 'ਤੇ ਇਨ੍ਹਾਂ ਨਾਕਾਬੰਦੀਆਂ ਦਾ ਕੋਈ ਖਾਸ ਅਸਰ ਨਹੀਂ ਹੋਇਆ ਕਿਉਂਕਿ ਉਸ ਨੇ ਇਸ ਹਮਲੇ ਦੀ ਤਿਆਰੀ ਕਈ ਸਾਲ ਪਹਿਲਾਂ ਤੋਂ ਹੀ ਕੀਤੀ ਹੋਈ ਸੀ। ਉਸ ਦੇ ਲੜਾਕਿਆਂ ਕੋਲ ਇੱਕ ਸਾਲ ਤੋਂ ਵੱਧ ਦੀ ਜਰੂਰਤ ਦਾ ਦਾਣਾ ਪਾਣੀ ਜਮ੍ਹਾਂ ਹੈ।

ਅਮਰੀਕਾ ਅਤੇ ਇਸ ਦੇ ਸਾਥੀਆਂ ਨੂੰ ਹੱਮਾਸ ਵੱਲੋਂ ਇਜ਼ਰਾਈਲ ਵਿੱਚ ਕੀਤੇ ਗਏ ਜ਼ੁਲਮ ਤਾਂ ਦਿਸਦੇ ਹਨ ਪਰ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੀਆਂ ਔਰਤਾਂ ਅਤੇ ਬੱਚਿਆਂ ਪ੍ਰਤੀ ਕੀਤੇ ਜਾ ਰਹੇ ਪਾਪ ਨਜ਼ਰ ਨਹੀਂ ਆ ਰਹੇ। ਕੋਈ ਵੀ ਪੱਛਮੀ ਦੇਸ਼ ਸਖਤੀ ਨਾਲ ਇਜ਼ਰਾਈਲ ਨੂੰ ਬੇਬਸ ਜਨਤਾ ਨੂੰ ਤਬਾਹੋ ਬਰਬਾਦ ਕਰਨ ਤੋਂ ਰੋਕਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਉਲਟਾ ਉਸ ਨੂੰ ਵੱਡੀ ਗਿਣਤੀ ਵਿੱਚ ਮਾਰੂ ਹਥਿਆਰ ਭੇਜੇ ਜਾ ਰਹੇ ਹਨ। ਆਮ ਨਾਗਰਿਕਾਂ ਦੀਆਂ ਐਨੀਆਂ ਹੱਤਿਆਵਾਂ ਕਰਨ ਦੇ ਬਾਵਜੂਦ ਇਜ਼ਰਾਈਲ ਨੂੰ ਹੱਮਾਸ ਦੇ ਖਿਲਾਫ ਅਜੇ ਤੱਕ ਕੋਈ ਖਾਸ ਕਾਮਯਾਬੀ ਹਾਸਲ ਨਹੀਂ ਹੋ ਸਕੀ। ਹੱਮਾਸ ਦੇ ਮੁਖੀ ਇਸਮਾਈਲ ਹਾਨੀਏਹ, ਉੱਪ ਮੁਖੀ ਸਾਲਾਏਹ ਅਰੋਰੀ, ਮਿਲਟਰੀ ਚੀਫ ਮੁਹੰਮਦ ਦਾਇਫ, ਉੱਪ ਫੌਜੀ ਮੁਖੀ ਮਰਵਾਨ ਈਸਾ ਅਤੇ ਯਾਹੀਆ ਸਿਨਵਾਰ ਵਰਗੇ ਕਿਸੇ ਵੀ ਚੋਟੀ ਦੇ ਕਮਾਂਡਰ ਨੂੰ ਨਾ ਤਾਂ ਹੁਣ ਤੱਕ ਗ੍ਰਿਫਤਾਰ ਕੀਤਾ ਜਾ ਸਕਿਆ ਹੈ ਤੇ ਨਾ ਹੀ ਮਾਰਿਆ। ਇਤਿਹਾਸ ਗਵਾਹ ਹੈ ਕਿ ਕਿਸੇ ਦੇਸ਼ ਦੇ ਅੰਦਰ ਜਾ ਕੇ ਉਸ ਦੇ ਛਾਪਾਮਾਰ ਲੜਾਕਿਆਂ ਤੋਂ ਜੰਗ ਜਿੱਤਣੀ ਲਗਪਗ ਅਸੰਭਵ ਹੁੰਦੀ ਹੈ। ਅਮਰੀਕਾ ਅਤੇ ਰੂਸ ਵੀਅਤਨਾਮ ਅਤੇ ਅਫਗਾਨਿਸਤਾਨ ਵਿੱਚ ਇਹ ਸਬਕ ਸਿੱਖ ਚੁੱਕੇ ਹਨ।ਮਹੀਨੇ ਡੇਢ ਮਹੀਨੇ ਬਾਅਦ ਇਹ ਨਤੀਜਾ ਵੀ ਸਭ ਦੇ ਸਾਹਮਣੇ ਆ ਜਾਵੇਗਾ ਕਿ ਗਾਜ਼ਾ ਪੱਟੀ 'ਤੇ ਕਬਜ਼ਾ ਕਰ ਕੇ ਇਜ਼ਰਾਈਲ ਨੇ ਠੀਕ ਕੀਤਾ ਹੈ ਜਾਂ ਗਲਤ।

-0-

# ਲੀਡਰ ਦਾ ਮੁੰਡਾ

**ਬਲਰਾਜ ਸਿੰਘ ਏ.ਆਈ.ਜੀ. (ਰਿਟਾ.) 9501100062**

ਇੱਕ ਲੀਡਰ ਨੇ ਆਪਣੀ ਆਲੀਸ਼ਾਨ ਕੋਠੀ ਵਿੱਚ ਵਰਕਰਾਂ ਦੀ ਮੀਟਿੰਗ ਬੁਲਾਈ ਹੋਈ ਸੀ। ਵੈਸੇ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਨੇਤਾ ਜੀ ਖਾਨਦਾਨੀ ਨੰਗ ਹੁੰਦੇ ਸਨ ਪਰ ਤਿੰਨ ਵਾਰ ਮੰਤਰੀ ਬਣ ਕੇ ਲੋਕਾਂ ਦੀ ਸੇਵਾ ਦੇ ਨਾਮ 'ਤੇ ਮੇਵਾ ਛਕ ਕੇ ਕਰੋੜਪਤੀ ਬਣ ਚੁੱਕੇ ਸਨ। ਉਹਨਾਂ ਨੇ ਇਧਰ ਉਧਰ ਦੀਆਂ ਕੁਝ ਗੱਲਾਂ ਮਾਰਨ ਤੋਂ ਬਾਅਦ ਵਰਕਰਾਂ ਨੂੰ ਲਲਕਾਰਿਆ, "ਜਵਾਨੋਂ ਗੱਲ ਸੁਣੋ ਮੇਰੀ ਧਿਆਨ ਨਾਲ। ਕਲ੍ਹ ਦਾ ਦੂਸਰੇ ਧਰਮ ਵਾਲਿਆਂ ਨੇ ਆਪਣੇ ਧਰਮ 'ਤੇ ਹਮਲਾ ਕਰ ਕੀਤਾ ਹੋਇਆ ਹੈ। ਦੋ ਬੰਦੇ ਮਾਰ ਦਿੱਤੇ ਹਨ ਤੇ ਪੰਜ ਧਾਰਮਿਕ ਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ ਤੁਸੀਂ ਵੀ ਸਿਰਾਂ 'ਤੇ ਖੱਫਣ ਬੰਨ੍ਹ ਲਉ ਤੇ ਕਲ੍ਹ ਤੜਕੇ ਈ ਪੈ ਜੋ ਇਹਨਾਂ ਨੂੰ, ਮਜ਼ਾ ਚਖਾ ਦਿਉ। ਨਾ ਇਹਨਾਂ ਦਾ ਕੋਈ ਧਾਰਮਿਕ ਸਥਾਨ ਸਬੂਤਾ ਛੱਡਣਾ ਆ ਤੇ ਨਾ ਈ ਕੋਈ ਬੰਦਾ ਜਨਾਨੀ ਜ਼ਿੰਦਾ ਬਚੇ। ਬਾਕੀ ਪੁਲਿਸ ਦੀ ਜ਼ਿੰਮੇਵਾਰੀ ਮੇਰੀ ਆ।

ਲੀਡਰ ਨੂੰ ਖੜੱਪੇ ਸੱਪ ਵਾਂਗ ਨਫਰਤ ਦਾ ਜ਼ਹਿਰ ਉਗਲਦਾ ਵੇਖ ਕੇ ਉਸ ਦਾ ਇੱਕ ਖਾਸ ਚੇਲਾ ਲੱਡੂ ਭਲਵਾਨ ਫਿੱਕਾ ਜਿਹਾ ਮੁਸਕਰਾਇਆ। ਦੋ ਕੁ ਮਹੀਨੇ ਪਹਿਲਾਂ ਇਸੇ ਲੀਡਰ ਦੇ ਆਖੇ ਲੱਗ ਕੇ ਦੂਸਰੇ ਧਰਮ ਵਾਲਿਆਂ ਦੇ ਦੋ ਬੰਦਿਆਂ ਦੀਆਂ ਲੱਤਾਂ ਤੋੜਨ ਕਾਰਨ ਉਹ ਅਜੇ ਕਲ੍ਹ ਹੀ ਜ਼ਮਾਨਤ 'ਤੇ ਬਾਹਰ ਆਇਆ ਸੀ। ਨਾ ਤਾਂ ਇਸ ਨੇ ਲੱਡੂ ਨੂੰ ਪੁਲਿਸ ਤੋਂ ਬਚਾਇਆ ਸੀ ਤੇ ਨਾ ਹੀ ਵਕੀਲ ਦੀ ਫੀਸ ਵਾਸਤੇ ਕੋਈ ਪੈਸਾ ਦਿੱਤਾ ਸੀ। ਉਸ ਨੇ ਲੀਡਰ ਨੂੰ ਪੁੱਛਿਆ, "ਨੇਤਾ ਜੀ, ਪਿੰਟੂ ਵੀਰ ਜੀ ਨਈਂ ਦਿਸਦੇ ਕਿਤੇ?" ਪਿੰਟੂ ਲੀਡਰ ਦੇ ਮੁੰਡੇ ਦਾ ਨਾਮ ਸੀ। ਲੀਡਰ ਬੋਲਿਆ, "ਕਿਉਂ, ਕੀ ਕੰਮ ਪੈ ਗਿਆ ਤੈਨੂੰ ਪਿੰਟੂ ਨਾਲ? ਗਿਆ ਹੋਣਾ ਕਿਤੇ ਦੋਸਤਾਂ ਨਾਲ ਮੌਜ ਮਸਤੀ ਕਰਨ।" ਲੱਡੂ ਨੇ ਭੋਲਾ ਜਿਹਾ ਬਣ ਕੇ ਕਿਹਾ,"ਨੇਤਾ ਜੀ ਮੈਨੂੰ ਇੱਕ ਫੁਰਨਾ ਫੁਰਿਆ ਆ। ਇਸ ਵਾਰ ਪਿੰਟੂ ਦੀ ਅਗਵਾਈ ਹੇਠ ਜਾਣੇ ਆਂ ਵੱਢ ਟੁੱਕ ਕਰਨ ਲਈ। ਇਸ ਨਾਲ ਨੌਜਵਾਨਾਂ ਨੂੰ ਹੌਂਸਲਾ ਮਿਲੇਗਾ ਤੇ ਉਹ ਦੂਸਰੀ ਧਿਰ ਦੇ ਬੰਦੇ ਵੀ ਵੱਧ ਮਾਰਨਗੇ।" ਸੁਣ ਕੇ ਲੀਡਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ, "ਤੇਰਾ ਦਿਮਾਗ ਖਰਾਬ ਹੋ ਗਿਆ ਉਏ? ਪਿੰਟੂ ਪੜ੍ਹਨ ਲਿਖਣ ਵਾਲਾ ਮੁੰਡਾ ਆ, ਉਹਨੇ ਕੀ ਲੈਣਾ ਗੁੰਡਾਗਰਦੀ ਤੋਂ। ਨਾਲੇ ਉਸ ਦੀ ਪਰਸੋਂ ਫਲਾਈਟ ਆ, ਇੰਗਲੈਂਡ ਜਾ ਰਿਹਾ ਆਕਸਫੋਰਡ ਯੂਨੀਵਰਸਿਟੀ ਤੋਂ ਐਮ.ਬੀ.ਏ. ਕਰਨ ਵਾਸਤੇ।" ਲੱਡੂ ਭਲਵਾਨ ਉੱਠ ਕੇ ਉੱਚੀ ਉੱਚੀ ਬੋਲਣ ਲੱਗਾ, "ਵਾਹ ਉਏ ਨੇਤਾ ਵਾਹ, ਨਈਂ ਰੀਸਾਂ ਤੇਰੀਆਂ। ਤੇਰਾ ਮੁੰਡਾ ਇੰਗਲੈਂਡ ਤੋਂ ਐਮ.ਬੀ.ਏ. ਕਰੇ ਤੇ ਅਸੀਂ ਗਰੀਬ ਗੁਰਬੇ ਤੇਰੀ ਖਾਤਰ ਦੰਗੇ ਕਰ ਕੇ ਪੁਲਿਸ ਤੋਂ ਛਿੱਤਰ ਖਾਈਏ ਤੇ ਜੇਲ੍ਹਾਂ ਕੱਟੀਏ। ਚਲੋ ਉਏ ਉੱਠੋ, ਬਥੇਰਾ ਬੇਵਕੂਫ ਬਣਾ ਲਿਆ ਇਹੋ ਜਿਹੇ ਲੀਡਰਾਂ ਨੇ ਸਾਨੂੰ।" ਅੱਧਿਉਂ ਵੱਧ ਵਰਕਰ ਉੱਠ ਕੇ ਲੱਡੂ ਦੇ ਪਿੱਛੇ ਪਿੱਛੇ ਚੱਲ ਪਏ।

-0-

# ਪੰਜਾਬ ਦੇ ਹਾਲਾਤ

ਪ੍ਰਿੰ. ਗੁਰਬਚਨ ਸਿੰਘ ਪੰਨਵਾਂ

ਬਾਬੇ ਨਾਨਕ ਦੁਨੀਆਂ ਗਾਹ ਤੀ,
ਕਰਕੇ ਘਰ ਦਾ ਇੱਕ ਤਿਆਗ।
ਬਰਫ਼ ਪਹਾੜੀਂ ਲੱਦਿਆ,
ਜਿੱਥੇ ਜੋਗੀਆਂ ਦੇ ਬੰਦ ਚਿਰਾਗ।
ਉਸ ਛੱਟਾ ਦਿੱਤਾ ਨਾਮ ਦਾ,
ਸੁਣ ਕੇ ਜੋਗੀ ਹੋਏ ਬੈਰਾਗ।
ਏਨੂੰ ਦੋ ਸੌ ਤੀਹ ਸਾਲ ਲਗਗੇ,
ਫਿਰ ਸੁੰਦਰ ਖਿੜਿਆ ਬਾਗ।
ਬੰਦਾ ਸਿੰਘ ਬਹਾਦਰ ਨੇ,
ਦਿੱਤੀ ਇੱਟ ਨਾਲ ਇੱਟ ਖੜਕਾਅ।
ਓਨ੍ਹੇ ਜ਼ੁਲਮ ਦੀਆਂ ਜੜ੍ਹਾਂ ਪੁੱਟੀਆਂ,
ਤੇ ਜਾਲਮ ਦਿੱਤੇ ਬੜਕਾਅ।
ਥਰ ਥਰ ਸਰਹੰਦ ਕੰਬਿਆ,
ਜਦੋਂ ਖੰਡੇ ਦਾ ਲਾਇਆ ਤੜਕਾਅ।
ਓਨ੍ਹੇ ਸਾਂਭਿਆ ਦੇਸ਼ ਪੰਜਾਬ ਨੂੰ,
ਸੁੱਚੇ ਨੰਦ ਵਰਗੇ ਦਿੱਤੇ ਕੜਕਾਅ।
ਚੱਲਿਆ ਦੌਰ ਸ਼ਹੀਦੀਆਂ ਦਾ,
ਪੁਰਖਿਆਂ ਖੋਪਰ ਦਿੱਤੇ ਲੁਵਾਅ।
ਅਸੀਂ ਚੜ੍ਹ ਚੜੱਖੜੀ ਦੱਸਿਆ,
ਦਿੱਤੇ ਜ਼ੁਲਮ ਦੇ ਗੋਡੇ ਲਵਾਅ।
ਟੁਕੜੇ ਕੀਤੇ ਬੱਚਿਆਂ ਦੇ,
ਲਏ ਗਲ਼ਾਂ ਹਾਰ ਪਵਾਅ।
ਸਾਨੂੰ ਘੱਲੂਘਾਰਿਆਂ ਪਰਖਿਆਂ,
ਸਾਡਾ ਹੋਇਆ ਨਾ ਕੋਈ ਮਕਾਅ।
ਅਸੀਂ ਰਾਜ ਨੂੰ ਕਾਇਮ ਕਰ ਲਿਆ,
ਦਿੱਤਾ ਦੁਨੀਆਂ ਚ ਨਾਂ ਚਮਕਾਅ।
ਅੱਛਾ ਕਾਜ ਕਮਾ ਲਿਆ,
ਸਭ ਦੁਸ਼ਮਣ ਦਿੱਤੇ ਧਮਕਾਅ।
ਸਰਕਾਰ ਨੇ ਅੱਖਾਂ ਮੀਟੀਆਂ,
ਗਿਆ ਦੇਸ਼ ਪੰਜਾਬ ਕਮਲਾਅ।
ਆਣ ਧਰਿਆ ਪੈਰ ਵਲੈਤੀਆਂ,
ਏਦ੍ਹੀ ਧਰਤ ਨੂੰ ਦਿੱਤੇ ਜ਼ਖ਼ਮਾਅ।

ਏਦ੍ਹੀ ਕਰਨ ਰੱਖਵਾਲੀ ਆ ਗਏ,
ਉਨੂੰ ਕਹਿੰਦੇ ਅਕਾਲੀ ਸਰਦਾਰ,
ਨੀਲੀਆਂ ਪੱਗਾਂ ਬੰਨ ਲਈਆਂ,
ਆਪਣੀ ਬਣਾਉਣ ਲਈ ਸਰਕਾਰ।
ਰਾਜ ਸੱਤਾ ਦੀ ਭੁੱਖ ਨੇ,
ਇਹ ਕਾਲੀ ਕੀਤੇ ਬਦਕਾਰ।
ਧਰਮ ਦੀ ਪਉੜੀ ਚੜ੍ਹ ਕੇ,
ਫਿਰ ਧੰਨ ਦੇ ਲਾਏ ਅੰਬਾਰ।

ਜਦੋਂ ਸਾਲ਼ੇ ਜੀਜੇ ਅੱਗੇ ਲਾ ਲਏ,
ਫਿਰ ਵਰਕਰ ਰਹਿ ਗਏ ਵੇਖਦੇ।
ਰੱਬ ਇਨ੍ਹਾਂ ਨੂੰ ਭੁੱਲਿਆ,
ਦਿਨ ਦਿਹਾੜੇ ਸਿੱਖੀ ਵੇਚਦੇ।
ਹਰ ਥਾਂ ਕਬਜ਼ਾ ਕਰ ਲਿਆ,
ਫਿਰ ਰਹਿੰਦੇ ਸਭ ਸਮੇਟਦੇ।
ਹੰਕਾਰ ਸਿਰ ਨੂੰ ਚੜ੍ਹ ਗਿਆ,
ਵਿਚ ਜਵਾਨੀ ਨਸ਼ੇ ਧਕੇਲਦੇ।

ਜਦੋਂ ਪੰਜਾਬੀ ਪਾਰਟੀ ਬਣ ਗਈ,
ਸਭ ਅਕਾਲੀਆਂ ਵੱਟ ਲਈ ਦੜ੍ਹ।
ਕਿਉਂ ਕਿ ਪਰਵਾਰ ਸਭ ਨੇ ਪਾਲਣੇ,
ਢੱਠੇ ਵਿਚ ਪਵੇ ਅਕਾਲੀ ਗੜ੍ਹ।
ਲੀਹੋਂ ਲੱਥੇ ਡੇਰੇ ਸਾਧੜੇ,
ਅਕਾਲੀਏ ਗਏ ਇਨ੍ਹਾਂ ਚ ਵੜ੍ਹ।
ਗੁਰੂ ਗ੍ਰੰਥ ਨਾਲੋਂ ਤੋੜ ਕੇ,
ਡੇਰੇ ਕੌਮ ਦੇ ਦਿੱਤੇ ਗਲ਼ ਮੜ੍ਹ।

ਤੁਹਾਡਾ ਬੇੜਾ ਬਹਿ ਜਾਏ ਕਾਲੀਓ,
ਤੁਸੀਂ ਖੁਦ ਹੀ ਜ਼ਿੰਮੇਵਾਰ।
ਤੁਸਾਂ ਧ੍ਰੋਅ ਕਮਾਇਆ ਕੌਮ ਨਾਲ,
ਗੁਰੂ ਦੀ ਬੇਅਦਬੀ ਹੋਈ ਕਈ ਵਾਰ।
ਸੁਮੇਧ ਸੈਣੀ ਕਿਸ ਪਾਲ਼ਿਆ,
ਤੁਹਾਨੂੰ ਪੁੱਛੇ ਸਿੱਖ ਸੰਸਾਰ।
ਤੁਸਾਂ ਸਾਰ ਨਾ ਲਈ ਪੰਜਾਬ ਦੀ,
ਤੁਹਾਡੇ ਕੋਝੇ ਸੀ ਕੰਮਕਾਰ।

ਤੁਸੀਂ ਬਾਹਰੋਂ ਕਾਲੀ ਦਿਸਦੇ,
ਅੰਦਰੋਂ ਪੂਰੇ ਬੇਈਮਾਨ।
ਤੁਸਾਂ ਕਾਲੀ ਦਲ ਨਾ ਰਹਿਣਤਾ,
ਇਹ ਹੁਣ ਬਣ ਗਿਆ ਸ਼ਮਸ਼ਾਨ।
ਏਦ੍ਹੀ ਰੂਹ ਤੁਸਾਂ ਨੇ ਸਾੜਤੀ,
ਦਿਨ ਦੀਵੀਂ ਹੋਇਆ ਬੇਜਾਨ।
ਤੁਸੀਂ ਸਾਰੇ ਜ਼ਿੰਮੇਵਾਰ ਹੋ,
ਤੁਹਾਨੂੰ ਮੁਆਫ ਨਾ ਕਰੂ ਜਹਾਨ।

ਤੁਸੀਂ ਵਆਦੇ ਕਰਕੇ ਮੁੱਕਰੇ,
ਤੁਹਾਡੀ ਰਹੀ ਨਾ ਕੋਈ ਜ਼ਬਾਨ।
ਤੁਸੀਂ ਖੇਖਣ ਕਰਦੇ ਸਿੱਖੀ ਦਾ,
ਪਰ ਅੰਦਰੋਂ ਪੂਰੇ ਬਦ ਕਲਾਮ।
ਸ਼੍ਰੋਮਣੀ ਕਮੇਟੀ ਸਿਧਾਂਤੋਂ ਥਿੜਕੀ,
ਤੇ ਬਣਗੀ ਆਰ ਆਰ ਐਸ ਦੀ ਗਲਾਮ।
ਤੁਸਾਂ ਨਾਨਕਸ਼ਾਹੀ ਕੈਲੰਡਰ ਫੂਕਿਆ,
ਤੇ ਡੋਬੀ ਸਿੱਖੀ ਦੀ ਸ਼ਾਨ।

ਵਰਤਿਆ ਕਹਿਰ ਚੁਰਾਸੀ ਦਾ,
ਤੁਸੀਂ ਬਹਿ ਗਏ ਨਾਲ ਅਰਾਮ।
ਸੰਤਾਪ ਹੰਢਾਇਆ ਪੰਜਾਬ ਨੇ,
ਤੁਸੀਂ ਜਪਦੇ ਰਹੇ ਜੈ ਰਾਮ।
ਸਿੱਖ ਜਵਾਨੀ ਨੂੰ ਕੋਹਿਆ,
ਤੁਸੀਂ ਤੁਰ ਗਏ ਉੱਚੇ ਧਾਮ।
ਤੁਸੀਂ ਭੁੱਲ ਗਏ ਮਸਲੇ ਪੰਥ ਦੇ,
ਆਖੋ ਰਿਹਾ ਨਾ ਸਾਡਾ ਕਾਮ।

ਸੌ ਕਰੋੜ ਲਿਆਂ ਪਾਣੀਆਂ ਦਾ,
ਫਿਰ ਉੱਤੋਂ ਝੂਠੇ ਪਾਓ ਵੈਣ।
ਸੰਗ ਹਯਾਅ ਸਾਰੀ ਵੇਚਦੀ,
ਬਦਸੂਰਤ ਬਣ ਕੇ ਡੈਣ।
ਜੱਥੇਦਾਰਾਂ ਦੀ ਬਾਂਹ ਮਰੋੜਦੀ,
ਉਹ ਮਾਈ ਬਾਪ ਤਾਨੂੰ ਕੈਣ।
ਏਦਾਂ ਚਲਾਈਆਂ ਚੰਮ ਦੀਆਂ,
ਸਾਰੇ ਭਰ ਭਰ ਗੱਫੇ ਲੈਣ।

ਤੀਜੀ ਵਾਰੀ ਹੂੰਝਾ ਫਿਰਿਆ,
ਭੁੰਜੇ ਸੁੱਟ ਕੇ ਦਾਲ ਖਾਣ।
ਪਾਤਾ ਭੋਗ ਕਾਲੀ ਦਲ ਦਾ,
ਪਰ ਮੇਰੇ ਕਾਰੋਬਾਰ ਨਾ ਜਾਣ।
ਸਿੱਖੀ ਪੂਰੀ ਰਗੜਨੀ,
ਕੋਈ ਛੱਡਣੀ ਨਹੀਂ ਪਛਾਣ।
ਵਰਕਰ ਸਾਰੇ ਤੋੜਤੇ,
ਸਾਡੇ ਕੁਝ ਪਰਵਾਰ ਹੀ ਖਾਣ।

ਬੰਦੀ ਸਿੰਘ ਕੀ ਛੱਡਣੇ ਸੀ,
ਤੁਸਾਂ ਨਾਂ ਲੈਣਾ ਦਿੱਤਾ ਛੱਡ।
ਹੱਕ ਇਨਸਾਫ ਕੀ ਕਰਨਾ ਸੀ,
ਇਹ ਮਸਲੇ ਲਏ ਦਿਮਾਗੋਂ ਕੱਢ।
ਤੁਸੀਂ ਭੁੱਲ ਗਏ ਆਪਣੀ ਕੌਮ ਨੂੰ,
ਏਸੇ ਲਈ ਤੁਹਾਡੀ ਹੈਂਕੜ ਦਿੱਤੀ ਵੱਢ।
ਤੁਸਾਂ ਕੀਤਾ ਨੁਕਸਾਨ ਕੌਮ ਦਾ,
ਕੌਮ ਨੇ ਤਾਨੂੰ ਦਿੱਤਾ ਛੱਡ।

ਅਜੇ ਵੀ ਵੇਲ਼ਾ ਸੰਭਲਨ ਦਾ,
ਜੇ ਮਨੋਂ ਹੋਜੋ ਗੁਰਸਿੱਖ।
ਲਾਲਚ ਮੋਹ ਤਿਆਗ ਕੇ,
ਆਪਣੀ ਸਿੱਖੀ ਵਾਲ਼ੀ ਬਣਾਓ ਦਿੱਖ।
ਪਰਵਾਰ ਵਾਦ ਨੂੰ ਛੱਡ ਦਿਓ,
ਤਾਂ ਫਿਰ ਮੰਗਣੀ ਪਵੇ ਨਾ ਭਿੱਖ।
ਕੋਈ ਉੱਠੇ ਅਕਾਲੀ ਸੂਰਮਾ,
ਪੰਨਵਾਂ ਜੋ ਚੜ੍ਹਨਾ ਜਾਣੇ ਚਿਖ।

-0-

# ਗੁਰਮਤਿ ਪ੍ਰਚਾਰ ਕੇਂਦਰ ਵਿੰਗ (ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਲੁਧਿਆਣਾ) ਵਲੋਂ ਸਾਲ 2024 ਦੌਰਾਨ ਲਗਾਏ ਗਏ ਗੁਰਮਤਿ ਪ੍ਰਚਾਰ/ਨੈਤਿਕ ਵਿਦਿਆ ਦੇ ਕੈਂਪਾਂ ਦੀ ਸੰਖੇਪ ਰਿਪੋਰਟ

| ਮਿਤੀ | ਸਕੂਲ/ਸੰਸਥਾ/ਪਿੰਡ/ਗੁਰਦੁਆਰੇ ਦਾ ਨਾਂ | ਬੱਚਿਆਂ ਦੀ ਗਿਣਤੀ |
|---|---|---|
| 29 ਅਪ੍ਰੈਲ ਤੋਂ 4 ਮਈ | ਸਰਕਾਰੀ ਕੰਨਿਆ ਸੀ.ਸੈ. ਸਕੂਲ, ਰਾਹੋਂ | 800 |
| 5 ਮਈ ਤੋਂ 9 ਮਈ | ਜੈ ਭਾਰਤ ਸਕੂਲ, ਸਮੁੰਦੜਾ | 250 |
| 4 ਮਈ | ਬਾਬਾ ਵਜ਼ੀਰ ਸਿੰਘ ਪਬਲਿਕ ਸਕੂਲ, ਨਵਾਂਸ਼ਹਿਰ | 150 |
| 5 ਤੋਂ 9 ਮਈ | ਸਰਕਾਰੀ ਸੀ.ਸੈ. ਸਮਾਰਟ ਸਕੂਲ, ਨਵਾਂਸ਼ਹਿਰ | 300 |
| 8 ਤੋਂ 11 ਮਈ | ਪ੍ਰਧਾਨ ਮੰਤਰੀ ਵਿਕਾਸ ਕੌਸ਼ਲ ਯੋਜਨਾ, ਨਵਾਂਸ਼ਹਿਰ | 200 |
| 15 ਤੋਂ 18 ਮਈ | ਦੁਆਬਾ ਆਰੀਆ ਸਕੂਲ, ਨਵਾਂਸ਼ਹਿਰ | 750 |
| 18 ਤੋਂ 21 ਮਈ | JSFH ਖਾਲਸਾ ਸਕੂਲ, ਨਵਾਂਸ਼ਹਿਰ | 1000 |
| 20 ਤੋਂ 23 ਮਈ | ਬੱਬਰ ਕਰਮ ਸਿੰਘ ਸੀ.ਸੈ. ਸਕੂਲ ਦੌਲਤਪੁਰ | 1000 |
| 2 ਤੋਂ 7 ਜੂਨ | ਪਿੰਡ ਮਜਾਰੀ, ਨਵਾਂਸ਼ਹਿਰ | 150 |
| 2 ਤੋਂ 5 ਜੂਨ | ਗੁ: ਛੇਵੀ ਪਾਤਸ਼ਾਹੀ ਹਠੂਰ (ਜਗਰਾਓਂ) | 60 |
| 6 ਤੋਂ 9 ਜੂਨ | ਪਿੰਡ ਹੁਸੈਨਪੁਰਾ, ਲੁਧਿਆਣਾ | 50 |
| 11 ਤੋਂ 16 ਜੂਨ | ਗੁਰਦੁਆਰਾ ਭਾਈ ਜਗਤਾ ਜੀ, ਬਠਿੰਡਾ | 150 |
| 10 ਤੋਂ 16 ਜੂਨ | ਜੋਗਾਨੰਦ, ਬਠਿੰਡਾ | 75 |
| 10 ਤੋਂ 15 ਜੂਨ | ਬੀਬੀਵਾਲਾ, ਬਠਿੰਡਾ | 25 |
| 10 ਤੋਂ 15 ਜੂਨ | ਗਰੀਨ ਸਿਟੀ, ਬਠਿੰਡਾ | 30 |
| 10 ਤੋਂ 15 ਜੂਨ | ਢੇਲਵਾਂ, ਬਠਿੰਡਾ | 20 |
| 10 ਤੋਂ 15 ਜੂਨ | ਗਿੱਲ ਪੱਤੀ, ਬਠਿੰਡਾ | 25 |
| 10 ਤੋਂ 15 ਜੂਨ | ਭੋਖੜਾ ਬਠਿੰਡਾ | 27 |
| 2 ਤੋਂ 6 ਮਈ | ਸਾਹਿਬ ਪਬਲਿਕ ਸਕੂਲ, ਲੁਧਿਆਣਾ | 400 |
| 16 ਮਈ 2024 | ਮੈਰੀਸੈਂਟ ਪਬਲਿਕ ਸਕੂਲ, ਲੁਧਿਆਣਾ | 1000 |
| 5 ਜੂਨ 10 ਜੂਨ | ਗੁਰਦੁਆਰਾ ਸਿੰਘ ਸਭਾ, ਪਾਇਲ, ਦੋਰਾਹਾ | 35 |
| 11 ਤੋਂ 20 ਜੂਨ | ਗੁਰਦੁਆਰਾ ਕਲਗੀਧਰ, ਸ਼ਿਮਲਾਪੁਰੀ, ਲੁਧਿਆਣਾ | 60 |
| 16 ਤੋਂ 20 ਜੂਨ | ਗੁ: ਸ੍ਰੀ ਗੁਰੂ ਸਿੰਘ ਸਭਾ, ਦੁਗਰੀ, ਲੁਧਿਆਣਾ | 35 |
| 1 ਤੋਂ 6 ਮਈ | ਸਰਕਾਰੀ ਸਕੂਲ, ਪਿੰਡ ਕੁੱਬਾ (ਲੁਧਿਆਣਾ) | 96 |
| 1 ਤੋਂ 6 ਮਈ | ਸਰਕਾਰੀ ਸਕੂਲ, ਪਿੰਡ ਲੱਲ ਕਲਾਂ (ਲੁਧਿਆਣਾ) | 67 |
| 7 ਤੋਂ 9 ਮਈ | ਸਾਈਂ ਪਬਲਿਕ ਸਕੂਲ, ਲੁਧਿਆਣਾ | 400 |
| 15 ਤੋਂ 19 ਮਈ | ਸਰਕਾਰੀ ਸੀ. ਸੈ. ਸਕੂਲ, ਲਹਿਲ ਕਲਾਂ (ਲੁਧਿ:) | 500 |
| 15 ਤੋਂ 19 ਮਈ | ਗੁਰੂ ਨਾਨਕ ਅਕੈਡਮੀ | 200 |
| 15 ਤੋਂ 19 ਮਈ | ਪਿੰਡ ਭੁਟਾਲ, ਲੁਧਿਆਣਾ | 300 |
| 21 ਤੋਂ 25 ਮਈ | ਮੀਰੀ ਪੀਰੀ ਖਾਲਸਾ ਅਕੈਡਮੀ ਬਾਜਪੁਰ (UK) | 350 |
| 23 ਤੋਂ 27 ਜੂਨ | ਪਿੰਡ ਪਰਿੰਗੜੀ, ਰੂੜੇਆਸਲ, ਸੁਹਾਵਾ (ਤਰਨਤਾਰਨ) | 200 |
| 26 ਤੋਂ 29 ਜੂਨ | ਗੁਰਦੁਆਰਾ ਸਾਹਿਬ ਫੇਜ਼-1 ਦੁਗਰੀ (ਲੁਧਿ:) | 100 |



| ਮਿਤੀ | ਸਕੂਲ/ਸੰਸਥਾ/ਪਿੰਡ/ਗੁਰਦੁਆਰੇ ਦਾ ਨਾਂ | ਬੱਚਿਆਂ ਦੀ ਗਿਣਤੀ |
|---|---|---|
| 27 ਤੋਂ 30 ਮਈ | ਗੁਰਦੁਆਰਾ ਸਾਹਿਬ ਫੱਤੂਭੀਲਾ | 80 |
| 31 ਮਈ ਤੋਂ 5 ਜੂਨ | ਗੁਰਦੁਆਰਾ ਸਾਹਿਬ ਪਿੰਡ ਜੰਗਪੁਰਾ (ਚੰਡੀਗੜ੍ਹ) | 250 |
| 2 ਤੋਂ 9 ਜੂਨ | ਪਿੰਡ ਪਿਲਪਣੀ (ਰਾਜਪੁਰਾ) | 400 |
| 7 ਤੋਂ 11 ਜੂਨ | ਗੁਰਦੁਆਰਾ ਸਾਹਿਬ ਪਿੰਡ ਦੁਲਵਾਂ | 70 |
| 16 ਤੋਂ 20 ਜੂਨ | ਗੁਰਦੁਆਰਾ ਸਾਹਿਬ, ਪਿੰਡ ਚੱਕ ਕਲਾਂ | 200 |
| 2 ਤੋਂ 6 ਜੂਨ | ਗੁਰਮਤਿ ਪ੍ਰਚਾਰ ਕੇਂਦਰ ਖਨਾਲ ਕਲਾਂ (ਸੰਗਰੂਰ) | 70 |
| 3 ਤੋਂ 8 ਜੂਨ | ਪਿੰਡ ਦੁਗਾਲ (ਪਟਿਆਲਾ) | 63 |
| 8 ਤੋਂ 15 ਜੂਨ | ਪਿੰਡ ਮਹਿਲਾਂ ਚੌਂਕ (ਸੰਗਰੂਰ) | 70 |
| 9 ਤੋਂ 16 ਜੂਨ | ਪਿੰਡ ਗੋਬਿੰਦਗੜ੍ਹ ਜੇਜੀਆਂ (ਸੰਗਰੂਰ) | 150 |
| 11 ਤੋਂ 15 ਜੂਨ | ਪਿੰਡ ਤੂਰ ਬਨਜਾਰਾ (ਸੰਗਰੂਰ) | 150 |
| 16 ਤੋਂ 23 ਜੂਨ | ਪਿੰਡ ਕੈਂਪਰ (ਸੰਗਰੂਰ) | 20 |
| 17 ਤੋਂ 20 ਜੂਨ | ਪਿੰਡ ਰਤਨਗੜ੍ਹ ਸਿੰਧੜਾਂ (ਸੰਗਰੂਰ) | 25 |
| 20 ਤੋਂ 24 ਜੂਨ | ਪਿੰਡ ਮੁਨਸ਼ੀਵਾਲਾ (ਸੰਗਰੂਰ) | 20 |
| 14 ਤੋਂ 15 ਮਈ | SBS ਪਬਲਿਕ ਸਕੂਲ ਤਲਵੰਡੀ ਰਾਏ (ਲੁਧਿ:) | 200 |
| 10 ਜੂਨ 2024 | ਪਿੰਡ ਨਾਰੰਗਵਾਲ, ਲੁਧਿਆਣਾ | 25 |
| 22 ਜੂਨ 2024 | ਪਿੰਡ ਕਿਲਾ ਰਾਏਪੁਰ, ਲੁਧਿਆਣਾ | 35 |
| 5 ਮਈ ਤੋਂ 23 ਜੂਨ | ਗੁ: ਸਾਹਿਬ, ਉਮਰਟੀ, ਬੜਵਾਨੀ (ਮੱਧ ਪ੍ਰਦੇਸ਼) | 150 |
| 5 ਮਈ ਤੋਂ 23 ਜੂਨ | ਗੁ: ਸਾਹਿਬ, ਸ਼ਾਹਪੁਰਾ, ਬੜਵਾਨੀ (ਮੱਧ ਪ੍ਰਦੇਸ਼) | 25 |
| 5 ਮਈ ਤੋਂ 23 ਜੂਨ | ਗੁ: ਸਾਹਿਬ, ਖੁਰਮਾਬਾਦ ਬੜਵਾਨੀ (ਮੱਧ ਪ੍ਰਦੇਸ਼) | 16 |
| 5 ਮਈ ਤੋਂ 20 ਜੂਨ | ਗੁ: ਸਾਹਿਬ, ਰਤਲਾਮ (ਮੱਧ ਪ੍ਰਦੇਸ਼) | 31 |
| 5 ਮਈ ਤੋਂ 20 ਜੂਨ | ਗੁ: ਸਾਹਿਬ, ਖਕਨਾਰ, ਬੁਰਹਾਨਪੁਰ (ਮੱਧ ਪ੍ਰਦੇਸ਼) | 50 |
| 5 ਮਈ ਤੋਂ 15 ਜੂਨ | ਗੁ: ਸਾਹਿਬ, ਪੰਜਪੁਲਾ, ਸਿਲਾਵਟ (ਮੱਧ ਪ੍ਰਦੇਸ਼) | 40 |
| 5 ਮਈ ਤੋਂ 20 ਜੂਨ | ਪਿੰਡ ਪਾਂਗਰੀ, ਬੁਰਹਾਨਪੁਰ (ਮੱਧ ਪ੍ਰਦੇਸ਼) | 30 |
| 26 ਤੋਂ 30 ਜੂਨ | ਗੁ: ਗੁਰੂ ਸਿੰਘ ਸਭਾ, ਸਿੰਘਪੁਰਾ ਮੁਰਾਲੀਆ (ਜੰਮੂ) | 50 |
| 19 ਤੋਂ 25 ਜੂਨ | ਗੁਰਦੁਆਰਾ ਰੇਰੂ ਸਾਹਿਬ, ਲੁਹਾਰਾ (ਲੁਧਿਆਣਾ) | 150 |
| 18 ਤੋਂ 23 ਜੂਨ | ਗੁਰਮਤਿ ਗਿਆਨ ਮਿਸ਼ਨਰੀ ਕਾਲਜ (ਲੁਧਿਆਣਾ) | 250 |

# भाई तारू सिंघ जी शहीद

बीबी बृजिंदर कौर

भाई गुरदास जी के अनुसार शहीद वो है जिसमें संतोष है, भ्रम–भाव नहीं है :

साबरु सिदकि सहीदु भरम भउ खोवणा।।(वार ३:१८)

भारतीय इतिहास में शहादत की परंपरा का निश्चित एवं विकसित रूप सिक्ख लहर के साथ ही आरंभ होता है। चाहे यह संकल्प सामयिक है मगर भारत में शहादत की परंपरा को अमीर बनाने वाला सिक्ख धर्म ही है। शहीदों के इतिहास का आरंभ ही धर्म से होता है। इसमें कोई अतिकथनी नहीं कि सिक्ख इतिहास शहीदों का इतिहास है।


सिक्ख शहादत के संकल्प का पहला पक्ष गुरु शहीदों का है और दूसरा पक्ष सिक्ख शहीदों का। सिक्ख शहीद परंपरा का आरंभ श्री गुरु तेग बहादर साहिब के साथ शहीद हुए तीन सिक्खों–भाई मतीदास जी, भाई सतीदास जी और भाई दिआला जी की शहादतों के साथ होता है। इस परंपरा को चार साहिबजादों ने और गहरा रंग दिया। इसी शृंखला में भाई तारू सिंघ जी ने योगदान किया। भाई तारू सिंघ जी अठारहवीं सदी के इतिहास के शहीदों में से एक महान सिक्ख शहीद थे।

भाई तारू सिंघ जी जिला श्री अमृतसर के गांव पूहला के निवासी थे। उनके माता–पिता के नाम सम्बन्धी कोई जानकारी नहीं मिलती। खेतों में हल चला कर, मेहनत करके अन्न पैदा करना उन्होंने अपने जीवन–निर्वाह का साधन बनाया हुआ था।

"घालि खाइ किछु हथहु देह" के अनुसार भाई तारू सिंघ जी किरत (श्रम) द्वारा हुई कमाई को बांटकर छकते थे। भाई जी पंथ के सच्चे सेवक और पंथदर्दी थे। क्षेत्र के हिन्दू–मुसलमान भी उनके उच्च एवं शुद्ध चरित्र का सम्मान करते थे।

यह समय जकरिया खान के अत्याचारों की चरम सीमा का कहा जा सकता है। जंगलों में बसते सिक्खों को पकड़ना, खत्म करना उसके लिए मुश्किल हो गया था जिसके कारण हीनता को छुपाने के लिए शाही दबदबा निर्दोष सिक्खों पर पड़ना शुरू हुआ।

भाई तारू सिंघ जी का स्वभाव बांटकर खाने तथा जरूरतमंदों की सहायता करने वाला था। सिक्खी



आचरण के अनुसार वे आये–गये की मदद करते रहते थे। अतिथियों को परसादा–पानी छकाना वे अपना धन्य भाग्य समझते थे। बेघर हुए सिक्खों को जंगलों में लंगर पहुंचाने में उनके माता जी एवं बहन जी भी उनकी मदद किया करते थे। यह वह समय था जब मुगल सरकार की गलत नीतियों की विरोधता कर रहे सिक्खों की मदद करना जान जोख़िम में डालने के समान था। इसका ज़िक्र भाई रतन सिंघ (भंगू) ने इस प्रकार किया हैः

जो सिंघन को कोऊ बचावै।

सो निज आपणी जान गवावै।

आए सिंघ बतावै नाही। वै भी आपणी जान गवाई।

जो सिंघन को देवै नाज। मुसलमान करहि तिह काज।

भाई तारू सिंघ जी अपनी जान हथेली पर रखकर इस खतरे के साथ खेलते रहे, बेघर हुए सिंघों को गुप्त मार्ग द्वारा अन्न–पानी पहुंचा कर बेझिझक उनकी सेवा करते रहे। 'पंथ प्रकाश' कृत ज्ञानी गिआन सिंघ में इसका

ज़िक्र इस प्रकार आया है:

आप दूख भूख सैहैं, सिंघन को सूख देहै।
भूजे चणे चाबै आप, रोटी उनैं दाइ है।

(पृष्ठ ७४६)

इसी क्षेत्र में हरिभगत नामक निरंजनी महंत रहा करता था। वह जंडिआला निवासी हंदाल (१६३०–१७०५) संप्रदाय का था। हंदाल श्री गुरु अमरदास जी का सिक्ख था जो हर समय 'निरंजन–निरंजन' जपता रहता था। श्री गुरु अमरदास जी ने उसे प्रचारक नियुक्त करके २२ मंजियों में से एक मंजी भी उसे बख़्सी। इसका पुत्र बिधीचंद बड़ा कुकर्मी निकला। उसने श्री गुरु नानक देव जी की जन्म–साखी में मनमर्जी से परिवर्तन किया ताकि अपने अवगुणों को सिक्खी के अनुकूल सिद्ध कर सके। हरिभगत इसी संप्रदाय का महंत था जो सिंघों के विरुद्ध लाहौर के ज़ालिम हाकिमों को सहायता देता था। (डॉ. जसवंत सिंघ नेकी, अरदास, पृष्ठ १५४) यही हरिभगत भाई तारू सिंघ जी के नेक आचरण से चिढ़ता था। जकरिया खान ने हरिभगत से पूछा कि हम इन सिंघों को इतना खत्म करते हैं, इनके लिये व्यापार कोई नहीं रहने दिया, व्यापारी कोई छोड़ा नहीं, गुरुद्वारों में चढ़ावों पर पाबंदी लगा दी है, फिर भी ये सिंघ खत्म नहीं होते, अभी भी ज़िंदा हैं। इस स्थिति की नज़ाकत को पहचानते हुए हरिभगत ने भाई तारू सिंघ जी के विरुद्ध जकरिया खान के कान भरने शुरू किये कि भाई तारू सिंघ सिंघों को पनाह देता है, भोजन छकाता है। बिना किसी पड़ताल के भाई तारू सिंघ जी को गिरफ्तार करने के हुक्म जारी हो गये।

भाई तारू सिंघ जी को छुड़ाने के लिए यत्न किये गये लेकिन भाई तारू सिंघ जी ने कहा, चिंता मत करो क्योंकि उनका अटल विश्वास था कि कुर्बानी देकर ही शाही तख़्त को हिलाया जा सकता है।

भाई तारू सिंघ जी को केश कटवाकर इस्लाम कबूल करने के लिये कहा गया। तो उन्होंने उत्तर में कहा, मैं सिर कटवा सकता हूँ, मगर गुरु की मुहर और परमात्मा की दी हुई प्यारी व पवित्र दात 'केश' नहीं कटवा सकता। दुनिया भर की खुशीयाँ देने का वायदा किया गया मगर भाई तारू सिंघ जी किसी भी कीमत पर अपने केशों को शीश से अलग करने के लिये नहीं माने।

शाही फुरमान पाकर जल्लाद रंबी द्वारा भाई तारू सिंघ जी की खोपड़ी उतार रहा था और भाई जी जपु जी साहिब का पाठ कर रहे थे। सारा शरीर लहू–लुहान हो गया मगर आपके मुँह से उफ तक न निकली। 'श्री गुर पंथ प्रकाश' का कर्ता लिखता है:

पैनी थी रंबी करी, धर मत्थयों दई दबाइ।
मत्थे ते कंनां तई, गिचीओं दई पुटाइ।।२०।।
चौपई–
सिंघ जी मुख ते सी न करी,
धंन धंन गुरमुख कहणी सरी।
हकारो देख लोक बहु भरे,
जो सोअ सुनैं सु है है करे।।२१।। (पृष्ठ ३७१)

खोपड़ी उतारने के बाद भाई जी को खाई में फेंक दिया गया। भाई जी इस हालत में भी बाणी पढ़ते रहे।

इतिहासकार लिखते हैं कि जिस दिन उनकी खोपड़ी उतारी गई उसी दिन जकरिया खान का पेशाब बंद हो गया। उसकी हालत बहुत खराब हो गई। वह बिना पानी के मछली की भांति तड़पने लगा। भाई सुबेग सिंघ की मदद से जकरिया खान अपनी गलती की क्षमा मांगने के लिए भाई तारू सिंघ जी के पास पहुंचा। भाई तारू सिंघ जी ने कहा कि यह सब परमात्मा की लीला है।

जकरिया ख़ान की मृत्यु के बाद भाई जी बिना खोपड़ी की हालत में रहे और वाहिगुरु का नाम–सिमरन करते रहे। विद्वानों का विचार है कि वे ऐसी हालत में २२ दिन तक रहे, तत्पश्चात शहादत प्राप्त कर गये। इस सम्बंध में 'बंसावलीनामा' के कर्ता भाई केसर सिंघ (छिब्बर) ने इस प्रकार लिखा है:

इस सिख तारू सिंघ माझे दा, पकड़िआ आइआ लहौर।
सिरों उतारी खलड़ी, समेत केसां अखोड़।
सिख हेठ बैठा बद्धा जपु पढ़दा रहिआ।
सिर उपरों खलड़ी समेत केस लुहा लइआ।।५८।।
पहिले मुइआ नबाबु, पिच्छे तारू सिंघ चलिआ।।

(पृष्ठ २२४)

भाई तारू सिंघ जी की शहीदी ने सिक्खी सिदक का सम्बन्ध केशों के साथ और भी पक्की तरह से जोड़ दिया। केश हमारे धैर्य, हिम्मत, शानो–शौकत का चिन्ह बन गये। रंबी से खोपड़ी उतरवाने वाले सिक्ख (भाई तारू सिंघ जी) की यह धन्य कमाई सदा के लिए अमर हो गई। उनकी महान कुर्बानी को सिक्ख पंथ की रोज़ाना की अरदास द्वारा नमस्कार एवं सम्मान प्रदान किया जाता है।

–0–

# BHAGAT SADHNA JI

**Amrit Paul Bansal**

**Principal Teachings :**

The unison with Almighty God can be possible only by avoiding pride, status and ego. As long as one does not surrender unconditionally, nothing can happen.

Sadhna Ji was born in a Muslim family in the year 1180 A.D. at village Sehalwal (Hyderabad, Sind Pakistan). His father was a butcher, so he used to cut and sell meat for livelihood. Sadhna Ji was very religiously inclined since childhood but due to his family environment and other conditions, he had to adopt the profession of a butcher. A Sadhu (Saint) of high level of attainment, inspired him to recite the name of God.

There are so many stories common about his life. One of these was that Bhagat Sadhna Ji used to worship a piece of stone (Salagram) an idol and he would also use the stone for weighing the meat for his customers. Brahmins of that area got angry, when they saw this action of his. They complained to the kind that the stone (Thakur), which is a thing to worship, is being used by Sadhna Ji as a measuring weight for meat. One the other hand, Muslims complained that because Sadhna Ji is worshiping an idol (Thakur) being a Muslim, he is a Kafir (non-believer in his Islam religion). In order to calm down both sections of the society, the king called Sadhna Ji to his royal court. Sadhna Ji, very politely tried to satisfy the King, but he could not get justice from him. The King ordered him to be buried alive with a wall of bricks around him. Sadhna Ji was, thus due to be bricked alive in the new wall being constructed for the fort and which would kill him. The executioners began to fix Sadhna Ji in the wall. The true devotee Sadhna Ji began to request Almighty God from the bottom of his heart saying, "O God! A carpenter's son disguised himself as Vishnu Ji to marry a King's daughter. You sheltered him even through his motive was merely selfish gratification". "O God! if you say that I have committed too many sins by killing animals (being a butcher) in my life, then tell me, what benefit did I get by coming to your shelter. which merits of yours make you a World Master!, if my evils are not to be forgiven by you. Your single Graceful sight can wash the sins and bad deeds of infinite birth. "Alright! you tell me God! what is the use of coming to the shelter of Lion (God), if Jackals keep on chasing me?" "O My Master! A rain bird (Papiha) yearns and cries for a drop of rain. If that bird died without water, then what is the use of the ocean full of rain water after its death? "O God, I am about to breathe my last breath, how can I stay calm? Please be quick and help me. If a person drowns in the water and his body is put into a boat after his death, then what is the use of the boat for a dead person?" " O Lord, I am nothing, I have neither any shelter nor any support. Now, please protect me. I am your humble servant.

ਬਾਣੀ ਸਧਨੇ ਕੀ ਰਾਗੁ ਬਿਲਾਵਲੁ

The Word Of Sadhana, Raag Bilaaval:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥

For a king's daughter, a man disguised himself as Vishnu.

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥

He did it for sexual exploitation, and for selfish motives, but the Lord protected his honor. ||1||

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥

What is Your value, O Guru of the world, if You will not erase the karma of my past actions?

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ॥

Why seek safety from a lion, if one is to be eaten by a jackal? ||1||Pause|

ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥

For the sake of a single rain-drop, the rainbird suffers in pain.

ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥

When its breath of life is gone, even an ocean is of no use to it. ||2||

ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥

Now, my life has grown weary, and I shall not last much longer; how can I be patient?

ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥

If I drown and die, and then a boat comes along, tell me, how shall I climb aboard? ||3||

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥

I am nothing, I have nothing, and nothing belongs to me.

ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥

Now, protect my honor; Sadhana is you're humble servant. ||4||1||

(SGGS 858)

When Sadhna Ji requested to be saved with extreme humility and from the core of his heart, then Almighty God, the omnipresent and omnipotent protected and provided shelter to his true devotee. The wall fell down. Sadhna Ji was saved completely. The King forgave Bhagat Sadhna Ji after seeing the wonderful miracle of saving a pious and true devotee. Bhagat Sadhna Ji thanked Almighty God, broke all the worldly relations and went to he jungle for meditation.

Once on the way to be pilgrimage, he felt very hungry. He went to the village to beg for food. Bhagat Ji was a very handsome chubby young man. When he begged for food from a house, the lady of the house was attracted to him. She wanted to have illegitimate relations with him. She offered food to Sadhna Ji with great love and also showed the desire for a relationship with him. The lady did not understand the pious state of mind of Bhagat Ji. On the contrary, she thought that his young man was putting her off due to the reason that her husband was sleeping at home. The lady beheaded her husband under the influence of uncontrolled sexual desire and asked Bhagat Ji to gratify her sexual desire without any fear and worry. Bhagat Ji was very annoyed and upset to see the evil actions of the lady. He cursed her strongly and decided to leave, when his lady started to shout in order to draw attention. She started crying, charging Bhagat Ji for seducing, molesting and compelling her for sexual favers. She got him arrested under the pretext that Bhagat Ji had killed her husband because he wanted to have a relationship with her : All the people believed the woman and had Bhagat Ji arrested and tried in court. The king ordered to amputate the hands of Bhagat Sadhna Ji. Bhagat Ji bore the punishment and lost his hands. After some time, with the grace of God, the hands grew back again.

ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ॥

The Dear Lord protects His humble devotees; throughout the ages, He has protected them. (SGGS 768)

The Divine blessed him with new hands, which sprouted form his body.

It is recorded in few historical sources, that once, in evening, Sadhna was washing up and cleaning his shop before closing, a customer came and asked for leg of mutton. Sadhna replied that he is just closing the ship and will give leg in morning. Customer urged that he required it badly and said not to cut whole goat and just cut the leg of it and give to him. Pressed by the customer. Sadhna went near the goat with a hatchet. As be approached the goat, he felt as if the goat was laughing. This shocked Sadhna.

Then the goat guided him that O'Sadhna, in your worldly greed, to-day, you are going to open a new account of pain misery. We have been going through many thousands of cycle of births and deaths, but never before has any of us cut a limb off while the other was still alive and he is beginning a new level of cruelty. At this point, the hatchet fell out of Sadhna's hand and he turned to the customer to tell him of his helplessness. But there was no one there. A thought came to Sadhna's mind that it was the Lord Himself, who had come to reveal Himself to his devotee in the form of a customer. It is said that he left profession of butcher.

Bhagat Sadhna Ji saw so many miracles of Almighty God that he surrendered unconditionally to His will. He preached the truth of religion to the general public throughout his life. Sadhna Ji is considered to be a contemporary of Bhagat Naamdev Ji. Bhagat Ravidas Ji, who studied Bhagat Sadhna's hymn, admired him in this own hymns, as given below.

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥

Naam Dayv, Kabeer, Trilochan, Sadhana and Sain crossed over.

ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥

Says Ravi Daas, listen, O Saints, through the Dear Lord, all is accomplished. ||2||1|| (SGGS 1106)

Sikhs admire and follow the teachings of Bhagat Sadhna. In gurmat bani of all the Bhagats is treated at par and they are considered spiritual guides. Sikhs bow before Sri Guru Granth Sahib Ji, which include the reachings of many, who had the same thoughts and views about Almightily. Almighty himself spoke through his Bhagat's, revealing the holy hymn.

It is believed that Bhagat Sadhna Ji preached in Uttar Pradesh, Rajashtan and Punjab. He spent last day of his life at Sirhind preaching his philosophy and left for heavenly abode at Sirhind, where his Dehura called "Sadhnay di Maseet" (a memorial tomb) is established and preserved by Punjab Government. His followers are called "Sadhna Panthis". No doubt very few people go and bow to his Dehura but due to his position and bani enshrined in Sri Guru Granth Sahib Ji, he will continue to being respected as a Saint as long as the world exists.

As Bhai Gurdas Ji's Vaar 23, Pauri 15 States :

ਬੇਣੁ ਤਿਲੋਚਨ ਨਾਮਦੇਉ ਧੰਨਾ ਸਧਨਾ ਭਗਤ ਸਦਾਏ।

Beni, Trilochan, Namdev, Dhanna and Sadhna have all reached saint hood.

-0-

# ਹਾਰਟ ਅਟੈਕ ਦੇ ਕਾਰਨ ਅਤੇ ਬਚਾਅ

**ਡਾਕਟਰ ਅਜੀਤਪਾਲ ਸਿੰਘ ਐਮ ਡੀ (ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ 98156293101)**

ਸਾਡੇ ਸੱਭਿਆਚਾਰ ਅਤੇ ਸਾਸ਼ਤਰਾਂ ਵਿੱਚ ਸੁਖੀ ਜੀਵਨ ਨੂੰ ਪ੍ਰਮੁੱਖ ਸੁੱਖ ਮੰਨਿਆ ਗਿਆ ਹੈ ਪਰ ਆਧੁਨਿਕ ਜੀਵਨ ਸ਼ੈਲੀ ਨੇ ਸਾਡੀ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਮਾਨਸਿਕ ਤਣਾਅ, ਵਿਗੜਦਾ ਆਹਾਰ-ਵਿਹਾਰ, ਆਰਾਮ ਪ੍ਰਸਤੀ, ਤੰਬਾਕੂਨੋਸ਼ੀ, ਸ਼ਰਾਬ ਦੀ ਅੰਨੀ ਵਰਤੋਂ ਆਦਿ ਨੇ ਮਨੁੱਖ ਨੂੰ ਰੋਗਾਂ ਦਾ ਘਰ ਬਣਾ ਕੇ ਰੱਖ ਦਿੱਤਾ ਹੈ। ਦਿਲ ਦੇ ਵਧਦੇ ਰੋਗਾਂ ਨੂੰ ਅੱਜ ਕੱਲ ਦੇ ਜੀਵਨ ਸ਼ੈਲੀ ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ।

**ਦਿਲ ਅਤੇ ਦਿਲ ਦਾ ਰੋਗ :**

ਆਧੁਨਿਕ ਡਾਕਟਰੀ ਵਿਗਿਆਨ ਚ ਦਿਲ ਤੇ ਦਿਲ ਵੱਲੋਂ ਸਰੀਰ ਨੂੰ ਖੂਨ ਸਪਲਾਈ ਦੇ ਤਾਣੇਬਾਣੇ ਨੂੰ ਇੱਕ ਮੁੱਖ ਅੰਗ ਵਜੋਂ ਦਰਜ ਕੀਤਾ ਗਿਆ ਹੈ ਲ ਸਾਡੇ ਸਰੀਰ ਚ ਦਿਲ ਦੋਨੋਂ ਫੇਫੜਿਆਂ ਦੇ ਦਰਮਿਆਨ ਡਾਇਫਰਾਮ ਉੱਪਰ ਸਥਿਤ ਹੁੰਦਾ ਹੈ।

**ਕੀ ਹੈ ਦਿਲ ਦਾ ਦੌਰਾ ਜਾਂ ਹਾਰਟ ਅਟੈਕ :**

ਸਰੀਰ ਦੇ ਹਰੇਕ ਅੰਗ ਨੂੰ ਆਪਣੇ ਆਪਣੇ ਕੰਮ ਕਰਨ ਲਈ ਗੁਲੂਕੋਜ਼ ਤੇ ਆਕਸੀਜਨ ਦੀ ਲੋੜ ਹੁੰਦੀ ਹੈ। ਇਹ ਗੁਲੂਕੋਜ਼ ਤੇ ਆਕਸੀਜਨ ਅੰਗਾਂ ਨੂੰ ਖੂਨ ਦੇ ਮਾਧਿਅਮ ਨਾਲ ਹਾਸਲ ਹੁੰਦੀ ਰਹਿੰਦੀ ਹੈ ਤੇ ਇਸ ਤਰ੍ਹਾਂ ਸਰੀਰ ਦਾ ਕੋਈ ਵੀ ਅੰਗ ਨਿਰਵਿਘਨ ਆਪਣੀਆਂ ਜੈਵਿਕ ਕਿਰਿਆਵਾਂ ਨੂੰ ਪੂਰਾ ਕਰਦਾ ਰਹਿੰਦਾ ਹੈ ਲ ਪਰ ਜਦ ਕਿਸੇ ਕਾਰਨ ਕਿਸੇ ਅੰਗ ਵਿਸ਼ੇਸ਼ ਨੂੰ ਖੂਨ ਦੇ ਮਾਧਿਅਮ ਨਾਲ ਹਾਸਲ ਹੋਣ ਵਾਲੀ ਊਰਜਾ (ਗੁਲੂਕੋਜ਼ ਜਾਂ ਆਕਸੀਜਨ) ਦੀ ਸਪਲਾਈ 'ਚ ਆੜੀਕਾ ਲੱਗਣ ਲੱਗਦਾ ਹੈ ਤਾਂ ਉਹ ਅੰਗ ਰੋਗ ਦੀ ਮਾਰ ਹੇਠ ਆ ਜਾਂਦਾ ਹੈ। ਦਿਲ ਦੇ ਪ੍ਰਸੰਗ 'ਚ ਇਸ ਨੂੰ ਵਿਸਥਾਰ ਨਾਲ ਸਮਝਣ ਦੀ ਲੋੜ ਹੈ। ਵੈਸੇ ਤਾਂ ਸਰੀਰ ਦੇ ਸਾਰੇ ਅੰਗਾਂ ਨੂੰ ਖੂਨ ਪਹੁੰਚਾਉਣ ਦਾ ਕੰਮ ਦਿਲ ਦਾ ਹੀ ਹੈ ਪਰ ਖੁਦ ਦਿਲ ਨੂੰ ਖੂਨ ਦੀ ਸਪਲਾਈ ਕਾਰਨਰੀ ਧਮਣੀਆਂ ਰਾਹੀਂ ਹੁੰਦੀ ਹੈ। ਉਹ ਆਪਣੇ ਅੰਦਰ ਦੀਆਂ ਕੋਠੜੀਆਂ 'ਚ ਪਏ ਖੂਨ ਦੀ ਸਿੱਧੀ ਵਰਤੋਂ ਨਹੀਂ ਕਰ ਸਕਦਾ। ਜਦ ਇਹਨਾਂ ਕੋਰੋਨਰੀ ਧਮਣੀਆਂ ਚ ਕੋਈ ਅੜਿਕਾ ਆ ਜਾਂਦਾ ਹੈ ਤਾਂ ਦਿਲ ਦੇ ਪੱਠਿਆਂ ਨੂੰ ਖੂਨ ਦੀ ਸਪਲਾਈ ਕਰਨ 'ਚ ਕਮੀ ਜਾਂ ਘਾਟ ਹੋਣ ਲੱਗਦੀ ਹੈ ਤੇ ਆਕਸੀਜਨ ਦੀ ਘਾਟ ਕਰਕੇ ਉਸ ਨੂੰ ਹਰਜਾ ਪਹੁੰਚਦਾ ਹੈ। ਇਸੇ ਨੂੰ ਦਿਲ ਦਾ ਰੋਗ ਜਾਂ ਹਾਰਟ ਅਟੈਕ ਕਿਹਾ ਜਾਂਦਾ ਹੈ ਇਸ ਨੂੰ ਮਾਇਓਕਾਰਡਾਇਲ ਇਨਫਾਰਕਸ਼ਨ ਵੀ ਕਹਿੰਦੇ ਹਨ। ਇਹ ਇੱਕ ਐਮਰਜੈਂਸੀ ਵਾਲੀ ਹਾਲਤ ਹੁੰਦੀ ਹੈ। ਹਾਰਟ ਅਟੈਕ (ਦਿਲ ਦੇ ਦੌਰੇ) ਵਾਲੀ ਹਾਲਤ 'ਚ ਇਲਾਜ 'ਚ ਦੇਰੀ ਘਾਤਕ ਸਾਬਤ ਦੋ ਸਕਦੀ ਹੈ।

**ਹਾਰਟ ਅਟੈਕ (ਦਿਲ ਦੇ ਦੌਰੇ) ਦੇ ਕਾਰਣ:**

ਜਿਵੇਂ ਕਿ ਪਹਿਲਾਂ ਹੀ ਸਪਸ਼ੱਟ ਕੀਤਾ ਗਿਆ ਹੈ ਕਿ ਦਿਲ ਦੇ ਪੱਠਿਆਂ ਨੂੰ ਨਿਸ਼ਚਿਤ ਰੂਪ ਨਾਲ ਕੰਮ ਕਰਨ ਲਈ ਆਕਸੀਜਨ ਭਰਪੂਰ ਖੂਨ ਦੀ ਸਪਲਾਈ ਨਿਰਵਿਘਨ ਚਾਹੀਦੀ ਹੈ। ਜਦ ਇਸ ਬਲੱਡ ਸਪਲਾਈ 'ਚ ਕੋਈ ਅੜਿਕਾ ਲੱਗਦਾ ਹੈ ਤਾਂ ਖੂਨ ਦੀ ਘਾਟ ਜਾਂ ਉਸ ਦੀ ਕਮੀ ਕਰਕੇ ਦਿਲ ਦੇ ਪਠਿਆਂ ਨੂੰ ਨੁਕਸਾਨ ਪਹੁੰਚਦਾ ਹੈ। ਇਸ ਖੂਨ/ਆਕਸੀਜਨ ਦੀ ਪੂਰਤੀ 'ਚ ਕਈ ਕਾਰਨਾਂ ਕਰਕੇ ਅੜਿਕਾ ਲੱਗ ਸਕਦਾ ਹੈ ਜਿਵੇਂ ਕਿ

**ਕੋਰੋਨਰੀ ਧਮਨੀਆਂ ਦੇ ਰੋਗ :**

ਕਰੋਨਰੀ ਧਮਨੀਆਂ ਦਿਲ ਦੇ ਵੱਖ-ਵੱਖ ਹਿੱਸਿਆਂ ਨੂੰ ਖੂਨ ਦੀ ਸਪਲਾਈ ਕਰਦੀਆਂ ਹਨ। ਜਦ ਇਹਨਾਂ ਕੋਰੋਨਰੀ ਧਮਣੀਆਂ ਵਿੱਚ ਕਿਸੇ ਪ੍ਰਕਾਰ ਦਾ ਵਿਗਾੜ ਧਮਣੀਆਂ ਦਾ ਕਠੋਰ ਤੇ ਭੀੜਾ ਹੋਣਾ (ਐਥੀਰੋਸਕਲੀਰੋਸਿਸ), ਧਮਣੀ ਦੇ ਅੰਦਰ ਭੀੜਾਪਣ ਜਾਂ ਅਕੜਾਅ (ਸਪਾਜ਼ਮ) ਹੋਣਾ, ਥੱਕਾ (ਪਲੇਕ) ਜੰਮ ਜਾਣ ਨਾਲ ਦਿਲ ਦੀਆਂ ਮਾਸਪੇਸੀਆਂ ਜਾਂ ਪੱਠਿਆਂ ਨੂੰ ਖੂਨ ਦੀ ਸਪਲਾਈ 'ਚ ਅੜੀਕਾ ਲੱਗਦਾ ਹੈ। ਖੂਨ ਅਤੇ ਆਕਸੀਜਨ ਦੀ ਘਾਟ ਕਰਕੇ ਦਿਲ ਦੇ ਪੱਠਿਆਂ ਨੂੰ ਹਰਜਾ ਪਹੁੰਚਦਾ ਹੈ। ਇਸ ਹਾਲਤ ਨੂੰ ਹਾਰਟ ਅਟੈਕ ਜਾਂ ਮਾਇਓਕਾਰਡੀਅਲ ਇਨਫਾਰਕਸ਼ਨ ਕਿਹਾ ਜਾਂਦਾ ਹੈ।

**ਸ਼ੂਗਰ ਦੀ ਬਿਮਾਰੀ /ਡਾਇਬਟੀਜ :**

ਸ਼ੂਗਰ ਰੋਗ ਚ ਖੂਨ ਅੰਦਰ ਗੁਲੂਕੋਜ ਦਾ ਪੱਧਰ ਵਧਿਆ ਹੁੰਦਾ ਹੈ, ਜੋ ਸਿਰਫ ਦਿਲ ਦੇ ਨਹੀਂ ਸਗੋਂ ਪੂਰੇ ਸਰੀਰ ਦੇ ਸੈਲਾਂ ਨੂੰ ਨਕਰੋਸਿਸ ਦੇ ਮਾਧਿਅਮ ਰਾਹੀਂ ਨਸ਼ਟ ਕਰਦਾ ਰਹਿੰਦਾ ਹੈ। ਇਸ ਲਈ ਦਿਲ ਦੇ ਪੱਠਿਆਂ ਨੂੰ ਵਧੀ ਹੋਈ ਸ਼ੂਗਰ ਕਾਰਨ ਹਰਜਾ ਪੁੱਜਦਾ ਹੈ ਅਤੇ ਇਹ ਹਾਰਟ ਅਟੈਕ ਦਾ ਕਾਰਨ ਬਣਦਾ ਹੈ।

**ਹਾਈ ਬਲੱਡ ਪ੍ਰੈਸ਼ਰ :**

ਹਾਈ ਬਲੱਡ ਪ੍ਰੈਸ਼ਰ ਦੀ ਸਥਿਤੀ ਨਾਲ ਧਮਣੀਆਂ ਦੇ ਸਖ਼ਤ ਤੇ ਭੀੜੇ ਹੋਣ ਦਾ ਖਤਰਾ ਵੱਧ ਜਾਂਦਾ ਹੈ, ਖਾਸ ਕਰਕੇ ਕੋਰੋਨਰੀ ਧਮਣੀਆਂ ਵਿੱਚ, ਜਿਸ ਨਾਲ ਦਿਲ ਦੇ ਦੌਰੇ ਦਾ ਡਰ ਵਧ ਜਾਂਦਾ ਹੈ।

**ਲੱਛਣ :**

ਹਾਰਟ ਟੈਕ ਦੀ ਸ਼ੁਰੂਆਤ ਅਕਸਰ ਸੀਨ/ਛਾਤੀ ਦੇ ਹਲਕੇ/ਭਿਆਨਕ ਦਰਦ ਅਤੇ ਬੇਚੈਨੀ ਨਾਲ ਸ਼ੁਰੂ ਹੁੰਦੀ ਹੈ। ਇਹ ਦਰਦ ਰੋਗੀ ਨੂੰ ਕਿਸੇ ਵੀ ਹਾਲਤ ਭਾਵ ਆਰਾਮ ਜਾਂ ਸਰਗਰਮੀ ਦੋਨੋਂ ਹਾਲਾਤਾਂ ਵਿੱਚ ਹੋ ਸਕਦਾ ਹੈ। ਹਾਰਟ ਅਟੈਕ ਦੇ ਪਹਿਲੇ ਕੁਝ ਲੱਛਣਾਂ ਤੋਂ ਰੋਗ ਦਾ ਅੰਦਾਜਾ ਲਾਇਆ ਜਾ ਸਕਦਾ ਹੈ,ਜਿਵੇਂ ਛਾਤੀ ਚ ਦਬਾਅ, ਭਾਰੀਪਣ ਛਾਤੀ ਵਿਚਕਾਰ ਚੁਬਣ ਵਰਗੀ ਪੀੜਾ ਆਦਿ। ਇਹਨਾਂ ਲੱਛਣਾਂ ਨੂੰ ਅਸੀਂ ਹਾਰਟ ਅਟੈਕ ਦੀ ਚੇਤਾਵਨੀ ਵੀ ਕਹਿ ਸਕਦੇ ਹਾਂ ਲ ਹੌਲੀ ਹੌਲੀ ਸਥਿਤੀ ਹੋਰ ਵੱਧ ਗੰਭੀਰ ਹੋ ਜਾਂਦੀ ਹੈ ਅਤੇ ਲੱਛਣ ਹੋਰ ਵੱਧ ਹਮਲਾਵਰ ਹੋ ਜਾਂਦੇ ਹਨ ਲ ਰੋਗ ਦੀ ਪੂਰੀ ਹਾਲਤ ਚ ਸੀਨੇ/ਛਾਤੀ ਚ ਹੋਣ ਵਾਲਾ ਦਰਦ ਸਰੀਰ ਦੇ ਉੱਪਰਲੇ ਹੋਰ ਭਾਗਾਂ ਜਿਵੇਂ ਇੱਕ ਜਾਂ ਦੋਨੋਂ ਬਾਹਵਾਂ, ਮੋਢਿਆਂ 'ਚ ਪਿੱਠ, ਗਰਦਨ, ਦੰਦਾਂ ਤੇ ਜਬਾੜਿਆਂ ਵਿੱਚ/ਤੱਕ ਮਹਿਸੂਸ ਹੋ ਸਕਦਾ ਹੈ ਲ ਇਸ ਤੋਂ ਇਲਾਵਾ ਸਾਹ ਫੁੱਲਣਾ, ਦਿਲ ਦੀ ਧੜਕਣ ਦਾ ਅਨਿਯਮ ਹੋਣਾ ਜਾਂ ਵਧਣਾ, ਠੰਡੀਆਂ ਤਰੇਲੀਆਂ ਆਉਣੀਆਂ, ਜੀ ਕੱਚਾ ਹੋਣਾ ਜਾ ਉਲਟੀ ਆਉਣੀ, ਥਕਾਵਟਾਂ ਲੱਛਣ ਵੀ ਹੁੰਦੇ ਹਨ ਲ

ਹਾਰਟ ਅਟੈਕ ਚ ਲੱਛਣਾਂ ਦੀ ਤਬਰਤਾ ਰੋਗੀ ਦੀ ਉਮਰ, ਲਿੰਗ, ਰੋਗ ਦੇ ਪੜਾਅ ਤੇ ਨਿਰਭਰ ਕਰਦੀ ਹੈ। ਪਰ ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਜਰੂਰੀ ਹੈ ਕਿ ਹਾਰਟ ਅਟੈਕ ਦਾ ਲੱਛਣਾ ਚ ਹਰੇਕ ਰੋਗੀ ਚ ਭਿੰਨਤਾ ਹੋ ਸਕਦੀ ਹੈ ਅਰਥਾਤ ਅਜਿਹਾ ਨਹੀਂ ਕਿ ਸਾਰੇ ਦਿਲ ਦੇ ਦੌਰੇ ਹਾਰਟ ਅਟੈਕ ਅਕਸਰ ਛਾਤੀ ਚ ਦਰਦ ਨਾਲ ਹੀ ਸ਼ੁਰੂ ਹੋਣ ਲ ਕਈ ਵਾਰੀ ਹਾਰਟ ਅਟੈਕ ਚ ਕੋਈ ਵੀ ਲੱਛਣ ਨਹੀਂ ਮਿਲਦਾ ਖਾਸ ਕਰਕੇ ਸ਼ੂਗਰ ਰੋਗੀਆਂ ਵਿੱਚ ਇਲਾਜ ਇਸ ਤਰ੍ਹਾਂ ਦੀ ਹਾਲਤ ਵਿਚ ਰੋਗੀ ਨੂੰ ਤੁਰੰਤ ਐਮਰਜੈਂਸੀ ਇਲਾਜ ਲਈ ਭਰਤੀ ਕੀਤਾ ਜਾਂਦਾ ਹੈ। ਈਸੀਜੀ ਅਤੇ ਈਕੋ ਕਾਰਡੀਓਗ੍ਰਾਫੀ ਕਰ ਲਈ ਜਾਂਦੀ ਹੈ। ਸਿੰਗਲ ਜਾਂ ਡਬਲ ਵੈਸਲ ਬਲਾਕ ਦਾ ਪਤਾ ਲੱਗ ਜਾਣ ਪਿੱਛੋਂ ਐਨਜੀਓਪਲਾਸਟੀ ਕੀਤੀ ਜਾਂਦੀ ਹੈ, ਜਿਸ ਨਾਲ ਰੁਕੀ ਹੋਈ ਖੂਨ ਦੀ ਸਪਲਾਈ ਮੁੜ ਚਾਲੂ ਹੋ ਜਾਂਦੀ ਹੈ।

ਹਾਰਟ ਅਟੈਕ ਤੋਂ ਬਚਣ ਦੇ ਉਪਾਅ ਕਿਹੜੇ ਹਨ ?


**ਇਲਾਜ ਨਾਲੋਂ ਪਰਹੇਜ ਅੱਛਾ ਹੈ ਇਸ ਕਥਨ ਅਨੁਸਾਰ**

– ਤਮਾਕੂਨੋਸ਼ੀ ਨਾ ਕਰੋ ਕਿਉਂਕਿ ਫੇਫੜਿਆਂ ਦੀ ਰੋਗ ਨਾਲ ਦਿਲ ਦਾ ਰੋਗ ਵਧ ਜਾਂਦਾ ਹੈ।

# ਡਰ ਇੱਕ ਮਾਨਸਿਕ ਰੋਗ

**ਡਾ. ਅਮਨਦੀਪ ਸਿੰਘ 98883-98775**

ਡਰ ਇੱਕ ਤਰ੍ਹਾਂ ਦੀ ਤਕਲੀਫ਼ ਹੈ, ਜਿਸ ਦਾ ਸਰੀਰ ਉੱਪਰ ਅਸਿੱਧੇ ਤੌਰ 'ਤੇ ਅਸਰ ਹੁੰਦਾ ਹੈ। ਇਹ ਇੱਕ ਭਾਵਨਾਤਮਕ ਚਿੰਨ੍ਹ ਹੈ, ਜੋ ਹਰ ਮਨੁੱਖ ਤੇ ਹਰ ਵਰਗ ਨੂੰ ਕਿਸੇ ਵੀ ਉਮਰ ਵਿੱਚ ਹੁੰਦਾ ਹੈ। ਦੁਨੀਆਂ 'ਤੇ ਕੋਈ ਵੀ ਅਜਿਹਾ ਮਨੁੱਖ ਨਹੀਂ ਜੋ ਡਰ ਨਾਲ ਪ੍ਰਭਾਵਿਤ ਨਾ ਹੋਵੇ। ਡਰ ਮੌਜੂਦਾ ਸਥਿਤੀ ਅਤੇ ਭਵਿੱਖ ਦੋਹਾਂ ਲਈ ਹੋ ਸਕਦਾ ਹੈ। ਆਮ ਤੌਰ 'ਤੇ ਡਰ ਕੋਈ ਬਿਮਾਰੀ ਨਹੀਂ ਹੈ। ਇਹ ਕੁਦਰਤੀ ਤੌਰ 'ਤੇ ਵਾਪਰਨ ਵਾਲੀ ਭਾਵਨਾਤਮਕ ਚੀਜ਼ ਹੈ। ਪਰ ਡਰ ਉਦੋਂ ਇੱਕ ਬਿਮਾਰੀ ਦਾ ਰੂਪ ਲੈ ਲੈਂਦਾ ਹੈ ਜਦੋਂ ਇਹ ਹੱਦ ਤੋਂ ਜ਼ਿਆਦਾ ਵਧ ਜਾਵੇ ਤੇ ਮਨੁੱਖ ਆਮ ਹੋਣ ਵਾਲੀਆਂ ਘਟਨਾ ਤੋਂ ਬਿਨਾਂ ਵਜ੍ਹਾ ਡਰੀ ਜਾਵੇ। ਡਰ ਨੂੰ ਅਸੀਂ ਦੋ ਕਿਸਮਾਂ ਵਿੱਚ ਵੰਡ ਸਕਦੇ ਹਾਂ, ਇੱਕ ਉਹ ਡਰ ਜਿਨ੍ਹਾਂ ਬਾਰੇ ਮਨੁੱਖ ਨੂੰ ਕਾਰਨ ਦਾ ਪਤਾ ਹੋਵੇ, ਦੂਜਾ ਉਹ ਜਿਸ ਬਾਰੇ ਮਨੁੱਖ ਨੂੰ ਕਾਰਨ ਦਾ ਪਤਾ ਨਾ ਹੋਵੇ ਅਤੇ ਉਹ ਸਿਰਫ਼ ਅੰਦਾਜ਼ੇ ਲਗਾਉਂਦਾ ਹੈ। ਡਰ ਮਨੁੱਖ ਅਤੇ ਪਸ਼ੂਆਂ ਦੋਵਾਂ ਵਿੱਚ ਹੁੰਦਾ ਹੈ। ਡਰ ਮਨੁੱਖ ਨੂੰ ਬਹੁਤ ਜਲਦੀ ਪ੍ਰਭਾਵਿਤ ਵੀ ਕਰਦਾ ਹੈ, ਉਦਾਹਰਣ ਦੇ ਤੌਰ 'ਤੇ ਕਿਸੇ ਮਨੁੱਖ ਨੇ ਸੱਪ ਵੇਖ ਲਿਆ ਤਾਂ ਇਹ ਉਸ ਦੇ ਸ਼ਰੀਰ 'ਤੇ ਇੱਕਦਮ ਅਸਰ ਦਿਖਾਉਂਦਾ ਹੈ। ਮਨੁੱਖ ਨੂੰ ਜ਼ਿਆਦਾ ਪਸੀਨਾ ਆਉਣਾ, ਧੜਕਣ ਵਧਣਾ ਜਾਂ ਸਾਹ ਤੇਜ਼ ਹੋਣਾ ਡਰ ਦੇ ਹੀ ਸ਼ਰੀਰਕ ਚਿੰਨ੍ਹ ਹਨ। ਮਨੁੱਖ ਦਾ ਮਨ ਅਤੇ ਸ਼ਰੀਰ ਇੱਕੋ ਹੀ ਸਿੱਕੇ ਦੇ ਦੋ ਪਹਿਲੂ ਹਨ ਜੋ ਮਨ ਵਿੱਚ ਵਾਪਰਦਾ ਹੈ ਉਸ ਦਾ ਅਸਰ ਸ਼ਰੀਰ 'ਤੇ ਵੀ ਦਿਖਦਾ ਹੈ। ਕਈ ਵਾਰ ਬਚਪਨ ਵਿੱਚ ਡਰ ਵਾਲੀ ਘਟਨਾ ਵਾਪਰ ਜਾਂਦੀ ਹੈ ਜਿਸ ਦਾ ਅਸਰ ਮਨੁੱਖ ਦੇ ਮਨ ਤੋਂ ਸਾਰੀ ਜ਼ਿੰਦਗੀ ਨਹੀਂ ਜਾਂਦਾ ਅਤੇ ਉਸ ਦੇ ਅਚੇਤਨ ਮਨ ਵਿੱਚ ਇਹ ਡਰ ਬੈਠ ਜਾਂਦਾ ਹੈ। ਅਜਿਹਾ ਭਿਆਨਕ ਡਰ ਮਨੁੱਖ ਨੂੰ ਸਾਰੀ ਉਮਰ ਬਿਮਾਰ ਕਰਦਾ ਰਹਿੰਦਾ ਹੈ। ਡਰ ਦੀਆਂ ਕਿਸਮਾਂ ਮਨੁੱਖੀ ਜੀਵਨ ਦੇ ਦੌਰ ਮੁਤਾਬਿਕ ਅਲੱਗ ਅਲੱਗ ਹੋ ਸਕਦੀਆਂ ਹਨ। ਬੱਚਿਆਂ ਵਿੱਚ ਜ਼ਿਆਦਾ ਡਰ ਭੂਤਾਂ-ਪ੍ਰੇਤਾਂ ਅਤੇ ਟੀਕਾ ਲੱਗਣ ਦੇ ਡਰ ਪਾਏ ਜਾਂਦੇ ਹਨ। ਭੂਤ-ਪ੍ਰੇਤ ਵੀ ਇੱਕ ਮਾਨਸਿਕ ਅਵਸਥਾ ਹੀ ਹਨ, ਪ੍ਰਤੱਖ ਰੂਪ ਵਿੱਚ ਅਜਿਹਾ ਕੁਝ ਨਹੀਂ ਹੁੰਦਾ। ਪਰ ਇਨ੍ਹਾਂ ਨਾਲ ਸਬੰਧਿਤ ਡਰ ਬੱਚਿਆਂ ਦੀ ਸਿਹਤ 'ਤੇ ਬਹੁਤ ਪ੍ਰਭਾਵ ਪਾ ਦਿੰਦੇ ਹਨ, ਕਈ ਵਾਰ ਅਜਿਹੇ ਡਰ ਬੱਚੇ ਨੂੰ ਲੰਮੇ ਸਮੇਂ ਜਾਂ ਪੂਰੀ ਜ਼ਿੰਦਗੀ ਲਈ ਪ੍ਰਭਾਵਿਤ ਕਰ ਦਿੰਦੇ ਹਨ। ਕੁਝ ਬੱਚਿਆਂ ਵਿੱਚ ਭੂਤ-ਪ੍ਰੇਤ ਦੇ ਡਰ ਦਾ ਪ੍ਰਭਾਵ ਇੰਨਾ ਵਧ ਜਾਂਦਾ ਹੈ ਕਿ ਉਹ ਮਹਿਸੂਸ ਕਰਨ ਲੱਗ ਜਾਂਦੇ ਹਨ ਕਿ ਉਸ ਦੇ ਪਿੱਛੇ ਕੋਈ ਚੱਲ ਰਿਹਾ ਹੈ। ਇਹ ਇੱਕ ਤਰ੍ਹਾਂ ਦਾ ਮਾਨਸਿਕ ਰੋਗ ਹੈ, ਜੋ ਡਰ ਨਾਲ ਸਬੰਧਿਤ ਹੈ।




ਕੇਵਲ ਬੱਚੇ ਹੀ ਨਹੀਂ ਵੱਡੇ ਵੀ ਡਰ ਦਾ ਸ਼ਿਕਾਰ ਹੁੰਦੇ ਹਨ। ਵੱਡਿਆਂ ਵਿੱਚ ਹਨੇਰੇ ਦੇ ਡਰ ਤੋਂ ਇਲਾਵਾ ਬਿਮਾਰੀ ਦਾ ਡਰ, ਪੈਸੇ ਦਾ ਡਰ, ਗ਼ਰੀਬੀ ਦਾ ਡਰ ਜਾਂ ਕੁਝ ਮਾੜਾ ਵਾਪਰਨ ਦਾ ਡਰ ਆਦਿ ਜ਼ਿਆਦਾ ਪਾਏ ਜਾਂਦੇ ਹਨ। ਕਈ ਵਾਰ ਡਰ ਇੰਨਾ ਜ਼ਿਆਦਾ ਵਧ ਜਾਂਦਾ ਹੈ ਕਿ ਮਨੁੱਖ ਇਹ ਮਹਿਸੂਸ ਕਰਨ ਲੱਗ ਜਾਂਦਾ ਹੈ ਕਿ ਮੈਨੂੰ ਫਲਾਣੀ ਲਾ-ਇਲਾਜ ਬਿਮਾਰੀ ਹੋ ਗਈ ਹੈ, ਜਿਸ ਦਾ ਕੋਈ ਵੀ ਆਧਾਰ ਨਹੀਂ ਹੁੰਦਾ ਤੇ ਉਹ ਇਸ ਡਰ ਨਾਲ ਸਰੀਰਕ ਤੌਰ 'ਤੇ ਸਵਾਸਥ ਨਹੀਂ ਰਹਿੰਦਾ। ਕਈ ਮਨੁੱਖ ਗੰਦਗੀ ਤੋਂ ਬਹੁਤ ਡਰਦੇ ਹਨ। ਉਹ ਥੋੜ੍ਹੀ ਜਿਹੀ ਗੰਦਗੀ ਵੀ ਬਰਦਾਸ਼ਤ ਨਹੀਂ ਕਰਦੇ। ਮਨੁੱਖ ਨੂੰ ਆਪਣਾ ਮਨ ਆਪਣੇ ਆਲੇ-ਦੁਆਲੇ ਦੇ ਅਨੁਸਾਰ ਢਾਲਣਾ ਪੈਂਦਾ ਹੈ, ਕਈ ਮਨੁੱਖ ਇਸ ਤਰ੍ਹਾਂ ਨਹੀਂ ਕਰ ਪਾਉਂਦੇ ਅਤੇ ਉਹ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਮਨੁੱਖ ਖ਼ੁਦ ਤਾਂ ਪ੍ਰੇਸ਼ਾਨ ਹੁੰਦੇ ਹਨ ਨਾਲ ਹੀ ਦੂਜਿਆਂ ਨੂੰ ਵੀ ਕਰਦੇ ਹਨ। ਕਈ ਮਨੁੱਖਾਂ ਵਿੱਚ ਭਵਿੱਖ ਵਿੱਚ ਕੁਝ ਮਾੜਾ ਹੋਣ ਦਾ ਡਰ ਹੁੰਦਾ ਹੈ। ਆਉਣ ਵਾਲੇ ਸਮੇਂ ਬਾਰੇ ਯੋਜਨਾ ਮੁਤਾਬਿਕ ਚੱਲਣਾ ਇੱਕ ਚੰਗੀ ਗੱਲ ਹੈ ਪਰ ਉਨ੍ਹਾਂ ਗੱਲਾਂ ਦਾ ਡਰ, ਜੋ ਕਦੇ ਵਾਪਰਨੀਆਂ ਹੀ ਨਹੀਂ, ਇੱਕ ਮਾਨਸਿਕ ਰੋਗ ਹੈ। ਕੋਈ ਵੀ ਡਰ ਜੋ ਜ਼ਰੂਰਤ ਤੋਂ ਬਹੁਤ ਜ਼ਿਆਦਾ ਹੋਵੇ, ਸਰੀਰ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਬਜ਼ੁਰਗਾਂ ਵਿੱਚ ਮੌਤ ਦਾ ਡਰ ਜ਼ਿਆਦਾ ਪਾਇਆ ਜਾਂਦਾ ਹੈ। ਉਹ ਇੱਕ ਛੋਟੀ ਜਿਹੀ ਬਿਮਾਰੀ ਨੂੰ ਬਹੁਤ ਵੱਡਾ ਮੰਨ ਲੈਂਦੇ ਹਨ ਤੇ ਮੌਤ ਦੇ ਡਰ ਨੂੰ ਆਪਣੇ ਆਪ 'ਤੇ ਭਾਰੂ ਕਰ ਲੈਂਦੇ ਹਨ।

ਲੋੜ ਡਰ ਨੂੰ ਸਮਝਣ ਦੀ ਹੈ। ਡਰ ਇੱਕ ਅਜਿਹੀ ਬਿਮਾਰੀ ਹੈ ਜਿਸ ਦਾ ਇਲਾਜ ਹੋ ਸਕਦਾ ਹੈ। ਡਰ ਭਾਵੇਂ ਕਿਸੇ ਵੀ ਕਿਸਮ ਜਾਂ ਕਿੰਨੇ ਹੀ ਕਿਉਂ ਨਾ ਹੋਣ ਜੇ ਠੀਕ ਇਲਾਜ ਮਿਲ ਜਾਵੇ ਤਾਂ ਇਸ ਤੋਂ ਪੂਰੀ ਤਰ੍ਹਾਂ ਮੁਕਤ ਹੋਇਆ ਜਾ ਸਕਦਾ ਹੈ। ਹੋਮਿਓਪੈਥਿਕ ਸਾਇੰਸ ਵਿੱਚ ਇਸ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਇਲਾਜ ਸੰਭਵ ਹੈ। ਹੋਮਿਓਪੈਥੀ ਦੀ ਠੀਕ ਵਰਤੋਂ ਮਨੁੱਖ ਨੂੰ ਸਾਰੇ ਡਰਾਂ ਤੋਂ ਮੁਕਤ ਕਰਕੇ ਇੱਕ ਤੰਦਰੁਸਤ ਜੀਵਨ ਪ੍ਰਦਾਨ ਕਰਦੀ ਹੈ।

-0-

---

➡ - ਨਿਯਮਤ ਤੌਰ ਤੇ ਸੁਬਹਾ ਸ਼ਾਮ ਦੀ ਸੈਰ ਕਰੋ।

- ਸ਼ਰਾਬ ਨਾਲ ਪੀਓ।

- ਸ਼ੂਗਰ ਦੀ ਬਿਮਾਰੀ ਹੋਵੇ ਤਾਂ ਉਸਦੀ ਜਾਂਚ ਕਰਾ ਕੇ ਇਲਾਜ ਕਰਾਓ - ਹਾਈ ਬਲੱਡ ਪ੍ਰੈਸ਼ਰ 'ਚ ਨਮਕ ਦੀ ਵਰਤੋਂ ਘੱਟ ਕਰੋ।

- ਖ਼ੂਨ ਵਿੱਚ ਕੋਲੈਸਟਰੋਲ ਵੱਧ ਹੋਵੇ ਤਾਂ ਇਸ ਲਈ ਕੋਲੈਸਟਰੋਲ ਫਰੀ ਖੁਰਾਕ ਹੀ ਖਾਓ।

- ਭੋਜਨ ਪਿੱਛੋਂ ਤ੍ਰਿਫਲਾ ਚੂਰਨ ਖਾਣ ਨਾਲ ਵਸਾ ਤੇ ਤੇਲ ਘੱਟ ਜ਼ਜਬ ਹੁੰਦਾ ਹੈ ਅਤੇ ਵਸਾ ਦੀ ਮਾਤਰਾ ਕੰਟਰੋਲ ਕੀਤੀ ਜਾ ਸਕਦੀ ਹੈ।

- ਖਾਣਾ ਫਾਲਤੂ ਨਾ ਖਾਓ।

- ਖਾਣਾ ਖਾ ਕੇ ਤੁਰੰਤ ਲੇਟੋ ਨਾ ਜਾਂ ਸੌਂ ਨਾ ਜਾਓ ਨਹੀਂ ਤਾਂ ਇਸ ਨਾਲ ਦਿਲ ਤੇ ਦਬਾਅ ਪੈਂਦਾ ਹੈ ਤੇ ਉਸਦੀ ਕਾਰਜ ਸਮਰੱਥਾ ਪ੍ਰਭਾਵਿਤ ਹੁੰਦੀ ਹੈ -ਵੱਧ ਫੈਟੀ ਤੇ ਤੇਲ ਭਰਪੂਰ ਖਾਣਾ ਨਾ ਵਰਤੋ।

- ਮੋਟਾਪੇ ਅਤੇ ਕਬਜ ਤੋਂ ਬਚਾਣਾ ਚਾਹੀਦਾ ਹੈ।

-0-

# ਕਿਵੇਂ ਕੀਤੀ ਜਾਵੇ ਹਦਵਾਣੇ ਦੀ ਖੇਤੀ?

ਹਦਵਾਣਾ ਸਾਡੇ ਦੇਸ਼ ਵਿਚ ਇਕ ਬਹੁਤ ਮਸ਼ਹੂਰ ਫਲ ਹੈ। ਗਰਮੀਆਂ ਵਿਚ ਹਦਵਾਣੇ ਦੀ ਵਰਤੋਂ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ ਜਿਵੇਂ ਫਰੂਟ ਚਾਟ, ਜੂਸ, ਸ਼ਰਬਤ ਆਦਿ। ਹਦਵਾਣੇ ਦੇ ਪੌਸ਼ਟਿਕ ਅਤੇ ਸਿਹਤ ਲਾਭ ਵੀ ਬਹੁਤ ਹਨ।



ਇਸ ਦੀ ਕਾਸ਼ਤ ਆਰਥਕ ਤੌਰ ’ਤੇ ਫ਼ਾਇਦੇਮੰਦ ਮੰਨੀ ਜਾਂਦੀ ਹੈ। ਇਹ ਇਕ ਸ਼ਾਨਦਾਰ ਅਤੇ ਤਾਜ਼ਗੀ ਦੇਣ ਵਾਲਾ ਫਲ ਹੈ। ਹਰ 100 ਗ੍ਰਾਮ ਹਦਵਾਣੇ ਵਿਚ 95.8 ਗ੍ਰਾਮ ਪਾਣੀ ਹੁੰਦਾ ਹੈ। ਇਸੇ ਲਈ ਗਰਮੀਆਂ ਵਿਚ ਹਦਵਾਣੇ ਦਾ ਸੇਵਨ ਧੁੱਪ ਕਾਰਨ ਹੋਣ ਵਾਲੀ ਡੀਹਾਈਡ੍ਰੇਸ਼ਨ ਤੋਂ ਬਚਾਉਂਦਾ ਹੈ ਅਤੇ ਸਰੀਰ ਨੂੰ ਤਰੋਤਾਜ਼ਾ ਰਖਦਾ ਹੈ। ਅੱਜ ਅਸੀ ਤੁਹਾਨੂੰ ਹਦਵਾਣੇ ਦੀ ਖੇਤੀ ਬਾਰੇ ਦਸਾਂਗੇ ਜਿਸ ਨਾਲ ਕਿਸਾਨ ਵੱਧ ਮੁਨਾਫ਼ਾ ਕਮਾ ਸਕਦੇ ਹਨ।

ਤਰਬੂਜ਼ ਦੀਆਂ ਪ੍ਰਮੁੱਖ ਕਿਸਮਾਂ ਅਤੇ ਹਾਈਬ੍ਰਿਡਾਂ ਵਿਚ, ਸ਼ੂਗਰ ਬੇਬੀ, ਅਰਕਾ ਮਾਨਿਕ ਅਤੇ ਅਰਕਾ ਜੋਤੀ ਪ੍ਰਮੁੱਖ ਮੰਨੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਬਹੁਕੌਮੀ ਬੀਜ ਕੰਪਨੀਆਂ ਦੇ ਬੀਜ ਕਿਸਾਨਾਂ ਵਿਚ ਹਰਮਨ ਪਿਆਰੇ ਹਨ। ਬਿਜਾਈ ਲਈ ਢੁਕਵੀਆਂ ਕਿਸਮਾਂ ਦੀ ਚੋਣ ਬਾਜ਼ਾਰ ਦੀ ਮੰਗ, ਉਤਪਾਦਨ ਸਮਰੱਥਾ ਅਤੇ ਜੈਵਿਕ ਜਾਂ ਗ਼ੈਰ-ਜੈਵਿਕ ਹਮਲੇ ਦੇ ਵਿਰੋਧ ’ਤੇ ਨਿਰਭਰ ਕਰਦੀ ਹੈ। ਦਰਮਿਆਨੀ ਕਾਲੀ, ਰੇਤਲੀ ਦੋਮਟ ਮਿੱਟੀ, ਜਿਸ ਵਿਚ ਭਰਪੂਰ ਜੈਵਿਕ ਪਦਾਰਥ ਅਤੇ ਸਹੀ ਪਾਣੀ ਦੀ ਸਮਰੱਥਾ ਹੁੰਦੀ ਹੈ, ਹਦਵਾਣੇ ਦੀ ਸਫ਼ਲ ਕਾਸ਼ਤ ਲਈ ਢੁਕਵੀਂ ਮੰਨੀ ਜਾਂਦੀ ਹੈ। ਇਸ ਦੀ ਕਾਸ਼ਤ ਲਈ ਨਿਰਪੱਖ ਮਿੱਟੀ (6.5-7 ਦੇ 8 ਮੁੱਲ ਦੇ ਨਾਲ) ਨੂੰ ਬਿਹਤਰ ਮੰਨਿਆ ਜਾਂਦਾ ਹੈ। ਮਿੱਟੀ ਵਿਚ ਘੁਲਣਸ਼ੀਲ ਕਾਰਬੋਨੇਟ ਅਤੇ ਬਾਈਕਾਰਬੋਨੇਟ ਅਲਕਲਿਸ ਢੁਕਵੇਂ ਨਹੀਂ ਹੋ ਸਕਦੇ।

ਨਦੀਆਂ ਦੇ ਕੰਢਿਆਂ ਦੀ ਰੇਤਲੀ ਦੋਮਟ ਮਿੱਟੀ ਚੰਗੀ ਮੰਨੀ ਜਾਂਦੀ ਹੈ। ਹਦਵਾਣੇ ਦੇ ਫਲ ਨੂੰ ਮਿੱਠਾ ਬਣਾਉਣ ਲਈ ਗਰਮੀਆਂ ਦਾ ਮੌਸਮ ਢੁਕਵਾਂ ਮੰਨਿਆ ਜਾ ਸਕਦਾ ਹੈ। ਸਾਉਣੀ ਦੇ ਮੌਸਮ ਵਿਚ ਹਦਵਾਣੇ ਦੀ ਬਿਜਾਈ ਜਨਵਰੀ-ਫ਼ਰਵਰੀ ਵਿਚ ਕੀਤੀ ਜਾ ਸਕਦੀ ਹੈ, ਇਸ ਦੀ ਬਿਜਾਈ ਜੂਨ-ਜੁਲਾਈ ਵਿਚ ਕੀਤੀ ਜਾ ਸਕਦੀ ਹੈ। ਹਦਵਾਣੇ ਦੀ ਫ਼ਸਲ ਲਈ ਗਰਮ ਅਤੇ ਖ਼ੁਸ਼ਕ ਜਲਵਾਯੂ ਨੂੰ ਅਨੁਕੂਲ ਮੰਨਿਆ ਜਾਂਦਾ ਹੈ। ਫਲ ਦੇ ਵਾਧੇ ਅਤੇ ਵਿਕਾਸ ਦੌਰਾਨ ਗਰਮ ਦਿਨ (30 ਡਿਗਰੀ ਸੈਲਸੀਅਸ ਤੋਂ ਵੱਧ ਤਾਪਮਾਨ) ਅਤੇ ਠੰਢੀਆਂ ਰਾਤਾਂ ਨੂੰ ਹਦਵਾਣੇ ਦੇ ਫਲ ਦੀ ਮਿਠਾਸ ਲਈ ਵਧੀਆ ਮੰਨਿਆ ਜਾਂਦਾ ਹੈ।

# ਸੁਚੱਜੇ ਢੰਗ ਨਾਲ ਕਰੋ ਨਾਸ਼ਪਤੀ ਦੀ ਖੇਤੀ

ਨਾਸ਼ਪਤੀ ਦੀ ਖੇਤੀ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਘੱਟ ਠੰਢ ਵਾਲੀਆਂ ਕਿਸਮਾਂ ਦੀ ਖੇਤੀ ਉਪ-ਊਸ਼ਣ ਖੇਤਰਾਂ ਵਿਚ ਕੀਤੀ ਜਾ ਸਕਦੀ ਹੈ। ਇਸ ਦੀ ਖੇਤੀ ਕਈ ਤਰ੍ਹਾਂ ਦੀ ਮਿੱਟੀ ਜਿਵੇਂ ਕਿ ਰੇਤਲੀ ਦੋਮਟ ਤੋਂ ਚੀਕਣੀ ਦੋਮਟ ਵਿਚ ਕੀਤੀ ਜਾ ਸਕਦੀ ਹੈ। ਇਹ ਡੂੰਘੀ, ਵਧੀਆ ਨਿਕਾਸ ਵਾਲੀ ਅਤੇ ਉਪਜਾਊ ਮਿੱਟੀ, ਜੋ 2 ਮੀਟਰ ਡੂੰਘਾਈ ਤਕ ਸਖ਼ਤ ਨਾ ਹੋਵੇ, ਵਿਚ ਵਧੀਆ ਪੈਦਾਵਾਰ ਦਿੰਦੀ ਹੈ। ਇਸ ਦੀ ਬਿਜਾਈ ਜਨਵਰੀ ਮਹੀਨੇ ਵਿਚ ਪੂਰੀ ਹੋ ਜਾਂਦੀ ਹੈ। ਬਿਜਾਈ ਲਈ ਇਕ ਸਾਲ ਪੁਰਾਣੇ ਪੌਦਿਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਪੌਦਿਆਂ ਵਿਚ 8ਫ਼4 ਮੀਟਰ ਦਾ ਫ਼ਾਸਲਾ ਰੱਖੋ। ਬਿਜਾਈ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਸਾਫ਼ ਕਰੋ ਅਤੇ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਹਟਾ ਦਿਉ। ਫਿਰ ਜ਼ਮੀਨ ਨੂੰ ਚੰਗੀ ਤਰ੍ਹਾਂ ਸਮਤਲ ਕਰੋ ਅਤੇ ਪਾਣੀ ਦੇ ਨਿਕਾਸ ਲਈ ਹਲਕੀ ਢਲਾਣ ਦਿਉ। 1ਫ਼1ਫ਼1 ਮੀਟਰ ਆਕਾਰ ਦੇ ਟੋਏ ਪੁੱਟੋ ਅਤੇ ਬਿਜਾਈ ਤੋਂ ਇਕ ਮਹੀਨਾ ਪਹਿਲਾਂ ਨਵੰਬਰ ਵਿਚ ਉਪਰਲੀ ਮਿੱਟੀ ਅਤੇ ਰੂੜੀ ਦੀ ਖਾਦ ਨਾਲ ਭਰ ਕੇ ਛੱਡ ਦਿਉ। ਅੰਤ ਵਿਚ ਟੋਏ ਨੂੰ ਮਿੱਟੀ, 10-15 ਕਿਲੋ ਰੂੜੀ ਦੀ ਖਾਦ, 500 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ ਕਲੋਰਪਾਇਰੀਫੋਸ 50 ਮਿ.ਲੀ. ਪ੍ਰਤੀ 10 ਲੀਟਰ ਪਾਣੀ ਪ੍ਰਤੀ ਟੋਏ ਵਿਚ ਪਾਉ। ਬਿਜਾਈ ਲਈ ਵਰਗਾਕਾਰ ਜਾਂ ਆਇਤਾਕਾਰ ਵਿਧੀ ਅਪਣਾਉ। ਪਹਾੜੀ ਖੇਤਰਾਂ ਵਿਚ ਭੋਂ-ਖੋਰ ਨੂੰ ਰੋਕਣ ਵਾਲੀ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ।

ਨਾਸ਼ਪਤੀ ਦੇ ਨਵੇਂ ਪੌਦੇ ਤਿਆਰ ਕਰਨ ਲਈ ਕੈਂਥ ਰੁੱਖ ਦੀ ਵਰਤੋਂ ਕੀਤੀ ਜਾਂਦੀ ਹੈ। ਅੰਤ-ਸਤੰਬਰ ਤੋਂ ਅਕਤੂਬਰ ਦੇ ਪਹਿਲੇ ਹਫ਼ਤੇ ਤਕ ਕੈਂਥ ਰੁੱਖ ਦੇ ਪੱਕੇ ਹੋਏ ਬੀਜ ਇਕੱਠੇ ਕਰੋ। ਬੀਜਾਂ ਨੂੰ ਕੱਢ ਕੇ ਲੱਕੜੀ ਦੇ ਬਕਸਿਆਂ ਵਿਚ ਦਸੰਬਰ ’ਚ 30 ਦਿਨਾਂ ਲਈ ਰੱਖੋ, ਜਿਨ੍ਹਾਂ ਵਿਚ ਗਿੱਲੀ ਰੇਤ ਦੀ ਪਰਤ ਮੌਜੂਦ ਹੋਵੇ। ਜਨਵਰੀ ਮਹੀਨੇ ਵਿਚ ਬੀਜਾਂ ਨੂੰ ਨਰਸਰੀ ਵਿਚ ਬੀਜ ਦਿਉ। 10 ਦਿਨਾਂ ਤਕ ਬੀਜ ਪੁੰਗਰ ਜਾਂਦੇ ਹਨ। ਪਨੀਰੀ ਵਾਲੇ ਪੌਦੇ ਅਗਲੇ ਸਾਲ ਦੇ ਜਨਵਰੀ ਮਹੀਨੇ ਤਕ ਪਿਉਂਦ ਲਈ ਤਿਆਰ ਹੋ ਜਾਂਦੇ ਹਨ। ਬੀਜਾਂ ਨੂੰ ਲੱਕੜੀ ਦੇ ਬਕਸਿਆਂ ਵਿਚ ਨਮੀ ਵਾਲੀ ਰੇਤ ਦੀ ਪਰਤ ’ਤੇ ਪੁੰਗਰਣ ਲਈ ਰੱਖ ਦਿਉ।



ਇਹ 10-12 ਦਿਨਾਂ ਵਿਚ ਪੁੰਗਰ ਜਾਂਦੇ ਹਨ। ਫਿਰ ਪੌਦਿਆਂ ਨੂੰ 10 ਸੈ.ਮੀ. ਫ਼ਾਸਲੇ ’ਤੇ ਮੁੱਖ ਖੇਤ ਵਿਚ ਲਾਉ। ਹਰ ਚਾਰ ਲਾਈਨਾਂ ਤੋਂ ਬਾਅਦ 60 ਸੈ.ਮੀ. ਦਾ ਫ਼ਾਸਲਾ ਰੱਖੋ। ਨਵੇਂ ਪੌਦੇ ਦਸੰਬਰ-ਜਨਵਰੀ ਵਿਚ ਪਿਉਂਦ ਲਈ ਤਿਆਰ ਹੋ ਜਾਂਦੇ ਹਨ।

ਨਾਸ਼ਪਾਤੀ ਦੇ ਭਾਗਾਂ ਦੀ ਟੀ-ਬਡਿੰਗ ਜਾਂ ਟੰਗ ਗਰਾਫਟਿੰਗ ਕਰ ਕੇ ਕੈਂਥ

## ਹਦਵਾਣੇ ਦੀ ਖੇਤੀ

ਡੂੰਘੀ ਵਾਹੁਣ ਵੇਲੇ, ਮਿੱਟੀ ਵਿਚ 15-20 ਟਨ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਸੜੀ ਹੋਈ ਗੋਹੇ ਜਾਂ ਖਾਦ ਪਾਓ, ਤਾਂ ਜੋ ਖੇਤ ਸਾਫ਼, ਸਾਫ਼-ਸੁਥਰਾ ਅਤੇ ਗੰਧਲਾ ਹੋਵੇ। ਇਹ ਉਗਣ ਨੂੰ ਪ੍ਰਭਾਵਤ ਕਰ ਸਕਦਾ ਹੈ। ਹਦਵਾਣੇ ਦੀਆਂ ਸੁਧਰੀਆਂ ਕਿਸਮਾਂ ਲਈ ਬੀਜ ਦੀ ਦਰ 2.5-3 ਕਿਲੋ ਹੈ ਅਤੇ ਹਾਈਬ੍ਰਿਡ ਕਿਸਮਾਂ ਲਈ, 750-875 ਗ੍ਰਾਮ ਪ੍ਰਤੀ ਹੈਕਟੇਅਰ ਕਾਫ਼ੀ ਹੈ। ਬਿਜਾਈ ਤੋਂ ਪਹਿਲਾਂ, ਬੀਜਾਂ ਨੂੰ ਕਾਰਬੈਂਡਾਜ਼ਿਮ ਉਲੀਨਾਸ਼ਕ 1 ਗ੍ਰਾਮ ਪ੍ਰਤੀ ਲੀਟਰ ਪਾਣੀ ਦੇ ਘੋਲ ਵਿਚ ਲਗਭਗ ਤਿੰਨ ਘੰਟਿਆਂ ਲਈ ਡੁਬੋ ਕੇ ਇਲਾਜ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ, ਇਲਾਜ ਕੀਤੇ ਬੀਜਾਂ ਨੂੰ ਗਿੱਲੇ ਜੂਟ ਦੀਆਂ ਬੋਰੀਆਂ ਵਿਚ 12 ਘੰਟਿਆਂ ਲਈ ਛਾਂ ਵਿਚ ਰਖਿਆ ਜਾ ਸਕਦਾ ਹੈ ਅਤੇ ਫਿਰ ਖੇਤ ਵਿਚ ਬੀਜਿਆ ਜਾ ਸਕਦਾ ਹੈ।

ਜ਼ਮੀਨ ਦੀ ਤਿਆਰੀ ਤੋਂ ਬਾਅਦ 60 ਸੈ.ਮੀ. ਚੌੜਾਈ ਅਤੇ 15-20 ਸੈ.ਮੀ. ਉਠਾਏ ਹੋਏ ਬਿਸਤਰੇ ਤਿਆਰ ਕੀਤੇ ਜਾਂਦੇ ਹਨ। ਤੁਸੀਂ ਬੈੱਡਾਂ ਵਿਚਕਾਰ 6 ਫੁੱਟ ਦਾ ਫ਼ਾਸਲਾ ਰੱਖ ਸਕਦੇ ਹੋ। ਬੈੱਡਾਂ ਦੇ ਵਿਚਕਾਰਲੇ ਪਾਸੇ ਫੈਲਾਏ ਜਾਣੇ ਚਾਹੀਦੇ ਹਨ। ਬੈੱਡਾਂ ਨੂੰ 4 ਫੁੱਟ ਚੌੜਾਈ ਵਾਲੇ 25-30 ਮਾਈਕਰੋਨ ਮੋਟੇ ਮਲਚਿੰਗ ਪੇਪਰ ਨਾਲ ਕਸ ਕੇ ਫੈਲਾਉਣਾ ਚਾਹੀਦਾ ਹੈ। ਬਿਜਾਈ/ਲਾਉਣ ਤੋਂ ਘੱਟੋ-ਘੱਟ ਇਕ ਦਿਨ ਪਹਿਲਾਂ ਬਿਸਤਰੇ ਨੂੰ 30-45 ਸੈਂਟੀਮੀਟਰ ਮੋਟੇ ਮਲਚਿੰਗ ਪੇਪਰ ਨਾਲ ਢੱਕਿਆ ਜਾਣਾ ਚਾਹੀਦਾ ਹੈ। ਟ੍ਰਾਂਸਪਲਾਂਟ ਦਾ ਕੰਮ ਸਵੇਰੇ ਜਾਂ ਸ਼ਾਮ ਨੂੰ ਕਰਨਾ ਚਾਹੀਦਾ ਹੈ ਅਤੇ ਤੁਪਕਾ ਸਿੰਚਾਈ ਅੱਧੇ ਘੰਟੇ ਲਈ ਜਾਰੀ ਰੱਖੀ ਜਾਣੀ ਚਾਹੀਦੀ ਹੈ। ਪਹਿਲੇ 6 ਦਿਨ ਮਿੱਟੀ ਦੀ ਕਿਸਮ ਜਾਂ ਜਲਵਾਯੂ (ਰੋਜ਼ 10 ਮਿੰਟ) ਅਨੁਸਾਰ ਸਿੰਚਾਈ ਕਰੋ ਅਤੇ ਬਾਕੀ ਬਚੀ ਸਿੰਚਾਈ ਦਾ ਪ੍ਰਬੰਧ ਫ਼ਸਲ ਦੇ ਵਾਧੇ ਅਤੇ ਵਿਕਾਸ ਦੇ ਅਨੁਸਾਰ ਕਰੋ। ਹਦਵਾਣੇ ਦੀ ਫ਼ਸਲ ਪਾਣੀ ਦੀ ਲੋੜ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀ ਹੈ। ਸ਼ੁਰੂਆਤੀ ਪੜਾਅ ਵਿਚ ਪਾਣੀ ਦੀ ਲੋੜ ਘੱਟ ਹੁੰਦੀ ਹੈ। ਪਾਣੀ ਦਾ ਪ੍ਰਬੰਧਨ ਮਿੱਟੀ ਦੀ ਕਿਸਮ ਅਤੇ ਫ਼ਸਲ ਦੇ ਵਾਧੇ 'ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ 5-6 ਦਿਨਾਂ ਦੇ ਅੰਤਰਾਲ 'ਤੇ ਪਾਣੀ ਦੇਣਾ ਚਾਹੀਦਾ ਹੈ। -0-



### ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

## ਨਾਸ਼ਪਤੀ ਦੀ ਖੇਤੀ

ਰੁੱਖ ਦੇ ਹੇਠਲੇ ਭਾਗਾਂ ਨਾਲ ਜੋੜ ਦਿਤਾ ਜਾਂਦਾ ਹੈ। ਗਰਾਫਟਿੰਗ ਦਸੰਬਰ-ਜਨਵਰੀ ਮਹੀਨੇ ਵਿਚ ਕੀਤੀ ਜਾਂਦੀ ਹੈ ਅਤੇ ਟੀ-ਬਡਿੰਗ ਮਈ-ਜੂਨ ਮਹੀਨੇ ਕੀਤੀ ਜਾਂਦੀ ਹੈ। ਫ਼ਸਲਾਂ- ਫਲ ਨਾ ਲੱਗਣ ਵਾਲੇ ਸਮੇਂ ਸਾਉਣੀ ਰੁੱਤ ਵਿਚ ਉੜਦ, ਮੂੰਗ, ਤੋਰੀਆ ਵਰਗੀਆਂ ਫ਼ਸਲਾਂ ਅਤੇ ਹਾੜੀ ਵਿਚ ਕਣਕ, ਮਟਰ, ਚਨੇ ਆਦਿ ਫ਼ਸਲਾਂ ਅੰਤਰ-ਫ਼ਸਲੀ ਦੇ ਤੌਰ ਤੇ ਅਪਣਾਈਆਂ ਜਾ ਸਕਦੀਆਂ ਹਨ। ਪੌਦੇ ਦੀਆਂ ਸ਼ਾਖਾ ਦੇ ਮਜ਼ਬੂਤ ਢਾਂਚੇ ਨੂੰ ਵਧੇਰੇ ਝਾੜ ਅਤੇ ਵਧੀਆ ਕੁਆਲਿਟੀ ਦੇ ਫਲ ਦੇਣ ਵਾਲਾ ਬਣਾਉਣ ਲਈ ਕਟਾਈ ਕੀਤੀ ਜਾਂਦੀ ਹੈ। ਪੌਦਿਆਂ ਦੇ ਨਾ ਵਧਣ ਵਾਲੇ ਦਿਨਾਂ ਵਿਚ ਪੌਦੇ ਦੀਆਂ ਸ਼ਾਖਾ ਨੂੰ ਜ਼ਿਆਦਾ ਫੈਲਣ ਤੋਂ ਰੋਕਣ ਲਈ ਬਿਮਾਰੀ-ਗ੍ਰਸਤ, ਨਸ਼ਟ ਹੋ ਚੁੱਕੀਆਂ, ਟੁੱਟੀਆਂ ਅਤੇ ਕਮਜ਼ੋਰ ਸ਼ਾਖਾਂ ਦੇ 1/4 ਹਿੱਸੇ ਨੂੰ ਹਟਾ ਦਿਉ।

ਜਦੋਂ ਫ਼ਸਲ 1-3 ਸਾਲ ਦੀ ਹੋਵੇ, ਤਾਂ 10-20 ਕਿਲੋ ਰੂੜੀ ਦੀ ਖਾਦ, 100-300 ਗ੍ਰਾਮ ਯੂਰੀਆ, 200-600 ਗ੍ਰਾਮ ਸਿੰਗਲ ਸੁਪਰ ਫਾਸਫੇਟ, 150-450 ਗ੍ਰਾਮ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਰੁੱਖ ਪਾਉ। 4-6 ਸਾਲ ਦੀ ਫਸਲ ਲਈ 25-35 ਕਿਲੋ ਰੂੜੀ ਦੀ ਖਾਦ, 400-600 ਗ੍ਰਾਮ ਯੂਰੀਆ, 800-1200 ਗ੍ਰਾਮ ਸਿੰਗਲ ਸੁਪਰ ਫਾਸਫੇਟ, 600-900 ਗ੍ਰਾਮ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਰੁੱਖ ਪਾਉ। 7-9 ਸਾਲ ਦੀ ਫ਼ਸਲ ਲਈ 40-60 ਕਿਲੋ ਰੂੜੀ ਦੀ ਖਾਦ, 700-900 ਗ੍ਰਾਮ ਯੂਰੀਆ, 1400-1800 ਗ੍ਰਾਮ ਸਿੰਗਲ ਸੁਪਰ ਫਾਸਫੇਟ, 1050-1350 ਗ੍ਰਾਮ ਮਿਊਰੇਟ ਆਫ ਪੋਟਾਸ਼ ਪ੍ਰਤੀ ਰੁੱਖ ਪਾਉ।

ਵਾਹੀ ਤੋਂ ਬਾਅਦ ਨਦੀਨਾਂ ਦੇ ਪੁੰਗਰਾਅ ਤੋਂ ਪਹਿਲਾਂ ਡਿਊਰੋਨ 1.6 ਕਿਲੋ ਪ੍ਰਤੀ ਏਕੜ ਦੀ ਸਪਰੇਅ ਕਰੋ। ਪੁੰਗਰਾਅ ਤੋਂ ਬਾਅਦ, ਜਦੋਂ ਨਦੀਨ 15-20 ਸੈ.ਮੀ. ਕੱਦ ਦੇ ਹੋਣ, ਤਾਂ ਨਦੀਨਾਂ ਦੀ ਰੋਕਥਾਮ ਲਈ ਗਲਾਈਫੋਸੇਟ 1.2 ਲੀਟਰ ਜਾਂ ਪੈਰਾਕੁਏਟ 1.2 ਲੀਟਰ ਨੂੰ 200 ਲੀਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ 'ਤੇ ਸਪਰੇਅ ਕਰੋ। ਨਾਸ਼ਪਤੀ ਦੀ ਖੇਤੀ ਲਈ ਪੂਰੇ ਸਾਲ ਵਿਚ 75-100 ਸੈ.ਮੀ. ਖਿੱਲਰਵੀਂ ਮੀਂਹ ਦੀ ਲੋੜ ਹੁੰਦੀ ਹੈ। ਰੋਪਣ ਤੋਂ ਬਾਅਦ ਇਸ ਨੂੰ ਨਿਯਮਤ ਸਿੰਚਾਈ ਦੀ ਲੋੜ ਹੁੰਦੀ ਹੈ। ਗਰਮੀਆਂ ਵਿਚ 5-7 ਦਿਨਾਂ ਦੇ ਫ਼ਾਸਲੇ 'ਤੇ ਜਦਕਿ ਸਰਦੀਆਂ ਵਿਚ 15 ਦਿਨਾਂ ਦੇ ਫ਼ਾਸਲੇ 'ਤੇ ਸਿੰਚਾਈ ਕਰੋ। ਜਨਵਰੀ ਮਹੀਨੇ ਵਿਚ ਸਿੰਚਾਈ ਨਾ ਕਰੋ। ਫਲ ਦੇਣ ਵਾਲੇ ਪੌਦਿਆਂ ਨੂੰ ਗਰਮੀਆਂ ਵਿਚ ਖੁਲ੍ਹਾ ਪਾਣੀ ਦਿਉ, ਇਸ ਨਾਲ ਫਲ ਦੀ ਕੁਆਲਿਟੀ ਅਤੇ ਆਕਾਰ ਵਿਚ ਵਾਧਾ ਹੁੰਦਾ ਹੈ।

-0-

## ਕਿਸਾਨਾਂ ਨੂੰ ਮਾਲਾਮਾਲ ਕਰ ਦੇਵੇਗੀ ਖੀਰੇ ਦੀ ਖੇਤੀ, ਇਨ੍ਹਾਂ ਗੱਲਾਂ ਦਾ ਰੱਖੋ ਧਿਆਨ


ਗਰਮੀਆਂ ਦੇ ਮੌਸਮ ਵਿੱਚ ਤੇਜ਼ ਧੁੱਪ ਅਤੇ ਕੜਾਕੇ ਦੀ ਗਰਮੀ ਵਿੱਚ ਸਰੀਰ ਨੂੰ ਪਾਣੀ ਦੀ ਬਹੁਤ ਲੋੜ ਹੁੰਦੀ ਹੈ। ਅਜਿਹੇ 'ਚ ਗਰਮੀਆਂ ਦੇ ਮੌਸਮ 'ਚ ਰਸੀਲੇ ਫਲਾਂ ਅਤੇ ਸਬਜ਼ੀਆਂ ਦੀ ਮੰਗ ਕਾਫੀ ਵਧ ਜਾਂਦੀ ਹੈ। ਇਸ ਲੜੀ ਵਿਚ ਖੀਰਾ ਵੀ ਆਉਂਦਾ ਹੈ, ਇਸ ਵਿਚ 80 ਫੀਸਦੀ ਤੱਕ ਪਾਣੀ ਹੁੰਦਾ ਹੈ। ਖੀਰੇ ਦੀ ਸਾਰਾ ਸਾਲ ਮੰਗ ਹੁੰਦੀ ਹੈ। ਮੰਗ ਨੂੰ ਦੇਖਦੇ ਹੋਏ ਖੀਰੇ ਦੀ ਕਾਸ਼ਤ ਕਿਸਾਨਾਂ ਲਈ ਲਾਹੇਵੰਦ ਸੌਦਾ ਸਾਬਤ ਹੋ ਸਕਦੀ ਹੈ। ਆਓ ਜਾਣਦੇ ਹਾਂ ਖੀਰੇ ਦੀ ਖੇਤੀ ਕਿਵੇਂ ਕੀਤੀ ਜਾਂਦੀ ਹੈ।

ਮੈਦਾਨੀ ਖੇਤਰਾਂ ਵਿੱਚ ਖੀਰੇ ਦੀ ਬਿਜਾਈ ਦੋ ਵਾਰ ਕੀਤੀ ਜਾਂਦੀ ਹੈ। ਇਸ ਦੀ ਬਿਜਾਈ ਗਰਮੀਆਂ ਦੇ ਮੌਸਮ ਵਿੱਚ ਫਰਵਰੀ ਤੋਂ ਮਾਰਚ ਤੱਕ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਬਰਸਾਤ ਦੇ ਮੌਸਮ ਲਈ ਜੂਨ-ਜੁਲਾਈ ਵਿੱਚ ਕੀਤੀ ਜਾਂਦੀ ਹੈ। 32 ਤੋਂ 40 ਡਿਗਰੀ ਸੈਲਸੀਅਸ ਤੱਕ ਦਾ ਤਾਪਮਾਨ ਖੀਰੇ ਦੀ ਕਾਸ਼ਤ ਲਈ ਢੁਕਵਾਂ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਜ਼ਿਆਦਾ ਤਾਪਮਾਨ ਜਾਂ ਜ਼ਿਆਦਾ ਵਰਖਾ ਹੋਣ ਕਾਰਨ ਬਿਮਾਰੀਆਂ ਅਤੇ ਕੀੜਿਆਂ ਦਾ ਪ੍ਰਕੋਪ ਵਧ ਜਾਂਦਾ ਹੈ। ਇਸ ਦੇ ਲਈ ਨਿਕਾਸ ਵਾਲੀ ਦੋਮਟ ਅਤੇ ਰੇਤਲੀ ਦੋਮਟ ਜ਼ਮੀਨ ਵਧੀਆ ਮੰਨੀ ਜਾਂਦੀ ਹੈ।

**ਖੀਰੇ ਦੀ ਖੇਤੀ ਕਰਦੇ ਸਮੇਂ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ:** ਬਿਜਾਈ ਸਮੇਂ ਹਰੇਕ ਟੋਏ ਵਿੱਚ 3 ਤੋਂ 4 ਬੀਜ ਲਗਾਉਣੇ ਚਾਹੀਦੇ ਹਨ। ਜਦੋਂ ਬੀਜ ਉੱਗਦੇ ਹਨ ਅਤੇ ਬਾਹਰ ਆਉਂਦੇ ਹਨ ਤਾਂ ਦੋ ਨੂੰ ਛੱਡ ਕੇ ਬਾਕੀ ਪੁੱਟ ਦਿੱਤੇ ਜਾਣੇ ਚਾਹੀਦੇ ਹਨ। ਇਸ ਤੋਂ ਬਾਅਦ ਖੇਤਾਂ ਵਿੱਚ 60 ਕਿਲੋ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਵੀ ਧਿਆਨ ਵਿੱਚ ਰੱਖੋ ਕਿ ਇਸ ਦਾ ਪਹਿਲਾ ਛਿੜਕਾਅ ਬਿਜਾਈ ਦੇ ਸਮੇਂ, ਫਿਰ ਪੱਤੇ ਆਉਣ 'ਤੇ ਅਤੇ ਆਖਰੀ ਛਿੜਕਾਅ ਫੁੱਲ ਆਉਣ 'ਤੇ ਕੀਤਾ ਜਾਵੇ।

ਇਸ ਦੇ ਪੌਦਿਆਂ ਨੂੰ ਬਰਸਾਤ ਦੇ ਮੌਸਮ ਵਿੱਚ ਸਿੰਚਾਈ ਦੀ ਲੋੜ ਨਹੀਂ ਪੈਂਦੀ। ਖੁਸ਼ਕ ਮੌਸਮ ਵਿੱਚ ਇਸ ਨੂੰ 4 ਤੋਂ 5 ਦਿਨਾਂ ਦੇ ਅੰਤਰਾਲ 'ਤੇ ਸਿੰਚਾਈ ਕਰਨੀ ਚਾਹੀਦੀ ਹੈ। ਖੇਤ ਵਿੱਚ ਪਾਣੀ ਦੀ ਨਿਕਾਸੀ ਦਾ ਵੀ ਵਿਸ਼ੇਸ਼ ਪ੍ਰਬੰਧ ਕਰੋ। ਨਦੀਨਾਂ ਦੀ ਰੋਕਥਾਮ ਲਈ ਲੋੜ ਅਨੁਸਾਰ ਨਦੀਨਾਂ ਦੀ ਕਟਾਈ ਕਰਨੀ ਚਾਹੀਦੀ ਹੈ। -0

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਮਈ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੁਰਦੁਆਰਾ ਬਾਬਾ ਜੀਵਨ ਸਿੰਘ (ਸੁਰ ਸਿੰਘ) ਵਿਖੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਦਿੱਤੀ ਜਾ ਰਹੀ ਹੈ। ਪਿੰਡ ਸੁਰ ਸਿੰਘ ਵਿਖੇ 21 ਮਈ ਨੂੰ ਕਰਵਾਏ ਗਏ ਸੁੰਦਰ ਦਸਤਾਰ, ਦੁਮਾਲਾ ਅਤੇ ਹੱਥ ਲਿਖਤ ਮੁਕਾਬਲਿਆਂ ਵਿੱਚ ਕੇਂਦਰ ਮਾਲੂਵਾਲ ਦੇ ਬੱਚਿਆਂ ਨੇ ਹਾਜ਼ਰੀ ਭਰੀ। ਇਹ ਧਾਰਮਿਕ ਮੁਕਾਬਲੇ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵਲੋਂ ਪਿੰਡ ਸੁਰ ਸਿੰਘ ਦੇ ਗੁਰਦੁਆਰਾ ਭਾਈ ਝਾੜੂ ਜੀ ਵਿਖੇ ਕਰਵਾਏ ਗਏ।

**2. ਪਰਿੰਗੜੀ (ਤਰਨਤਾਰਨ)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਜੀ ਵਲੋਂ ਸੋਮਵਾਰ, ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਪਿੰਡ ਪਰਿੰਗੜੀ ਵਿਖੇ ਸ਼ਾਮ ਨੂੰ ਕਲਾਸ ਲਗਾਈ ਜਾਂਦੀ ਹੈ। ਪਿੰਡ ਸੁਹਾਵਾ ਵਿਖੇ ਮੰਗਲਵਾਰ ਅਤੇ ਬੁੱਧਵਾਰ ਨੂੰ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ੁੱਕਰਵਾਰ ਨੂੰ ਸ.ਸ.ਸ.ਸ. ਹੀਰਾ ਸਿੰਘ ਸਕੂਲ ਨੰਦਪੁਰ ਵਿਖੇ ਕਲਾਸ ਲਗਾਈ ਜਾਂਦੀ ਹੈ ਅਤੇ ਐਤਵਾਰ ਨੂੰ ਪਿੰਡ ਰੂੜੇ ਆਸਲ ਵਿਖੇ ਕਲਾਸ ਲਗਾਈ ਜਾਂਦੀ ਹੈ। ਕੇਂਦਰ ਪਰਿੰਗੜੀ ਦੇ ਪਿੰਡ ਨੌਸ਼ਹਿਰਾ ਪੰਨੂਆਂ ਵਿਖੇ 26 ਮਈ ਨੂੰ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ ਅਤੇ 36 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**ਮਾਲਵਾ:-**

**3. ਘਨੌਲੀ (86998-99996)-** ਕੇਂਦਰ ਦੇ ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 17 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਧਰਮ ਪ੍ਰਚਾਰ ਟਰੱਸਟ ਵਲੋਂ ਸਿੱਖੀ ਦੇ ਪ੍ਰਚਾਰ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

**4. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 2 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 3 ਮਈ ਨੂੰ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਜੱਸਾ ਸਿੰਘ ਰਾਮਗੜੀਆ ਜੀ ਦੇ ਜਨਮ ਦਿਨ ਦੇ ਸੰਬੰਧ ਵਿੱਚ ਲਾਇਬ੍ਰੇਰੀ ਪਿੰਡ ਕਾਲਖ ਵਿਖੇ ਸਮਾਗਮ ਕਰਵਾਇਆ ਗਿਆ, ਸਾਰੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਮਾਨ ਦਿੱਤਾ ਗਿਆ। ਵੱਖ-ਵੱਖ ਸਕੂਲਾਂ 'ਚ ਵਿਦਿਆਰਥੀਆਂ ਨਾਲ ਇਤਿਹਾਸ ਬਾਰੇ ਲੈਕਚਰ ਦੁਆਰਾ ਸਾਂਝ ਪਾਈ ਗਈ। ਗੁਰੂ ਨਾਨਕ ਪਬਲਿਕ ਸ.ਸ.ਸਕੂਲ ਬੱਸੀਆਂ ਵਿਖੇ ਇਤਿਹਾਸ ਦਾ ਪੇਪਰ ਲਿਆ ਗਿਆ, ਜਿਸ ਵਿਚੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤੇ ਗਏ। ਕੇਂਦਰ ਲਤਾਲਾ ਦੇ ਬੱਚਿਆਂ ਦੇ ਮਾਪਿਆਂ ਦੀ ਮੀਟਿੰਗ ਕੀਤੀ ਗਈ। 5 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।



**5. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। 30 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**6. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਕਥਾ-ਵਿਚਾਰ ਕੀਤੀ ਗਈ। 8 ਸਕੂਲਾਂ ਵਿੱਚ ਮਹੀਨੇ ਦੀਆਂ 2-2 ਕਲਾਸਾਂ ਲਗਾਈਆਂ ਜਾਂਦੀਆਂ ਹਨ। 25 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਕੁੱਬਾ (98151-07941)-** ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਅਤੇ ਗੁਰ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਕੇਂਦਰ ਵਲੋਂ ਵੱਖ-ਵੱਖ ਪਿੰਡਾਂ ਵਿੱਚ ਅਤੇ ਸਕੂਲਾਂ ਵਿੱਚ 2 ਮਈ ਤੋਂ 6 ਮਈ ਤੱਕ ਗੁਰਮਤਿ ਕੈਂਪ ਲਗਾਏ ਗਏ, ਜਿਸ ਵਿੱਚ ਭਾਈ ਨਛੱਤਰ ਸਿੰਘ ਜੀ ਨੇ ਆਪਣੀ ਟੀਮ ਸਮੇਤ ਪਹੁੰਚ ਕੇ ਬੱਚਿਆਂ ਅਤੇ ਸੰਗਤ ਨੂੰ ਗੁਰਬਾਣੀ ਸੰਥਿਆ, ਗੁਰ ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਤੋਂ ਜਾਣੂ ਕਰਵਾਇਆ ਹੈ। ਕੈਂਪ ਦੀ ਸਮਾਪਤੀ ਮੌਕੇ ਬੱਚਿਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ। ਬੱਚਿਆਂ ਅਤੇ ਸੰਗਤ ਨੂੰ ਧਾਰਮਿਕ ਲਿਟਰੇਚਰ ਵੀ ਵੰਡਿਆ ਗਿਆ। ਪਿੰਡ ਕੁੱਬੇ ਇਨਾਮਾਂ ਦੀ ਸੇਵਾ ਵਿੱਚ ਬੀਬੀ ਹਰਜਿੰਦਰ ਕੌਰ ਜੀ ਨੇ ਸਹਿਯਗ ਦਿੱਤਾ। ਪਿੰਡ ਲੱਲ ਕਲਾਂ ਇਨਾਮਾਂ ਦੀ ਸੇਵਾ ਵਿੱਚ ਸ: ਸ਼ਿੰਗਾਰਾ ਸਿੰਘ ਨੇ ਸਹਿਯੋਗ ਦਿੱਤਾ। ਪ੍ਰਚਾਰਕ ਵੀਰਾਂ ਵਲੋਂ ਸਵੇਰੇ ਸ਼ਾਮ ਨੇੜਲੇ ਪਿੰਡਾਂ ਵਿੱਚ ਕਥਾ ਦੀ ਸੇਵਾ ਨਿਭਾਈ ਗਈ। ਭਾਈ ਪਰਮਵੀਰ ਸਿੰਘ ਪੋਵਾਤ ਜੀ ਨੇ ਇਨ੍ਹਾਂ ਕੈਂਪਾਂ 'ਚ ਬਹੁਤ ਸਹਿਯੋਗ ਦਿੱਤਾ। 6 ਬੱਚੇ ਸਹਿਜ ਪਾਠ ਕਰ ਰਹੇ ਹਨ, 8 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**8. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਵਲੋਂ 16 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਬਾਣੀ ਸੰਥਿਆ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਹਰ ਐਤਵਾਰ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਕਥਾ ਕੀਤੀ ਜਾਂਦੀ ਹੈ। ਪਿੰਡ ਥਲਾ ਵਿਖੇ ਇੱਕ ਸਹਿਜ ਪਾਠ ਆਰੰਭ ਕੀਤਾ ਗਿਆ। ਰੂਪ ਲਾਲ ਮੈਮੋਰੀਅਲ ਸਕੂਲ ਅੱਪਰਾ ਵਿੱਚ ਨੈਤਿਕ ਸਿਖਿਆ ਦਾ ਕੈਂਪ ਲਗਾਇਆ ਗਿਆ। 5 ਪਿੰਡਾਂ ਦੇ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਿਖਲਾਈ ਕੈਂਪ ਲਗਾਏ ਗਏ, ਜਿਸ ਵਿੱਚ 180 ਦੇ ਕਰੀਬ ਬੱਚਿਆਂ ਨੇ ਭਾਗ ਲਿਆ, ਜਿਸ ਦੀ ਸਮਾਪਤੀ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਕੀਤੀ ਗਈ। ਕੈਂਪ ਦੀ ਸਮਾਪਤੀ ਮੌਕੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਕੈਪਟਨ ਅਵਤਾਰ ਸਿੰਘ ਪਹੁੰਚੇ ਅਤੇ ਸੰਚਾਲਕ ਬੀਬੀ ਪਰਮਜੀਤ ਕੌਰ ਵੀ ਪਹੁੰਚੇ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ, ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ

ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। ਕੇਂਦਰ ਦੇ ਦੋ ਗੁਰਦੁਆਰਿਆਂ ਵਿੱਚ ਗੁਰਮਤਿ ਕਲਾਸ, ਕੀਰਤਨ ਕਲਾਸ ਅਤੇ ਗਤਕੇ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਸਿੰਘ ਸਭਾ ਵਿਖੇ ਵੀਰਵਾਰ ਨੂੰ ਬੀਬੀਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਸਲੋਕ ਸਹਸਕ੍ਰਿਤੀ ਦੀ ਸੰਥਿਆ 'ਤੇ ਵਿਚਾਰ ਕੀਤੀ ਜਾਂਦੀ ਹੈ। 60 ਬੱਚੇ ਸਹਿਜ ਪਾਠ ਕਰ ਰਹੇ ਹਨ।

**10. ਚੱਕ ਸਿੰਘਾ (98553-99892)–** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਨਿਤਨੇਮ ਅਤੇ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। 11 ਮਈ ਤੋਂ 16 ਮਈ ਤੱਕ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। 18 ਮਈ ਤੋਂ 23 ਮਈ ਤੱਕ ਬਾਬਾ ਹਰਨਾਮ ਸਿੰਘ ਸਕੂਲ ਕਾਲੇਵਾਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। ਸੰਗਤ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ–**

**11. ਸਿੰਬਲ ਕੈਂਪ (ਜੰਮੂ) (90865-31984)–** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 11 ਵਜੇ ਤੱਕ ਪਿੰਡ ਫਿੰਦੜ ਆਰ. ਐਸ. ਪੁਰਾ ਵਿਖੇ, 11.30 ਵਜੇ ਤੋਂ 1.30 ਵਜੇ ਮਮਕਾ ਆਰ. ਐਸ. ਪੁਰਾ ਵਿਖੇ, 4.30 ਵਜੇ ਤੋਂ 5.45 ਵਜੇ ਤੱਕ ਸਿੰਘ ਪੁਰਾ ਮੁਰਾਲੀਆਂ ਵਿਖੇ ਅਤੇ 5.45 ਵਜੇ ਤੋਂ 6.30 ਵਜੇ ਤੱਕ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**12. ਇੰਫਾਲ (ਮਨੀਪੁਰ)–** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**13. ਗਾਂਧੀਧਾਮ (ਗੁਜਰਾਤ) (98057-08111)–** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**14. ਜਮਸ਼ੇਦਪੁਰ (ਟਾਟਾ ਨਗਰ)–** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**15. ਜਰਮਨ (00491631892161)–** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**16. ਦੁਰਗ (ਛੱਤੀਸਗੜ੍ਹ) (98821-42424)–** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ 1 ਮਈ ਤੋਂ 31 ਮਈ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਨੰਦਗਾਓ ਛੱਤੀਸਗੜ੍ਹ 'ਚ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਗਈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

-0-

# ਪੈਦਲ ਚੱਲੋ ਅਤੇ ਤੰਦਰੁਸਤ ਰਹੋ



ਪੈਦਲ ਚੱਲਣਾ ਇਕ ਚੰਗੀ ਕਸਰਤ ਹੈ, ਜਿਸ ਨਾਲ ਸਰੀਰ ਚੁਸਤ ਅਤੇ ਤੰਦਰੁਸਤ ਰਹਿੰਦਾ ਹੈ। ਹਾਲ ਹੀ ਵਿਚ ਇਕ ਐਰੋਬਿਕਸ ਖੋਜ ਦੇ ਅਨੁਸਾਰ ਜੇਕਰ ਤੁਹਾਡਾ ਸਰੀਰ ਚੁਸਤ ਨਹੀਂ ਹੈ ਤਾਂ ਉਹ ਵੀ ਤੁਹਾਡੇ ਲਈ ਓਨਾ ਹੀ ਖ਼ਤਰਨਾਕ ਹੋ ਸਕਦਾ ਹੈ, ਜਿੰਨਾ ਕਿ ਸਿਗਰਟਨੋਸ਼ੀ ਜਾਂ ਵਧੇਰੇ ਕੋਲੈਸਟਰੋਲ। ਇਸ ਖੋਜ ਦੇ ਅਨੁਸਾਰ ਜੇਕਰ ਤੁਸੀਂ ਸਰੀਰਕ ਮਿਹਨਤ ਕਰਦੇ ਹੋ ਤਾਂ ਤੁਹਾਨੂੰ ਦਿਲ ਦੀਆਂ ਬਿਮਾਰੀਆਂ, ਕੈਂਸਰ ਅਤੇ ਹੋਰ ਕਈ ਬਿਮਾਰੀਆਂ ਦੇ ਹੋਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਜੇਕਰ ਤੁਸੀਂ ਨਿਯਮਿਤ ਇਕ ਘੰਟਾ ਸਵੇਰੇ ਜਾਂ ਰਾਤ ਨੂੰ ਸੈਰ ਕਰਦੇ ਹੋ ਤਾਂ ਤੁਹਾਨੂੰ ਹੇਠ ਲਿਖੇ ਫਾਇਦੇ ਹੋ ਸਕਦੇ ਹਨ:

- ਮਾਸਪੇਸ਼ੀਆਂ ਅਤੇ ਜੋੜਾਂ ਵਿਚ ਅਕੜਾਹਟ ਵਿਚ ਢਿੱਲਾਪਨ ਆਉਂਦਾ ਹੈ, ਜੇਕਰ ਤੁਸੀਂ ਨਿਯਮਿਤ ਸਰੀਰਕ ਮਿਹਨਤ ਨਹੀਂ ਕਰਦੇ। ਮਾਸਪੇਸ਼ੀਆਂ ਵਿਚ ਮਜ਼ਬੂਤੀ ਲਿਆਉਣ ਲਈ ਪੈਦਲ ਚੱਲਣਾ ਸਭ ਤੋਂ ਚੰਗੀ ਕਸਰਤ ਹੈ।
- ਪੈਦਲ ਚੱਲਣ ਨਾਲ ਤੁਹਾਡੇ ਸਰੀਰ ਵਿਚ ਲਚਕੀਲਾਪਣ ਬਣਿਆ ਰਹਿੰਦਾ ਹੈ। ਉਮਰ ਵਧਣ ਦੇ ਨਾਲ-ਨਾਲ ਜੇਕਰ ਤੁਸੀਂ ਆਪਣੀਆਂ ਮਾਸਪੇਸ਼ੀਆਂ ਵਿਚ ਮਜ਼ਬੂਤੀ ਅਤੇ ਲਚਕੀਲਾਪਣ ਚਾਹੁੰਦੇ ਹੋ ਤਾਂ ਤੁਸੀਂ ਵੱਧ ਤੋਂ ਵੱਧ ਪੈਦਲ ਚੱਲੋ। ਇਸ ਨਾਲ ਤੁਹਾਡਾ ਸਰੀਰ ਤੰਦਰੁਸਤ ਬਣਿਆ ਰਹਿੰਦਾ ਹੈ ਅਤੇ ਜੋੜਾਂ ਦਾ ਦਰਦ ਆਦਿ ਸਮੱਸਿਆਵਾਂ ਦਾ ਸਾਹਮਣਾ ਵੀ ਘੱਟ ਕਰਨਾ ਪੈਂਦਾ ਹੈ।
- ਪੈਦਲ ਚੱਲਣ ਨਾਲ ਤੁਹਾਡਾ ਦਿਲ ਵੀ ਸੁਚਾਰੂ ਰੂਪ ਨਾਲ ਕੰਮ ਕਰਦਾ ਹੈ। ਤੁਹਾਡੀਆਂ ਹੱਡੀਆਂ ਦੀ ਸਮਰੱਥਾ ਵੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਕਸਰਤ ਕਰਦੇ ਹੋ। ਜੇਕਰ ਤੁਸੀਂ ਨਿਯਮਿਤ ਪੈਦਲ ਚਲਦੇ ਹੋ ਤਾਂ ਹੱਡੀਆਂ ਦੇ ਟੁੱਟਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ।

ਉਮਰ ਵਧਣ ਦੇ ਨਾਲ-ਨਾਲ ਜੇਕਰ ਸਰੀਰ ਵਿਚ ਹੋਣ ਵਾਲੀਆਂ ਕਿਰਿਆਵਾਂ ਦੀ ਦਰ ਵਿਚ ਕਮੀ ਹੋ ਜਾਂਦੀ ਹੈ ਅਤੇ ਸਰੀਰਕ ਕਸਰਤ ਵੀ ਘੱਟ ਹੁੰਦੀ ਹੈ, ਇਸ ਲਈ ਵਾਧੂ ਕੈਲੋਰੀ ਖਰਚ ਨਹੀਂ ਹੁੰਦੀ ਅਤੇ ਮੋਟਾਪਾ, ਬਲੱਡ ਪ੍ਰੈਸ਼ਰ ਆਦਿ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਲਈ ਕਸਰਤ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਅਤੇ ਪੈਦਲ ਚੱਲਣ ਤੋਂ ਕੋਈ ਚੰਗੀ ਕਸਰਤ ਨਹੀਂ ਹੋ ਸਕਦੀ।

-0-

# ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬ ਦੇ ਵੱਖ ਵੱਖ ਸਕੂਲਾਂ/ਗੁਰਦੁਆਰਿਆਂ ਵਿਖੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਡੀ ਗਿਣਤੀ ਵਿਚ ਗੁਰਮਤਿ ਕੈਂਪ ਲਗਾਏ ਗਏ



ਗੁਰਦੁਆਰਾ ਸਾਹਿਬ ਭਾਈ ਜਗਤਾ ਜੀ (ਬਠਿੰਡਾ) ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। ਉਪਰੰਤ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਵੰਡੇ ਗਏ।



ਕੇਂਦਰ ਰਤਨਗੜ੍ਹ ਸਿੰਧੜਾਂ ਵਲੋਂ ਪਿੰਡ ਗੋਬਿੰਦਗੜ੍ਹ ਜੇਜੀਆਂ ਵਿਖੇ 9 ਤੋਂ 16 ਜੂਨ ਤਕ ਗੁਰਮਤਿ ਕੈਂਪ ਲਗਾਇਆ ਗਿਆ। ਵੱਡੀ ਗਿਣਤੀ ਵਿਚ ਬੱਚਿਆਂ ਨੇ ਹਾਜ਼ਰੀ ਭਰੀ।



ਕੇਂਦਰ ਲਤਾਲਾ ਦੇ ਪਿੰਡ ਬੜੂੰਦੀ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਮੌਕੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ।



ਪਿੰਡ ਉਮਰਟੀ ਜ਼ਿਲ੍ਹਾ ਬੜਵਾਨੀ (ਮੱਧ ਪ੍ਰਦੇਸ਼) ਵਿਚ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਲਾਇਆ ਗਿਆ।



ਕੇਂਦਰ ਭਾਗੀਕੇ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਕੁੱਬਾ ਦੇ ਪਿੰਡ ਊਰਨਾ ਵਿਖੇ ਲੱਗਾ ਗੁਰਮਤਿ ਕੈਂਪ



ਕੇਂਦਰ ਵਜੀਦ ਕੇ ਖੁਰਦ ਵਿਖੇ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਪਰਿੰਗੜੀ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਪਿੰਡ ਜੰਗਪੁਰਾ (ਮੁਹਾਲੀ) ਵਿਖੇ ਗੁਰਮਤਿ ਕੈਂਪ ਦੀ ਆਰੰਭਤਾ



ਪਿੰਡ ਜੋਣੇਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

## ਗਰਮੀਆਂ ਦੀਆਂ ਛੁੱਟੀਆਂ ਦੌਰਾਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ 18 ਤੋਂ 23 ਜੂਨ ਤਕ 5 ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ ਜਿਸ ਵਿਚ 250 ਦੇ ਕਰੀਬ ਬੱਚਿਆਂ, ਨੌਜਵਾਨਾਂ ਤੇ ਮਾਪਿਆਂ ਨੇ ਭਾਗ ਲਿਆ।





